ISSN-0971-8354

# ਯੋਜਨਾ

ਮਈ 2015 ਇਕ ਵਿਕਾਸ ਮਾਸਿਕ ₹10


## ਸੈਰ-ਸਪਾਟਾ : ਉੱਭਰਦਾ ਉਦਯੋਗ

ਭਾਰਤ ਵਿਚ ਸਿੱਖਿਅਕ ਸੈਰ-ਸਪਾਟਾ : ਭੂਤਕਾਲ, ਵਰਤਮਾਨ ਤੇ ਭਵਿੱਖ
ਅਰਚਨਾ ਕੁਮਾਰੀ ਤੇ ਦਿਵਿਆਂਸ਼ੂ ਕੁਮਾਰ

ਸੈਰ-ਸਪਾਟਾ ਸੱਨਅਤ : ਕਾਰਜ ਵਾਸਤੇ ਜ਼ੋਰ ਦੇਣ ਵਾਲੇ ਖੇਤਰ
ਜੀ. ਅੰਜਨੀਆ ਸਵਾਮੀ

ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਤੇ ਭੀਤਰਕਨਿਕਾ ਜੰਗਲੀ ਜੀਵ ਰੱਖ
ਮਧੂਮਿਤਾ ਦਾਸ ਤੇ ਬਾਨੀ ਚੈਟਰਜੀ

ਈ-ਟੂਰਿਸਟ ਵੀਜ਼ਾ : ਸੈਰ-ਸਪਾਟੇ ਲਈ ਯਾਤਰਾ ਹੋਈ ਆਸਾਨ
ਨਾਨੂ ਭਸੀਨ ਅਤੇ ਨਵਨੀਤ ਕੌਰ



ਸੰਪਾਦਕੀ

# ਵੱਖ-ਵੱਖ ਥਾਵਾਂ 'ਤੇ ਜਾਣਾ

ਦੁਨੀਆਂ ਇਕ ਕਿਤਾਬ ਹੈ ਅਤੇ ਜਿਹੜੇ ਯਾਤਰਾ ਨਹੀਂ ਕਰਦੇ, ਉਹ ਕਿਤਾਬ ਦਾ ਸਿਰਫ਼ ਇਕ ਪੰਨਾ ਹੀ ਪੜ੍ਹਦੇ ਹਨ। ਸੇਂਟ ਅਗਸਟੀਨ ਦਾ ਇਹ ਕਥਨ ਸਹੀ ਅਰਥਾਂ ਵਿਚ ਯਾਤਰਾ ਦੀ ਭਾਵਨਾ ਦੀ ਤਰਜਮਾਨੀ ਕਰਦਾ ਹੈ ਅਤੇ ਗੂੰਦਵੇਂ ਭਾਰਤ ਦੀ ਵੀ। ਉਹ ਦੁਨੀਆਂ ਭਰ ਦੇ ਯਾਤਰੀਆਂ ਨੂੰ ਭਾਰਤ ਨੂੰ ਆਪਣੀ ਯਾਤਰਾ ਦੀ ਮੰਜ਼ਿਲ ਚੁਣਨ ਲਈ ਅਨੇਕ ਕਾਰਨ ਪ੍ਰਦਾਨ ਕਰਦਾ ਹੈ। ਕੁਦਰਤੀ ਸੁੰਦਰਤਾ, ਇਤਿਹਾਸਕ, ਸਮਾਜਿਕ, ਵਿਰਾਸਤ, ਚਮਕੀਲੇ ਰੰਗਾਂ ਦਾ ਵਿਸ਼ਾਲ ਭੰਡਾਰ, ਸੱਭਿਆਚਾਰ, ਖਾਣਾ, ਧਾਰਮਿਕ ਯਾਤਰਾ – ਇਨ੍ਹਾਂ ਸਾਰਿਆਂ ਵਿਚ ਸੈਰ-ਸਪਾਟੇ ਦੀਆਂ ਅਥਾਹ ਸੰਭਾਵਨਾਵਾਂ ਹਨ। ਹਾਲ ਹੀ ਵਿਚ, ਸਿੱਖਿਆ ਅਤੇ ਡਾਕਟਰੀ ਸੈਰ-ਸਪਾਟਾ ਉਦਯੋਗ ਨੂੰ ਨਵੇਂ ਆਯਾਮ ਪ੍ਰਦਾਨ ਕੀਤੇ ਹਨ। ਨਾ ਸਿਰਫ਼ ਅੰਤਰਰਾਸ਼ਟਰੀ, ਸਗੋਂ ਘਰੇਲੂ ਸੈਰ-ਸਪਾਟਾ ਵੀ ਛੜੱਪੇ ਮਾਰ ਕੇ ਵਧਿਆ-ਫੁਲਿਆ ਹੈ। ਤਾਜ਼ਾ ਉਪਲਬਧ ਅੰਕੜਿਆਂ ਮੁਤਾਬਕ, ਸੈਰ-ਸਪਾਟਾ ਉਦਯੋਗ ਨੇ ਪਿਛਲੇ ਦਹਾਕੇ ਵਿਚ ਕੁੱਲ ਘਰੇਲੂ ਉਤਪਾਦ ਵਿਚ 6.6 ਪ੍ਰਤਿਸ਼ਤ ਯੋਗਦਾਨ ਪਾ ਕੇ ਅਸਾਧਾਰਨ ਵਿਕਾਸ ਕਰ ਕੇ ਦਿਖਾਇਆ ਹੈ।

ਦੁਨੀਆਂ ਭਰ ਵਿਚ ਸੈਰ-ਸਪਾਟਾ ਅਹਿਮ ਰੁਜ਼ਗਾਰ ਦੇਣ ਵਾਲਾ, ਵਿਦੇਸ਼ੀ ਸਿੱਕੇ ਦਾ ਸਰੋਤ ਅਤੇ ਆਰਥਿਕ ਵਿਕਾਸ ਦੇ ਕਾਰਕ ਦੇ ਤੌਰ ਤੇ ਕੰਮ ਕਰ ਰਿਹਾ ਹੈ। ਵਿਲੱਖਣ ਸੱਭਿਆਚਾਰ, ਕੁਦਰਤ, ਵਿਰਾਸਤ, ਰੌਚਕ ਬਾਜ਼ਾਰ, ਰਵਾਇਤੀ ਪ੍ਰਾਹੁਣਚਾਰੀ ਨਾਲ ਮਾਲਾਮਾਲ ਭਾਰਤ ਵਿਚ ਸੈਰ-ਸਪਾਟੇ ਦੇ ਉਤਪਾਦ ਬੇਅੰਤ ਹਨ। ਲੋੜ ਹੈ ਇਨ੍ਹਾਂ ਨੂੰ ਆਕਰਸ਼ਕ ਤਰੀਕੇ ਨਾਲ ਖਪਤਕਾਰ ਨੂੰ ਪੇਸ਼ ਕੀਤਾ ਜਾਵੇ। ਕਿਸੇ ਵੀ ਦੇਸ਼ ਅੰਦਰ ਸੈਰ-ਸਪਾਟਾ ਉਦਯੋਗ ਸਹੂਲਤਾਂ ਦੀ ਮੁਕਾਬਲੇਬਾਜ਼ੀ, ਜਿਵੇਂ ਬੁਨਿਆਦੀ ਢਾਂਚਾ, ਰਿਹਾਇਸ਼, ਆਵਾਜਾਈ ਅਤੇ ਮਨਪ੍ਰਚਾਵੇ ਦੇ ਸਿਰ 'ਤੇ ਵਧਦਾ-ਫੁਲਦਾ ਹੈ ਅਤੇ ਇਥੇ ਹੀ ਵੱਖ-ਵੱਖ ਧਿਰਾਂ ਦੀ ਭੂਮਿਕਾ ਸਾਹਮਣੇ ਆਉਂਦੀ ਹੈ ਜਿਸ 'ਚ ਕੇਂਦਰ ਅਤੇ ਰਾਜ ਸਰਕਾਰਾਂ, ਉੱਦਮੀ ਅਤੇ ਸਮਾਜ ਸ਼ਾਮਿਲ ਹਨ।

ਸਰਕਾਰੀ ਨੀਤੀਆਂ ਇਸ ਖੇਤਰ ਨੂੰ ਉਤਸਾਹਿਤ ਕਰਨ ਅਤੇ ਸੁਲਭ ਕਰਨ ਲਈ ਖ਼ਾਕਾ ਪ੍ਰਦਾਨ ਕਰਦੀਆਂ ਹਨ। ਉਹ ਦਿਸ਼ਾ-ਨਿਰਦੇਸ਼ਾਂ ਅਤੇ ਰਣਨੀਤੀਆਂ ਨੂੰ ਯਾਤਰੀਆਂ ਦੀ ਆਮਦ ਨੂੰ ਹੁਲਾਰਾ ਦੇਣ ਲਈ ਅਮਲ ਵਿਚ ਲਿਆਉਂਦੀਆਂ ਹਨ। ਉਹ ਸਰੋਤਾਂ ਅਤੇ ਮੌਕਿਆਂ ਤਕ ਰੁਜ਼ਗਾਰ ਲਈ ਪਹੁੰਚ ਵੀ ਪ੍ਰਦਾਨ ਕਰਦੀਆਂ ਹਨ। ਵਰਤਮਾਨ ਸਰਕਾਰ ਦਾ ਟੀਚਾ 2016-17 ਦੇ ਅੰਤ ਤਕ 1 ਪ੍ਰਤਿਸ਼ਤ ਆਈ ਟੀ ਏ (ਅੰਤਰਰਾਸ਼ਟਰੀ ਯਾਤਰੀ ਆਮਦ) ਹਾਸਲ ਕਰਨਾ ਹੈ। ਹਾਲ ਹੀ ਵਿਚ 44 ਦੇਸ਼ਾਂ ਦੇ ਯਾਤਰੀਆਂ ਲਈ ਸ਼ੁਰੂ ਕੀਤੀ ਪਹੁੰਚਣ 'ਤੇ ਵੀਜ਼ਾ ਦੇਣ ਦੀ ਸਕੀਮ ਨੂੰ ਹੋਰ 106 ਦੇਸ਼ਾਂ ਤਕ ਵਧਾਉਣ ਦਾ ਟੀਚਾ ਹੈ। ਦੂਰ ਚਾਲਕਾਂ ਦੀ ਸੂਚੀ ਅਤੇ ਵਰਗੀਕ੍ਰਿਤ ਲਈ ਹੋਟਲਾਂ ਮੋਬਾਇਲ ਐਪ ਜਾਰੀ ਕਰਨਾ, ਸੈਰ ਸਪਾਟਾ ਅਤੇ ਪ੍ਰਾਹੁਣਚਾਰੀ ਸੰਸਥਾਨਾਂ ਦਾ ਵੀ ਪ੍ਰਬੰਧਨ ਠੀਕ ਦਿਸ਼ਾ ਵਿਚ ਚੁੱਕੇ ਕੁਝ ਕਦਮ ਹਨ। ਵਿਸ਼ਾ ਆਧਾਰਿਤ ਸਰਕਟਾਂ ਦੇ ਵਿਕਾਸ ਲਈ *ਸਵਦੇਸ਼ ਦਰਸ਼ਨ* ਵਰਗੀਆਂ ਸਕੀਮਾਂ, ਧਾਰਮਿਕ ਯਾਤਰਾ ਕਾਇਆਕਲਪ ਅਤੇ ਵਿਸਤਾਰ ਮੁਹਿੰਮ ਬਾਰੇ ਰਾਸ਼ਟਰੀ ਮਿਸ਼ਨ, ਸਾਰੇ ਧਰਮਾਂ ਦੇ ਧਾਰਮਿਕ ਅਸਥਾਨਾਂ ਵਿਚ *ਸੁੰਦਰੀਕਰਨ* ਅਤੇ ਸੁਧਾਰ ਲਈ *ਪਰਸ਼ਾਦ* ਮੁਹਿੰਮ ਦਾ ਮਕਸਦ 2016-17 ਦੇ ਅੰਤ ਤਕ 145 ਕਰੋੜ ਘਰੇਲੂ ਯਾਤਰਾਵਾਂ ਨੂੰ ਯਕੀਨੀ ਬਣਾਉਣਾ ਹੈ। ਇਸ ਤੋਂ ਇਲਾਵਾ, *ਹੁਨਰ ਸੇ ਰੁਜ਼ਗਾਰ* ਤਕ ਅਤੇ *ਹੁਨਰ ਜ਼ਾਇਕਾ* ਵਰਗੇ ਪ੍ਰੋਗਰਾਮ ਵੀ ਸ਼ੁਰੂ ਕੀਤੇ ਗਏ ਹਨ ਜਿਨ੍ਹਾਂ ਪਿੱਛੇ ਮੰਤਵ ਰੁਜ਼ਗਾਰ ਪੈਦਾ ਕਰਨਾ ਹੈ।

ਪਰ, ਇਹ ਉੱਦਮੀ ਦੀ ਦ੍ਰਿਸ਼ਟੀ ਅਤੇ ਯੋਗਤਾ ਹੀ ਹੁੰਦੀ ਹੈ ਜੋ ਇਨ੍ਹਾਂ ਸਕੀਮਾਂ ਅਤੇ ਸਰੋਤਾਂ ਦੀ ਆਰਥਿਕ ਕੀਮਤ ਵਧਾਉਂਦੀ ਹੈ ਅਤੇ ਉਹ ਇਸ ਨੂੰ ਸਮਾਜ ਦੇ ਭਲੇ ਅਤੇ ਆਪਣੀ ਵਿੱਤੀ ਤਰੱਕੀ ਲਈ ਵਰਤਦੇ ਹਨ। ਸੈਰ-ਸਪਾਟਾ ਉਦਯੋਗ, ਆਪਣੇ ਸਹਾਇਕ ਖੇਤਰਾਂ ਨਾਲ, ਵੱਖ-ਵੱਖ ਪ੍ਰਕਾਰ ਦੀਆਂ ਵਪਾਰਕ ਸਰਗਮੀਆਂ ਪੇਸ਼ ਕਰਦਾ ਹੈ, ਜਿਵੇਂ ਆਵਾਜਾਈ, ਰਿਹਾਇਸ਼ ਅਤੇ ਖਾਣ-ਪੀਣ, ਯਾਤਰਾ ਪੈਕੇਜ, ਮਨੋਰੰਜਨ ਆਦਿ, ਜੋ ਵਪਾਰ ਅਤੇ ਉੱਦਮ ਵਿਚ ਪੈਰ ਧਰਾਈ ਕਰਾਉਂਦੇ ਹਨ। ਨਵੀਨਤਮ ਅਤੇ ਗ਼ੈਰ-ਰਵਾਇਤੀ ਯਾਤਰਾ ਸਥਾਨਾਂ ਦੀ ਪਛਾਣ ਕਰਨਾ, ਹਾਲੇ ਤਕ ਅਣਖੋਜੇ ਥਾਵਾਂ ਨੂੰ ਉਤਸਾਹਿਤ ਕਰਨਾ – ਇਹ ਸਫਲ ਉੱਦਮੀਅਤਾ ਅਤੇ ਭਾਰਤ ਵਿਚ ਸੈਰ-ਸਪਾਟੇ ਦੇ ਜਾਰੀ ਰਹਿਣ ਦੀ ਕੁੰਜੀ ਹਨ।

ਭਾਰਤ ਦੀ 'ਅਤਿਥੀ ਦੇਵੋ ਭਵਾ' ਵਾਲੀ ਵਿਚਾਰਧਾਰਾ ਵਿਚ ਯਾਤਰੀ ਨੂੰ 'ਮਹਿਮਾਨ' ਅਤੇ ਸਮਾਜ ਨੂੰ 'ਮੇਜ਼ਬਾਨ' ਦੀ ਭੂਮਿਕਾ ਵਿਚ ਰੱਖਿਆ ਜਾਣਾ ਹੈ। ਪਰ ਲੰਮੇ ਸਮੇਂ ਵਿਚ, ਸਮਾਜ ਸੇਵਾ ਪ੍ਰਦਾਨ ਕਰਨ ਅਤੇ ਲਾਭ ਪ੍ਰਾਪਤ ਕਰਤਾ, ਦੋਵੇਂ ਭੂਮਿਕਾਵਾਂ ਨਿਭਾਉਂਦਾ ਹੈ। ਸੈਰ-ਸਪਾਟਾ ਸਮਾਜ ਦੇ ਸੰਮਿਲਤ ਵਿਕਾਸ ਲਈ ਬਿਲਕੁਲ ਢੁਕਵਾਂ ਜ਼ਰੀਆ ਹੈ ਅਤੇ ਇਹ ਵਿਕਾਸ ਅਤੇ ਗਰੀਬੀ ਹਟਾਉਣ ਵਿਚ ਹਾਂ-ਪੱਖੀ ਯੋਗਦਾਨ ਪਾਉਂਦਾ ਹੈ। ਯਾਤਰਾ ਉਦਯੋਗ ਵਿਚ ਲੋਕਾਂ ਦੀ ਜ਼ਿੰਦਗੀ ਅਤੇ ਪਹੁੰਚ ਬਦਲਣ ਦੀ ਸਮਰੱਥਾ ਹੈ। ਪਰ ਇਸ ਉਦਯੋਗ ਨੂੰ ਸਾਵਧਾਨੀ ਨਾਲ ਅਤੇ ਸਥਿਰ ਤਰੀਕੇ ਨਾਲ, ਵਾਤਾਵਰਨ ਅਤੇ ਸਮਾਜ ਨੂੰ ਬਿਨਾਂ ਨੁਕਸਾਨ ਪਹੁੰਚਾਇਆਂ, ਵਿਕਾਸ ਕਰਨ ਦੀ ਜ਼ਰੂਰਤ ਹੈ। ਯਾਤਰੀਆਂ, ਮੇਜ਼ਬਾਨ ਭਾਈਚਾਰਿਆਂ ਦੀ ਹਿਫ਼ਾਜ਼ਤ, ਸੁਰੱਖਿਆ ਅਤੇ ਹਾਂ-ਪੱਖੀ ਸੋਚ ਇਸ ਧਾਰਨਾ ਨੂੰ ਉਸਾਰੂ ਪਹੁੰਚ ਦੇਣ ਵਿਚ ਪ੍ਰਮੁੱਖ ਪਾਤਰ ਹਨ।

ਭਾਰਤ ਵਿਚ ਸੈਰ-ਸਪਾਟੇ ਦਾ ਭਵਿੱਖ ਯਕੀਨੀ ਤੌਰ ਤੇ ਉੱਜਲ ਹੈ ਪਰ ਹਾਲੇ ਅਸੀ ਲੰਮਾ ਪੈਂਡਾ ਤਹਿ ਕਰਨਾ ਹੈ। ਦਾਰਸ਼ਨਿਕ ਲਾਓ ਜ਼ਾਊ ਨੇ ਕਿਹਾ ਸੀ ਕਿ ਹਜ਼ਾਰਾਂ ਮੀਲ ਦਾ ਸਫ਼ਰ ਇਕ ਕਦਮ ਪੁੱਟਣ ਨਾਲ ਸ਼ੁਰੂ ਹੁੰਦਾ ਹੈ ਅਤੇ ਇਸ ਖੇਤਰ ਵਿਚ ਹਾਲੀਆ ਸਰਗਰਮੀਆਂ ਨਾਲ ਉਹ ਕਦਮ ਪਹਿਲਾਂ ਹੀ ਪੁੱਟਿਆ ਜਾ ਚੁੱਕਾ ਹੈ।

❑❑

# ADVERTISEMENT UNIT
# PUBLICATIONS DIVISION
# MINISTRY OF INFORMATION & BROADCASTINGS

## COMMERCIAL ADVERTISEMENT RATES FOR DPD JOURNALS
## (w.e.f 1st June ,2013)

| Sl. No. | Name of Journal | Inside Text Page | | | | Back Cover | 2nd Cover page | 3rd cover page |
|---|---|---|---|---|---|---|---|---|
| | (Rate for each Journals for one edition) | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English & Hindi) | 25000 | 15000 | 18000 | 11000 | 75000 | 50000 | 50000 |
| 2 | Kurukshetra (English & Hindi) | 20000 | 12000 | | | 30000 | 27000 | 25000 |
| 3 | Ajkal (Hindi & Urdu) | 10000 | 6000 | 7000 | 5000 | 15000 | 12000 | 11000 |
| 4 | Yojana ( Urdu/Punjabi/ Oriya/ Assamese/ Kannada/ Malayalam ) | 7000 | 4500 | 5000 | 3000 | 10000 | 9000 | 8000 |
| 5 | Bal Bharti, | 22000 | 13000 | | | 30000 | 27000 | 25000 |
| 6 | Yojana (Bengali/ Telgu/ Marathi/ Tamil/Gujrati) | 13000 | 8000 | 10000 | 6000 | 20000 | 17000 | 15000 |

COMMERCIAL ADVERTISEMENT RATES FOR INDIA/BHARAT

| | India | | Bharat | |
|---|---|---|---|---|
| | Colour | Black & White | Colour | Black & White |
| Full Page | 30000 | 20000 | 20000 | 10000 |
| 2nd Cover page | 60000 | | 50000 | |
| 3rd Cover page | 50000 | | 40000 | |

Note :

(i) Special issue - Yojana-(January, March, August & December), Kurukshetra – (October Annual Number)

ii) 2nd cover page of magazines will be reserved for the DAVP and Government Organizations. The above rate are only for PSU advertisement received directly.

iii) * 2% extra discount on each additional insertion of advertisement subject to maximum discount of 40%.

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27 cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| | Advertisement material - Artpull/Artwork/CD/Positives | | |


**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, East Block 4, Level 7, R.K. Puram, New Delhi 110 066 26105590/26175516/26108979 Fax 26175516/26100207 Email: pdjucir@gmail.com

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਘਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਸ਼ਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਂਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਂਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.

# ਯੋਜਨਾ

**ਸਾਲ 30 • ਅੰਕ 10 • ਮਈ 2015 • ਕੁੱਲ ਪੰਨੇ 56**

ਮੁੱਖ ਸੰਪਾਦਕ
**ਦੀਪਿਕਾ ਕੱਛਲ**

ਸੰਪਾਦਕ
**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**
ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)
**ਵੀ.ਕੇ. ਮੀਨਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)
**ਸੂਰੀਆਕਾਂਤ ਸ਼ਰਮਾ**
ਫ਼ੋਨ: 26100207
ਫ਼ੈਕਸ : 26175516
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਭਾਰਤ ਵਿਚ ਸਿੱਖਿਅਕ ਸੈਰ-ਸਪਾਟਾ : ਭੂਤਕਾਲ ਵਰਤਮਾਨ ਤੇ ਭਵਿੱਖ – ਅਰਚਨਾ ਕੁਮਾਰੀ ਤੇ ਦਿਵਿਆਂਸ਼ੂ ਕੁਮਾਰ 4
- ਸੈਰ-ਸਪਾਟਾ ਸੱਨਅਤ : ਕਾਰਜ ਵਾਸਤੇ ਜ਼ੋਰ ਦੇਣ ਵਾਲੇ ਖੇਤਰ – ਜੀ. ਅੰਜਨੀਆ ਸਵਾਮੀ 8
- ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਤੇ ਭੀਤਰਕਨਿਕਾ ਜੰਗਲੀ ਜੀਵ ਰੱਖ – ਮਧੁਮਿਤਾ ਦਾਸ ਤੇ ਬਾਨੀ ਚੈਟਰਜੀ 11
- ਈ-ਟੂਰਿਸਟ ਵੀਜ਼ਾ : ਸੈਰ-ਸਪਾਟੇ ਲਈ ਯਾਤਰਾ ਹੋਈ ਅਸਾਨ – ਨਾਨੂ ਭਸੀਨ ਅਤੇ ਨਵਨੀਤ ਕੌਰ 16
- ਡਾਕਟਰੀ ਸੈਰ-ਸਪਾਟਾ – ਭਾਰਤ ਵਿਚ ਰੁਝਾਨ ਉੱਭਰ ਰਿਹਾ ਉਦਯੋਗ – ਹਰੀਹਰਨ 19
- ਭਾਰਤ ਦੇ ਆਰਥਿਕ ਵਿਕਾਸ ਵਿਚ ਸੈਰ-ਸਪਾਟਾ ਸੱਨਅਤ ਦੀ ਭੂਮਿਕਾ – ਪ੍ਰੇਮ ਸੁਬਰਾਮਨੀਅਮ 22
- ਬੁਨਿਆਦੀ ਢਾਂਚਾ ਅਤੇ ਸੈਰ-ਸਪਾਟਾ ਵਿਕਾਸ – ਮਨੋਜ ਦੀਕਸ਼ਿਤ 26
- ਭਾਰਤੀ ਸੈਰ-ਸਪਾਟਾ ਸੱਨਅਤ ਲਈ ਲਾਹੇਵੰਦ ਸੋਧਾਂ – ਰਤਨਦੀਪ ਬੈਨਰਜੀ 32
- ਭਾਰਤ ਵਿਚ ਸੈਰ-ਸਪਾਟੇ ਦਾ ਰੁਝਾਨ – ਸੁਰਿੰਦਰ ਕੌਰ ਛਾਬੜਾ 37
- ਅੰਤਰਰਾਸ਼ਟਰੀ ਤੇ ਘਰੇਲੂ ਤੇਲ ਕੀਮਤਾਂ – ਹਿਰਨਮੋਇ ਰੌਇ ਤੇ ਅਨਿਲ ਕੁਮਾਰ 39
- ਤਕਨਾਲੋਜੀ ਤੇ ਜਨਤਕ ਨੀਤੀ ਦੇ ਆਪਸੀ ਪ੍ਰਭਾਵ : ਹਰਾ ਇਨਕਲਾਬ – ਟੀ.ਐੱਨ. ਸ੍ਰੀਨਿਵਾਸਨ ਤੇ ਪਵਨ ਕਾਤਕਰ 42
- ਪ੍ਰਵਾਸੀ ਭਾਰਤੀ ਦੀ ਮਹਾਤਮਾ ਬਣਨ ਦੀ ਯਾਤਰਾ – ਪੀ.ਆਈ.ਬੀ. 53



***ਯੋਜਨਾ* ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 – ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730. *ਯੋਜਨਾ* ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤ ਵਿਚ ਸਿੱਖਿਅਕ ਸੈਰ-ਸਪਾਟਾ : ਭੂਤਕਾਲ, ਵਰਤਮਾਨ ਤੇ ਭਵਿੱਖ

✍ ਅਰਚਨਾ ਕੁਮਾਰੀ ਤੇ ਦਿਵਿਆਂਸ਼ੂ ਕੁਮਾਰ

ਪ੍ਰਾਚੀਨ ਕਾਲ ਤੋਂ ਹੀ ਭਾਰਤ ਜ਼ਿਆਦਾ ਦੱਖਣੀ ਏਸ਼ੀਆਈ ਦੇਸ਼ਾਂ ਲਈ ਸਿੱਖਿਆ ਦਾ ਇਕ ਮਹੱਤਪੂਰਨ ਕੇਂਦਰ ਰਿਹਾ ਹੈ। ਤਕਸ਼ਿਲਾ ਵਿਸ਼ਵਵਿਦਿਆਲਾ, ਨਾਲੰਦਾ ਵਿਸ਼ਵ ਵਿਦਿਆਲਾ ਅਤੇ ਵਿਕਰਮਸ਼ਿਲਾ ਵਿਸ਼ਵ ਵਿਦਿਆਲਾ ਜਾਣਕਾਰੀ ਅਤੇ ਗਿਆਨ ਦੇ ਪ੍ਰਤੀਕ ਸਨ ਜੋ ਨਾ ਕੇਵਲ ਘਰੇਲੂ ਸਗੋਂ ਵਿਦੇਸ਼ੀ ਯਾਤਰੀਆਂ ਲਈ ਵੀ ਜਾਣਕਾਰੀ ਸਾਂਝਾ ਕਰਨ ਅਤੇ ਸਿੱਖਿਆ ਪ੍ਰਾਪਤ ਕਰਨ ਲਈ ਸਭ ਤੋਂ ਵੱਧ ਪਹਿਲ ਵਾਲੇ ਥਾਂ ਸਨ। ਵਿਰਸੇ ਵਿਚ ਮਿਲੇ ਸਿੱਖਿਆ ਸੈਰ-ਸਪਾਟਾ ਦਾ ਪ੍ਰਮੁੱਖ ਕੇਂਦਰ ਹੋਣ ਦੇ ਬਾਵਜੂਦ ਭਾਰਤ ਆਪਣੇ ਆਪ ਨੂੰ ਮਹੱਤਵਪੂਰਨ ਸਿੱਖਿਆ ਟਿਕਾਣੇ ਵਜੋਂ ਪੇਸ਼ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਪਰ, ਸੈਰ-ਸਪਾਟਾ ਅਤੇ ਸਿੱਖਿਆ ਖੇਤਰ ਅੰਦਰ ਭਾਰਤ ਵਿਚ ਵੱਡਾ ਵਿਕਾਸ ਹੋਣ ਨਾਲ ਇਸ ਵਿਚ ਦੁਨੀਆਂ ਲਈ ਆਮ ਕਰਕੇ ਗੁਆਂਢੀ ਦੇਸ਼ਾਂ ਲਈ, ਖ਼ਾਸ ਕਰਕੇ ਪ੍ਰਸ਼ੰਸਾਯੋਗ ਸਿੱਖਿਆ ਮੰਜ਼ਿਲ ਬਣਨ ਦੀਆਂ ਮਜ਼ਬੂਤ ਸੰਭਾਵਨਾਵਾਂ ਹਨ।

ਇਸ ਮੁੱਦੇ ਬਾਰੇ ਹੋਰ ਚਰਚਾ ਕਰਨ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਸਿੱਖਿਆ ਸੈਰ-ਸਪਾਟਾ ਹੈ ਕੀ? ਸ਼ਬਦ 'ਸਿੱਖਿਆ ਸੈਰ-ਸਪਾਟਾ' ਦਾ ਮਤਲਬ ਹੈ ਕੋਈ 'ਪ੍ਰੋਗਰਾਮ' ਜਿਸ ਵਿਚ ਭਾਗ ਲੈਣ ਵਾਲੇ ਇਕ ਸਮੂਹ ਦੇ ਰੂਪ ਵਿਚ ਕਿਸੇ ਸਥਾਨ 'ਤੇ ਅਪੜਦੇ ਹਨ ਜਿਸ ਦਾ ਮੁੱਖ ਉਦੇਸ਼ ਉਸ ਜਗ੍ਹਾ ਨਾਲ ਸਿੱਧੇ ਤੌਰ ਤੇ ਸੰਬੰਧਿਤ ਸਿੱਖਣ ਦੇ ਅਨੁਭਵ ਦੀ ਪ੍ਰਾਪਤੀ ਹੁੰਦਾ ਹੈ (ਬੋਜ਼ਰ, 1998, ਪੰ.28)। ਸਿੱਖਿਆ ਦੇ ਉਦੇਸ਼ ਲਈ ਯਾਤਰਾ ਕਰਨ ਦੀ ਧਾਰਨਾ ਨਵੀਂ ਨਹੀਂ ਅਤੇ ਕੁਝ ਮਹਾਨ ਚਿੰਤਕਾਂ ਅਨੁਸਾਰ, ਸੈਰ-ਸਪਾਟਾ ਬਾਜ਼ਾਰ ਵਿਚ ਇਸ ਦੀ ਪ੍ਰਸਿੱਧੀ ਹੋਰ ਵਧਣ ਦੀ ਆਸ ਹੈ (ਗਿਬਸਨ, 1998, ਹੋਲਡਨਾਕ ਅਤੇ ਹੋਲੈਂਡ, 1996)। ਭਾਰਤ ਨੇ ਵੀ ਘਰੇਲੂ ਅਤੇ ਵਿਸ਼ਵ ਪੱਧਰ 'ਤੇ ਸਿੱਖਿਆ ਦੇ ਖੇਤਰ ਵਿਚ ਆਪਣੀ ਪ੍ਰਮੁੱਖ ਹਿੱਸੇਦਾਰੀ ਨੂੰ ਸਵੀਕਾਰ ਕੀਤਾ ਹੈ ਅਤੇ ਸਾਰੀ ਦੁਨੀਆਂ ਵਿਚ ਵਿਦਿਆਰਥੀਆਂ ਲਈ ਆਪਣੇ ਆਪ ਨੂੰ ਆਕਰਸ਼ਕ ਟਿਕਾਣੇ ਵਜੋਂ ਪੇਸ਼ ਕਰਨ ਲਈ ਮੌਕੇ ਤਲਾਸ਼ ਰਿਹਾ ਹੈ। ਇਸ ਮੰਤਵ ਲਈ ਭਾਰਤ ਵਾਸਤੇ ਅਨੁਕੂਲ ਪੱਖ ਹਨ :

- ਭਾਰਤ ਦੁਨੀਆਂ ਦੀਆਂ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਆਰਥਿਕਤਾਵਾਂ ਵਿਚੋਂ ਇਕ ਹੈ।
- ਇਹ ਪ੍ਰਮੁੱਖ ਸੈਲਾਨੀ ਟਿਕਾਣੇ ਵਜੋਂ ਉੱਭਰ ਰਿਹਾ ਹੈ।
- ਦੁਨੀਆਂ ਦੇ ਬਹੁਤੇ ਵਿਕਸਤ ਦੇਸ਼ਾਂ ਨਾਲੋਂ ਇਥੇ ਰਹਿਣਾ ਸਸਤਾ ਹੈ।
- ਭਾਰਤ ਵਿਚ ਬਹੁਤ ਸਾਰੇ ਵਧੀਆ ਵਿਦਿਅਕ ਅਦਾਰੇ ਹਨ ਜਿਥੇ ਸਾਰੇ ਸਰੋਤ ਅਤੇ ਸਹੂਲਤਾਂ ਮੌਜੂਦ ਹਨ।
- ਵਿਕਸਤ ਦੇਸ਼ਾਂ ਨੂੰ ਹੁਨਰਮੰਦ ਮਨੁੱਖੀ ਸ਼ਕਤੀ ਮੁਹੱਈਆ ਕਰਨ ਵਾਲਾ ਇਹ ਪ੍ਰਮੁੱਖ ਪੂਰਤੀਕਾਰ ਹੈ।

ਭਾਰਤ ਵਿਚ ਸਿੱਖਿਅਕ ਸੈਰ-ਸਪਾਟਾ ਲਈ ਸਾਰੇ ਅਨੁਕੂਲ ਪੱਖਾਂ ਬਾਰੇ ਹੋਰ ਚਰਚਾ ਕਰਨ ਤੋਂ ਪਹਿਲਾਂ, ਆਓ ਵੇਖੀਏ ਪ੍ਰਾਚੀਨ ਸਮਿਆਂ ਵਿਚ ਕਿਹੜੇ ਪੱਖਾਂ ਨੇ ਭਾਰਤ ਨੂੰ ਸਿੱਖਿਆ ਦੀ ਸਭ ਤੋਂ ਪਸੰਦੀਦਾ ਟਿਕਾਣਾ ਬਣਾਇਆ।

## ਸ਼ਾਨਦਾਰ ਭੂਤਕਾਲ

ਪ੍ਰਾਚੀਨ ਕਾਲ ਵਿਚ ਭਾਰਤ ਅੰਦਰ ਤਕਸ਼ਿਲਾ ਅਤੇ ਨਾਲੰਦਾ ਜਿਹੇ ਸ਼ਾਨਦਾਰ ਵਿਸ਼ਵ ਵਿਦਿਆਲੇ ਹੋਣ ਦੇ ਨਾਲ-ਨਾਲ ਕੁੱਝ ਹੋਰ ਵਿਸ਼ਵਵਿਦਿਆਲੇ ਵੀ ਮੌਜੂਦ ਸਨ। ਉਨ੍ਹਾਂ ਵਿਚੋਂ ਕੁਝ ਸਨ – ਬਿਹਾਰ ਵਿਚ ਉਦਾਂਤਾਪੁਰੀ (550–1040 ਦੇ ਲਗਭਗ), ਬੰਗਲਾਦੇਸ਼ ਵਿਚ ਸੋਮਾਪੁਰਾ (ਗੁਪਤਾ ਕਾਲ ਤੋਂ ਲੈ ਕੇ ਮੁਸਲਿਮ ਜਿੱਤਾਂ ਤਕ), ਜਗਟਲਾ, ਬੰਗਾਲ (ਪਾਲਾ ਕਾਲ ਤੋਂ ਮੁਸਲਿਮ ਜਿੱਤਾਂ ਤਕ), ਨਾਗਾਰਜੁਨਕੋਂਡਾ, ਆਂਧਰ ਪ੍ਰਦੇਸ਼, ਬਿਹਾਰ ਵਿਚ ਵਿਕਰਾਮਸ਼ਿਲਾ (800–1040 ਦੇ ਆਸਪਾਸ), ਸ਼ਾਰਦਾ ਪੀਠ ਅੱਜ ਦੇ ਕਸ਼ਮੀਰ ਵਿਚ, ਗੁਜਰਾਤ ਵਿਚ ਵਲਭੀ (ਮੈਤ੍ਰਿਕ ਕਾਲ ਤੋਂ ਅਰਬ ਹਮਲਿਆਂ ਤਕ), ਉੱਤਰ ਪ੍ਰਦੇਸ਼ ਵਿਚ ਵਾਰਾਣਸੀ (8ਵੀਂ ਸਦੀ ਤੋਂ ਆਧੁਨਿਕ ਕਾਲ ਤਕ), ਤਮਿਲਨਾਡੂ ਵਿਚ ਕਾਂਚੀਪੁਰਮ, ਮਾਨਿਯਾਖੇਤਾ, ਕਰਨਾਟਕ, ਓਡੀਸ਼ਾ ਵਿਚ ਪੁਸਪਾਗਿਰੀ ਅਤੇ ਰਤਨਾਗਿਰੀ, ਸ੍ਰੀਲੰਕਾ ਵਿਚ ਸੁਨੇਤਰਾਦੇਵੀ ਪਿਰੀਵੇਨਾ ਬੋਧੀ ਸਿੱਖਿਆ ਕੇਂਦਰ ਜੋ 1415 ਏ ਡੀ ਦੇ ਆਸਪਾਸ ਸਥਾਪਤ ਕੀਤਾ ਗਿਆ।

ਪਰ ਇਨ੍ਹਾਂ ਸਾਰੇ ਵਿਸ਼ਵ ਵਿਦਿਆਲਿਆਂ ਵਿਚੋਂ ਪ੍ਰਸਿੱਧ ਅਤੇ ਮਾਣਮੱਤੇ ਨਾਮ ਤਕਸ਼ਿਲਾ (5ਵੀਂ ਸਦੀ ਈਸਾ ਪੂਰਵ ਤੋਂ 5ਵੀਂ ਸਦੀ ਈਸਾ ਉਪਰੰਤ) ਅਤੇ ਨਾਲੰਦਾ (427 ਤੋਂ 1197) ਵਿਸ਼ਵਵਿਦਿਆਲਿਆਂ ਦੇ ਸਨ। ਤਕਸ਼ਿਲਾ ਵਿਸ਼ਵ ਵਿਦਿਆਲਾ ਭਾਰਤ ਦੀਆਂ ਤਿੰਨ ਮਹਾਨ ਸ਼ਖ਼ਸੀਅਤਾਂ ਕਰਕੇ ਜਾਣਿਆ ਜਾਂਦਾ ਹੈ – ਚਾਣਕੀਆ, ਚੰਦਰਗੁਪਤ ਅਤੇ ਚਰਕ/ਅਰਥਸ਼ਾਸਤਰ ਅਤੇ ਰਾਜਨੀਤੀ ਸੁਧਾਰ 'ਤੇ ਲਿਖੀ ਪ੍ਰਸਿੱਧ ਪੌਰਾਣਿਕ ਕਿਤਾਬ 'ਅਰਥਸ਼ਾਸਤਰ' ਚਾਣਕੀਆ ਵਲੋਂ ਲਿਖੀ ਮੰਨੀ ਜਾਂਦੀ ਹੈ। ਭਾਰਤ ਦੇ ਮਹਾਨ ਸਮਰਾਟ ਚੰਦਰਗੁਪਤ ਮੌਰੀਆ ਨੇ ਵੀ ਇਥੇ ਵਿੱਦਿਆ ਪ੍ਰਾਪਤ ਕੀਤੀ ਅਤੇ ਆਯੁਰਵੇਦ ਨਾਲ ਇਲਾਜ ਕਰਨ ਵਾਲੇ ਚਰਕ, ਜਿਨ੍ਹਾਂ ਨੇ ਮਸ਼ਹੂਰ ਕਿਤਾਬ 'ਚਰਕ ਸਹਿੰਤਾ' ਲਿਖੀ, ਵੀ

ਤਕਸ਼ਿਲਾ ਵਿਚ ਪੜ੍ਹੇ ਸਨ। ਆਮ ਤੌਰ ਤੇ ਇਕ ਵਿਦਿਆਰਥੀ ਸੋਲਾਂ ਸਾਲਾਂ ਦੀ ਉਮਰ ਵਿਚ ਤਕਸ਼ਿਲਾ ਵਿਚ ਦਾਖ਼ਲ ਹੁੰਦਾ ਸੀ। ਵੇਦ ਅਤੇ ਅਠਾਰਾਂ ਕਲਾਵਾਂ, ਜਿਨ੍ਹਾਂ ਵਿਚ ਤੀਰਅੰਦਾਜ਼ੀ, ਸ਼ਿਕਾਰ ਖੇਡਣਾ ਅਤੇ ਹਾਥੀ ਨੂੰ ਕਾਬੂ ਕਰਨ ਜਿਹੇ ਹੁਨਰ ਸ਼ਾਮਿਲ ਸਨ, ਇਥੇ ਪੜ੍ਹਾਏ ਜਾਂਦੇ ਸਨ। ਨਾਲ ਹੀ ਕਾਨੂੰਨ ਵਿਦਿਆਲਾ, ਡਾਕਟਰੀ ਵਿਦਿਆਲਾ ਅਤੇ ਸੈਨਾ ਵਿਗਿਆਨ ਸਕੂਲ ਵੀ ਚਲਾਏ ਜਾਂਦੇ ਸਨ। ਤਕਸ਼ਿਲਾ ਸਿਰਫ਼ ਵੈਦਿਕ ਸਿੱਖਿਆ ਦਾ ਹੀ ਕੇਂਦਰ ਨਹੀਂ ਸੀ ਸਗੋਂ ਬੋਧ ਰਵਾਇਤਾਂ ਵਿਚ ਵੀ ਇਸ ਦਾ ਪ੍ਰਮੁੱਖ ਨਾਮ ਸੀ ਕਿਉਂਕਿ ਮੰਨਿਆ ਜਾਂਦਾ ਹੈ ਕਿ ਬੋਧ ਧਰਮ ਦੇ ਮਹਾਯਾਨ ਫ਼ਿਰਕੇ ਨੇ ਇਥੇ ਜਨਮ ਲਿਆ।

***ਤਕਸ਼ਿਲਾ ਵਿਸ਼ਵਵਿਦਿਆਲੇ ਵਲੋਂ ਇਕ ਛੱਤ ਥੱਲੇ ਵਿਦਿਆਰਥੀਆਂ ਨੂੰ ਵੱਖ-ਵੱਖ ਅਤੇ ਬਹੁ-ਵਿਸ਼ਿਆਂ ਵਿਚ ਗਿਆਨ ਪ੍ਰਾਪਤ ਕਰਨਾ ਇਸ ਦੀ ਵਿਲੱਖਣ ਖ਼ਾਸੀਅਤ ਸੀ ਜਿਸ ਨੇ ਦੁਨੀਆਂ ਦੇ ਵੱਖ-ਵੱਖ ਭਾਗਾਂ ਤੋਂ ਗਿਆਨ ਪ੍ਰਾਪਤ ਕਰਨ ਦੇ ਚਾਹਵਾਨਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਉਸ ਕਾਲ ਵਿਚ, ਗੁਆਂਢੀ ਬੋਧ ਧਰਮ ਨੂੰ ਮੰਨਣ ਵਾਲੇ ਦੇਸ਼ਾਂ ਦੇ ਲੋਕਾਂ ਲਈ ਯਾਤਰਾ ਅਤੇ ਬੋਧ ਸਿੱਖਿਆਵਾਂ ਪ੍ਰਾਪਤ ਕਰਨ ਵਾਲਿਆਂ ਲਈ ਭਾਰਤ ਦੌਰਾ ਜ਼ਰੂਰੀ ਸਮਝਿਆ ਜਾਂਦਾ ਸੀ। ਅਜਿਹੀਆਂ ਧਾਰਮਿਕ ਸਿੱਖਿਆ ਤੋਂ ਇਲਾਵਾ, ਇਸ ਵਿਸ਼ਵ ਵਿਦਿਆਲੇ ਵਿਚ ਪ੍ਰਸਿੱਧ ਹੁਨਰ ਵੀ ਪੜ੍ਹਾਏ ਜਾਂਦੇ ਸਨ ਜੋ ਸੰਸਥਾਨ ਦੀ ਸਿੱਖਿਆ ਗੁਣਵੱਤਾ ਵਿਚ ਹੋਰ ਵਾਧਾ ਕਰਦੇ ਸਨ।***

ਅਜਿਹੇ ਹੀ ਹਾਲਾਤ ਵਿਚ ਨਾਲੰਦਾ ਵਿਸ਼ਵ ਵਿਦਿਆਲਾ ਵੀ ਵਧਿਆ ਫੁੱਲਿਆ। ਮਗਧ ਖ਼ੁਸ਼ਹਾਲ ਅਤੇ ਵਿਦਵਤਾ ਵਾਲਾ ਸਾਮਰਾਜ ਸੀ ਜੋ ਵਿਦਵਤਾ ਦੇ ਕੇਂਦਰ ਨੂੰ ਪ੍ਰੋਤਸਾਹਿਤ ਕਰਨ ਵਿਚ ਯਕੀਨ ਰੱਖਦਾ ਸੀ। ਇਹ ਵਿਸ਼ਵ ਵਿਦਿਆਲਾ ਪੂਰਨ ਰੂਪ ਵਿਚ ਬੁੱਧ ਅਤੇ ਗ਼ੈਰ ਬੁੱਧ ਸਿੱਖਿਆਵਾਂ ਨੂੰ ਪ੍ਰੋਤਸਾਹਿਤ ਕਰਦਾ ਸੀ ਜੋ ਸਾਮੱਗਰ ਜਾਣਕਾਰੀ ਲਈ ਇਕ ਜਨਮ ਭੂਮੀ ਬਣ ਗਿਆ। ਇਤਿਹਾਸਕ ਸਰੋਤਾਂ ਅਨੁਸਾਰ ਇਹ ਇਕ ਰਿਹਾਇਸ਼ੀ ਵਿਸ਼ਵ ਵਿਦਿਆਲਾ ਸੀ ਜਿਥੇ 2000 ਅਧਿਆਪਕ ਅਤੇ 10,000 ਵਿਦਿਆਰਥੀ ਸਨ।

ਇਸ ਵਿਸ਼ਵਵਿਦਿਆਲੇ ਦੀ ਜਾਣਕਾਰੀ ਪ੍ਰਦਾਨ ਕਰਨ ਦੀ ਪੱਧਤੀ ਅਤੇ ਅਧਿਆਪਕਾਂ ਦੇ ਗਹਿਰੇ ਗਿਆਨ ਨੇ ਚੀਨ, ਕੋਰੀਆ, ਜਾਪਾਨ, ਤਿੱਬਤ, ਮੰਗੋਲੀਆ, ਤੁਰਕੀ, ਸ੍ਰੀਲੰਕਾ ਅਤੇ ਦੱਖਣ ਪੂਰਬ ਏਸ਼ੀਆ ਦੇ ਕੁਝ ਦੂਜੇ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਆਕਰਸ਼ਿਤ ਕੀਤਾ। ਇਹ ਵਿਦਵਾਨ ਵਿਸ਼ਵਵਿਦਿਆਲੇ ਦੇ ਮਾਹੌਲ, ਪੜ੍ਹਾਉਣ ਦਾ ਤਰੀਕਾ, ਵਿਲੱਖਣ ਵਸਤੂਕਲਾ ਅਤੇ ਵਿਸ਼ੇਸ਼ ਜੀਵਨ ਜਾਚ ਬਾਰੇ ਦੱਸਿਆ ਕਰਦੇ ਸਨ। ਖ਼ਾਸ ਕਰਕੇ ਚੀਨੀ ਵਿਦਵਾਨ ਯੁਆਨ ਯਾਂਗ ਨੇ ਵਿਸ਼ਵ ਵਿਦਿਆਲੇ ਦਾ ਵੇਰਵੇ ਸਹਿਤ ਬਿਰਤਾਂਤ ਲਿਖਿਆ। ਭਾਰਤ ਸਥਿਤ ਵਿਸ਼ਵ ਪ੍ਰਸਿੱਧ ਵਿਦਿਆਲਿਆਂ ਬਾਰੇ ਉਪਰ ਵਰਣਿਤ ਤੱਥਾਂ ਦੀ ਘੋਖ ਕਰਦਿਆਂ, ਜਿਨ੍ਹਾਂ ਨੇ ਵੱਡੀ ਸੰਖਿਆ ਵਿਚ ਉਸ ਜ਼ਮਾਨੇ ਅੰਦਰ ਯਾਤਰੀਆਂ ਨੂੰ ਆਕਰਸ਼ਿਤ ਕੀਤਾ ਜਦੋਂ ਆਵਾਜਾਈ ਅਤੇ ਸੰਚਾਰ ਦੇ ਸਾਧਨ ਮੁਸ਼ਕਿਲ ਸਨ, ਹੇਠ ਲਿਖੇ ਦਿਲਚਸਪੀ ਵਾਲੇ ਮੁੱਦੇ ਉੱਭਰ ਕੇ ਸਾਹਮਣੇ ਆਉਂਦੇ ਹਨ :

- ਭਾਰਤ ਬਹੁ-ਧਾਰਮਿਕ ਅਤੇ ਬਹੁ-ਸੱਭਿਆਚਾਰਕ ਸਮਾਜ ਹੋਣ ਕਰਕੇ ਧਾਰਮਿਕ ਅਤੇ ਸੱਭਿਆਚਾਰਕ ਪੜ੍ਹਾਈ ਲਈ ਹਮੇਸ਼ਾ ਖਿੱਚ ਦਾ ਕੇਂਦਰ ਰਿਹਾ ਹੈ।
- ਧਾਰਮਿਕ ਅਤੇ ਸੱਭਿਆਚਾਰਕ ਪੜ੍ਹਾਈ ਤੋਂ ਇਲਾਵਾ, ਬਾਹਰਲੇ ਲੋਕ ਦੇਸੀ ਹੁਨਰ ਸਿੱਖਣ ਵਿਚ ਵੀ ਦਿਲਚਸਪੀ ਰੱਖਦੇ ਸਨ।
- ਇਨ੍ਹਾਂ ਵਿਸ਼ਵ ਵਿਦਿਆਲਿਆਂ ਦੇ ਅਧਿਆਪਕਾਂ ਦੀ ਗਹਿਰੀ ਜਾਣਕਾਰੀ ਰੱਖਣ ਦੀ ਯੋਗਤਾ ਵੀ ਦੇਸ਼ ਅਤੇ ਵਿਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਵਿਦਵਾਨਾਂ ਨੂੰ ਆਕਰਸ਼ਿਤ ਕਰਨ ਦਾ ਇਕ ਕਾਰਨ ਸੀ।
- ਨਾ ਸਿਰਫ਼ ਪੜ੍ਹਾਈ, ਸਗੋਂ ਮਾਹੌਲ, ਵਿਲੱਖਣ ਪੜ੍ਹਾਈ-ਸਿੱਖਣ ਦੀ ਪੱਧਤੀ, ਕੁਦਰਤ ਨਾਲ ਇਕਮਿਕਤਾ ਨੇ ਵੀ ਘਰੇਲੂ ਅਤੇ ਵਿਸ਼ਵ ਸਿੱਖਿਆ ਯਾਤਰੀਆਂ ਨੂੰ ਆਪਣੇ ਵੱਲ ਖਿੱਚਿਆ।
- ਕਿਉਂਕਿ ਇਹ ਵਿਸ਼ਵ ਵਿਦਿਆਲੇ ਵੱਖ-ਵੱਖ ਸ਼ਾਸਕਾਂ ਤਹਿਤ ਲੰਮਾ ਸਮਾਂ ਚਲਦੇ ਰਹੇ, ਇਸ ਦੀ ਪ੍ਰਸਿੱਧੀ ਅਤੇ ਮਹਾਰਤ ਵਿਚ ਕਈ ਗੁਣਾ ਵਾਧਾ ਹੋਇਆ।

## ਧੁੰਦਲਾ ਵਰਤਮਾਨ

ਸੈਰ-ਸਪਾਟਾ ਭਾਰਤ ਵਿਚ ਇਕ ਵੱਡੇ ਉਦਯੋਗ ਵਜੋਂ ਉੱਭਰਿਆ ਹੈ। ਭਾਰਤ ਦੇ ਸੈਰ-ਸਪਾਟਾ ਮੰਤਰਾਲਾ ਦੀ ਸਾਲਾਨਾ ਰਿਪੋਰਟ ਅਨੁਸਾਰ ਕੁੱਲ ਘਰੇਲੂ ਉਤਪਾਦ ਵਿਚ ਸਾਲ 2012-13 ਵਿਚ ਇਸ ਦੀ ਹਿੱਸੇਦਾਰੀ 6.88 ਪ੍ਰਤਿਸ਼ਤ ਸੀ ਜਦ ਕਿ ਦੇਸ਼ ਦੇ ਰੁਜ਼ਗਾਰ ਵਿਚ ਇਸ ਦੀ ਭਾਗੀਦਾਰੀ ਸਾਲ 2012-13 ਅੰਦਰ 12.36 ਪ੍ਰਤਿਸ਼ਤ ਸੀ। 1990 ਅਤੇ 2011 ਦਰਮਿਆਨ ਸੈਰ-ਸਪਾਟਾ ਖੇਤਰ ਦਾ ਕੁੱਲ ਘਰੇਲੂ ਉਤਪਾਦ 229 ਪ੍ਰਤਿਸ਼ਤ ਵਧਿਆ ਹੈ ਅਤੇ ਇਸ ਦਹਾਕੇ ਵਿਚ ਇਸ ਖੇਤਰ ਦੇ 7.7 ਪ੍ਰਤਿਸ਼ਤ ਸਾਲਾਨਾ ਦਰ ਨਾਲ ਵਿਕਸਤ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। 2011 ਦੀ ਵਿਸ਼ਵ ਯਾਤਰਾ ਅਤੇ ਸੈਰ-ਸਪਾਟਾ ਸਭਾ ਦੀ ਪੇਸ਼ੀਨਗੋਈ ਵਿਚ 2011-2021 ਦਰਮਿਆਨ ਸਾਲਾਨਾ ਵਿਕਾਸ ਦਰ 8.8 ਪ੍ਰਤਿਸ਼ਤ ਰਹਿਣ ਬਾਰੇ ਦੱਸਿਆ ਗਿਆ ਹੈ। ਇਸ ਨੇ ਤੇਜ਼ੀ ਨਾਲ ਵਿਕਸਤ ਹੋ ਰਹੇ ਸੈਰ-ਸਪਾਟਾ ਉਦਯੋਗ ਵਾਲੇ ਦੇਸ਼ਾਂ ਵਿਚ ਭਾਰਤ ਨੂੰ ਪੰਜਵੇਂ ਪਾਏਦਾਨ 'ਤੇ ਲਿਆ ਖੜ੍ਹਾ ਕੀਤਾ ਹੈ।

ਪਰ, ਸਵਾਲ ਇਹ ਹੈ ਕਿ ਭਾਰਤ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਸੈਰ-ਸਪਾਟਾ ਖੇਤਰ ਵਿਚ ਸਿੱਖਿਆ ਸੈਰ-ਸਪਾਟੇ ਦਾ ਕੀ ਸਥਾਨ ਹੈ! ਇਸ ਸਵਾਲ 'ਤੇ ਵਿਚਾਰ ਕਰਨ ਤੋਂ ਪਹਿਲਾਂ ਆਓ ਉਨ੍ਹਾਂ ਕੁੱਝ ਮੁੱਦਿਆਂ 'ਤੇ ਵਿਚਾਰ ਕਰੀਏ ਜੋ ਆਰਗੇਨਾਈਜੇਸ਼ਨ ਫਾਰ ਇਕਨਾਮਿਕ ਕੋਆਪਰੇਸ਼ਨ ਐਂਡ ਡਿਵੈਲਪਮੈਂਟ (ਓ ਈ ਸੀ ਡੀ), ਐਜੂਕੇਸ਼ਨ ਐਟ ਏ ਗਲਾਂਸ, 2014 ਦੀ ਰਿਪੋਰਟ ਵਿਚ ਸਾਹਮਣੇ ਆਏ ਹਨ :

- ਦੁਨੀਆਂ ਭਰ ਵਿਚ ਦਾਖ਼ਲਾ ਲੈਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਵਿਚੋਂ 53 ਪ੍ਰਤਿਸ਼ਤ ਏਸ਼ੀਆਂ ਤੋਂ ਹਨ। ਇਸ ਮਹਾਂਦੀਪ ਤੋਂ ਸਭ ਤੋਂ ਵੱਧ ਗਿਣਤੀ ਚੀਨ, ਭਾਰਤ ਅਤੇ ਕੋਰੀਆ ਦੇ ਵਿਦਿਆਰਥੀਆਂ ਦੀ ਹੈ।
- ਆਪਣੇ ਸਰੋਤ ਦੇਸ਼ ਤੋਂ ਬਾਹਰ ਤੀਜੇ ਪੱਧਰ ਦੀ ਸਿੱਖਿਆ ਪ੍ਰਾਪਤੀ ਲਈ ਯੂਰਪ ਵਿਦਿਆਰਥੀਆਂ ਦੀ ਮਨਭਾਉਂਦੀ ਥਾਂ ਹੈ ਜਿਥੇ ਇਨ੍ਹਾਂ ਵਿਦਿਆਰਥੀਆਂ ਵਿਚੋਂ 48 ਪ੍ਰਤਿਸ਼ਤ ਦਾਖਲਾ ਲੈਂਦੇ ਹਨ, ਉਸ ਤੋਂ ਬਾਅਦ ਉੱਤਰੀ ਅਮਰੀਕਾ 21 ਪ੍ਰਤਿਸ਼ਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ

ਮੇਜ਼ਬਾਨੀ ਕਰਦਾ ਹੈ ਅਤੇ ਏਸ਼ੀਆ 18 ਪ੍ਰਤਿਸ਼ਤ ਦੀ।

- ਪਿਛਲੇ ਤਿੰਨ ਦਹਾਕਿਆਂ ਵਿਚ ਆਪਣੇ ਦੇਸ਼ ਤੋਂ ਬਾਹਰ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਵਿਚ ਨਾਟਕੀ ਢੰਗ ਨਾਲ ਵਾਧਾ ਹੋਇਆ ਹੈ। ਇਹ 1975 ਵਿਚ ਦੁਨੀਆਂ ਭਰ ਵਿਚ 0.8 ਮਿਲੀਅਨ ਸੀ ਜੋ 2012 ਵਿਚ ਪੰਜ ਗੁਣਾ ਤੋਂ ਵੀ ਵੱਧ 4.5 ਮਿਲੀਅਨ ਹੋ ਗਈ।

**ਉੱਪਰ ਦਿਤੇ ਤੱਥਾਂ ਤੋਂ ਇਹ ਸਪੱਸ਼ਟ ਹੈ ਕਿ ਏਸ਼ੀਆ ਇਕ ਖਿੱਤੇ ਵਜੋਂ ਅਤੇ ਭਾਰਤ ਇਕ ਦੇਸ਼ ਦੇ ਤੌਰ ਤੇ ਸਿੱਖਿਆ ਸੈਰ-ਸਪਾਟਾ ਲਈ ਸਰੋਤ ਹੀ ਰਹੇ ਹਨ ਨਾ ਕਿ ਮੰਜ਼ਿਲ। ਯੂਰਪ ਵਿਦਿਆਥੀਆਂ ਦੀ ਪਹਿਲੀ ਪਸੰਦ ਹੋਣ ਦੇ ਕਾਰਨਾਂ ਦਾ ਮੁੱਲੰਕਣ ਕਰਦਿਆਂ, ਇਹ ਵੇਖਿਆ ਗਿਆ ਕਿ –" ਇਹ ਸ਼ਾਨਦਾਰ ਵਾਧਾ, ਅਕਾਦਮਿਕ, ਸੱਭਿਆਚਾਰਕ, ਸਮਾਜਿਕ ਅਤੇ ਰਾਜਨੀਤਕ ਸੰਬੰਧਾਂ ਨੂੰ ਵੱਖ-ਵੱਖ ਦੇਸ਼ਾਂ ਦਰਮਿਆਨ ਪ੍ਰੋਤਸਾਹਿਤ ਕਰਨ ਦਾ ਨਤੀਜਾ ਹੈ, ਖ਼ਾਸ ਕਰਕੇ ਜਦੋਂ ਯੂਰਪੀਨ ਸੰਘ ਹੋਂਦ ਵਿਚ ਆ ਰਿਹਾ ਸੀ, ਉਸ ਨਾਲ ਤੀਜੇ ਪੱਧਰ ਦੀ ਸਿੱਖਿਆ ਲਈ ਵਿਸ਼ਵ ਪਹੁੰਚ ਅਤੇ ਆਵਾਜਾਈ ਦੀਆਂ ਘਟੀਆਂ ਲਾਗਤਾਂ ਸੰਭਵ ਹੋਈਆਂ। ਉੱਚ ਹੁਨਰ ਪ੍ਰਾਪਤ ਵਿਅਕਤੀਆਂ ਲਈ ਮਜ਼ਦੂਰ ਮੰਡੀ ਦੇ ਅੰਤਰਰਾਸ਼ਟਰੀ ਨੇ ਵੀ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇ ਅੰਗ ਵਜੋਂ ਅੰਤਰਰਾਸ਼ਟਰੀ ਅਨੁਭਵ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਹੈ।**

ਵਿਸ਼ਵ ਦੇ ਵਿਦਿਆਰਥੀਆਂ ਦੀ ਗਤੀਸ਼ੀਲਤਾ ਬਾਰੇ ਇਕ ਹੋਰ ਟਿੱਪਣੀ ਵੀ ਕੀਤੀ ਜਾਂਦੀ ਹੈ : "ਇਹ ਅੰਤਰ ਅਤੇ ਅੰਤਰ-ਖੇਤਰੀ ਪ੍ਰਵਾਸ ਦੇ ਤਰੀਕਿਆਂ ਦੇ ਕਾਫ਼ੀ ਹੱਦ ਤਕ ਅਨੁਸਾਰ ਹੁੰਦੀ ਹੈ। ਓ ਈ ਸੀ ਡੀ ਦੇਸ਼ਾਂ ਵਿਚ ਤੀਜੇ ਪੱਧਰ ਦੇ ਦਾਖ਼ਲਿਆਂ ਦੇ ਅੰਤਰਰਾਸ਼ਟਰੀਕਰਨ ਵਿਚ ਵਾਧਾ ਅਤੇ ਨਾਲ ਹੀ ਅੰਤਰ ਖੇਤਰੀ ਵਿਦਿਆਰਥੀ ਗਤੀਸ਼ੀਲਤਾ ਦਾ ਉੱਚ ਅਨੁਪਾਤ ਵਿਸ਼ਵ ਗਤੀਸ਼ੀਲਤਾ ਦੇ ਮੁਕਾਬਲੇ ਖੇਤਰੀ ਗਤੀਸ਼ੀਲਤਾ ਦਾ ਵਧ ਰਿਹਾ ਮਹੱਤਵ ਦਰਸਾਉਂਦਾ ਹੈ।" ਯੂਰਪੀਨ ਦੇਸ਼ਾਂ ਅਤੇ ਪੂਰਬੀ ਏਸ਼ੀਆ ਅਤੇ ਸ਼ਾਂਤਮਹਾਂਸਾਗਰੀ ਮੁਲਕਾਂ ਵਿਚ ਵਿਦਿਆਰਥੀਆਂ ਦੀ ਆਮਦ-ਭੂ-ਰਾਜਨੀਤਕ ਖੇਤਰਾਂ ਦੀ ਉਤਪਤੀ ਦਿਖਾਉਂਦੀ ਹੈ, ਜਿਵੇਂ ਕਿ ਏਸ਼ੀਆ ਪ੍ਰਸ਼ਾਂਤ ਦੇਸ਼ਾਂ ਵਿਚਾਲੇ ਨਜ਼ਦੀਕੀ ਸੰਬੰਧ ਅਤੇ ਯੂਰਪੀਨ ਸੰਘ ਤੋਂ ਅਗਾਂਹ ਯੂਰਪੀਨ ਦੇਸ਼ਾਂ ਵਿਚਾਲੇ ਸਹਿਯੋਗ (ਯੂ ਐੱਨ ਈ ਐੱਸ ਸੀ ਓ, 2009)।

ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਦੂਜਾ ਸਭ ਤੋਂ ਵੱਡਾ ਅਨੁਪਾਤ ਭਾਰਤ ਤੋਂ ਆਉਂਦਾ ਹੈ (5.8 ਪ੍ਰਤਿਸ਼ਤ)। ਵਿਦੇਸ਼ ਵਿਚ ਲਗਭਗ 45 ਪ੍ਰਤਿਸ਼ਤ ਵਿਦਿਆਰਥੀਆਂ ਨੇ ਸੰਯੁਕਤ ਰਾਜ ਅਮਰੀਕਾ ਵਿਚ ਦਾਖ਼ਲਾ ਲਿਆ ਹੈ, 17 ਪ੍ਰਤਿਸ਼ਤ ਨੇ ਯੂ. ਕੇ, 6 ਪ੍ਰਤਿਸ਼ਤ ਨੇ ਕੈਨੇਡਾ ਅਤੇ 5 ਪ੍ਰਤਿਸ਼ਤ ਨੇ ਆਸਟ੍ਰੇਲੀਆ ਵਿਚ।

ਦੁਨੀਆਂ ਵਿਚ ਸਿੱਖਿਆ ਸੈਰ-ਸਪਾਟਾ ਦੇ ਵਰਤਮਾਨ ਦ੍ਰਿਸ਼ ਬਾਰੇ ਉੱਪਰ ਦੱਸੇ, ਤੱਥਾਂ ਦਾ ਮੁੱਲੰਕਣ ਕਰਦਿਆਂ, ਖ਼ਾਸ ਕਰਕੇ ਭਾਰਤ ਦੇ ਸੰਦਰਭ ਵਿਚ, ਹੇਠਾਂ ਦਿਤੇ ਨੁਕਤੇ ਉੱਭਰ ਕੇ ਸਾਹਮਣੇ ਆਉਂਦੇ ਹਨ:

- ਸਿੱਖਿਆ ਸੈਰ-ਸਪਾਟਾ ਦੇ ਵਰਤਮਾਨ ਦ੍ਰਿਸ਼ ਵਿਚ, 5.8 ਪ੍ਰਤਿਸ਼ਤ ਭਾਰਤੀ ਆਪਣੇ ਦੇਸ਼ ਵਿਚ ਰਹਿਣ ਦੀ ਬਜਾਇ ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸ਼ ਜਾਂਦੇ ਹਨ ਜਿਸ ਨਾਲ ਘਰੇਲੂ ਸੈਰ-ਸਪਾਟਾ ਪ੍ਰਭਾਵਿਤ ਹੁੰਦਾ ਹੈ।

- ਵਿਸ਼ਵ ਗਤੀਸ਼ੀਲਤਾ ਨਾਲੋਂ ਵਿਦਿਆਰਥੀ ਖੇਤਰੀ ਗਤੀਸ਼ੀਲਤਾ ਨੂੰ ਵੱਧ ਤਰਜੀਹ ਦਿੰਦੇ ਹਨ।

- ਵੱਖ-ਵੱਖ ਦੇਸ਼ਾਂ ਵਿਚਾਲੇ ਅਕਾਦਮਿਕ, ਸੱਭਿਆਚਾਰਕ, ਸਮਾਜਿਕ ਅਤੇ ਰਾਜਨੀਤਕ ਸੰਬੰਧਾਂ ਨੂੰ ਪ੍ਰੋਤਸਾਹਨ ਅਤੇ ਘਟ ਰਹੀਆਂ ਆਵਾਜਾਈ ਦੀਆਂ ਲਾਗਤਾਂ ਅਤੇ ਸਰਲ ਵੀਜ਼ਾ ਨੀਤੀਆਂ ਦੇਸ਼ ਵਿਚ ਸਿੱਖਿਆ ਸੈਰ-ਸਪਾਟਾ ਵਧਣ ਦੇ ਪ੍ਰਮੁੱਖ ਸਹਾਇਕ ਕਾਰਨ ਹਨ।

ਇਹ ਭਾਰਤ ਵਿਚ ਬਾਹਰ ਮੁਖੀ ਸਿੱਖਿਆ ਸੈਰ-ਸਪਾਟੇ ਦੀ ਇਕ ਧੁੰਦਲੀ ਤਸਵੀਰ ਪੇਸ਼ ਕਰਦਾ ਹੈ; ਪਰ ਘਰੇਲੂ ਸਿੱਖਿਆ ਸੈਰ-ਸਪਾਟਾ ਪ੍ਰਥਾ ਚੰਗੀ ਤਰ੍ਹਾਂ ਪ੍ਰਚਲਤ ਹੈ। ਸੈਰ-ਸਪਾਟਾ ਮੰਤਰਾਲਾ ਦੀ 2015 ਦੀ ਸਾਲਾਨਾ ਰਿਪੋਰਟ ਦੇ ਮੁਤਾਬਕ, 2013 ਵਿਚ ਘਰੇਲੂ ਯਾਤਰਾਵਾਂ ਦੀ ਗਿਣਤੀ 1145 ਮਿਲੀਅਨ ਦੇ ਲਗਭਗ ਸੀ। 2012 ਦੇ ਮੁਕਾਬਲੇ ਇਸ ਸਾਲ 9.59 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ। ਪੇਂਡੂ ਖੇਤਰਾਂ ਅਤੇ ਛੋਟੇ ਸ਼ਹਿਰਾਂ ਦੇ ਲੋਕ ਬੇਹਤਰ ਸਿੱਖਿਆ ਸਹੂਲਤਾਂ ਲਈ ਆਪਣੇ ਬੱਚਿਆਂ ਨੂੰ ਵੱਡੇ ਸ਼ਹਿਰਾਂ ਵਿਚ ਭੇਜਦੇ ਹਨ। ਇਹ ਵੀ ਲੋਕਾਂ ਦੀ ਆਰਥਿਕ ਸਮਰੱਥਾ 'ਤੇ ਨਿਰਭਰ ਕਰਦਾ ਹੈ। ਪਰ, ਜਦੋਂ ਅਸੀਂ ਭਾਰਤ ਵਿਚ ਸਿੱਖਿਆ ਸੈਰ-ਸਪਾਟੇ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਮਤਲਬ ਸਿੱਖਿਆ ਉਦੇਸ਼ਾਂ ਲਈ ਭਾਰਤ ਨੂੰ ਯਾਤਰੀ ਟਿਕਾਣੇ ਵਜੋਂ ਵਿਕਸਤ ਕਰਨ ਤੋਂ ਲਿਆ ਜਾਂਦਾ ਹੈ। ਸੈਰ-ਸਪਾਟਾ ਦੇ ਇਸ ਖੇਤਰ ਨੂੰ ਸੈਰ-ਸਪਾਟਾ ਮੰਤਰਾਲਾ ਦੀ 2015 ਦੀ ਰਿਪੋਰਟ ਵਿਚ ਸੈਰ-ਸਪਾਟਾ ਦੇ ਛੋਟੇ ਖੇਤਰ ਦਾ ਦਰਜਾ ਵੀ ਨਹੀਂ ਦਿਤਾ ਗਿਆ, ਜਿਸ ਤੋਂ ਪਤਾ ਲਗਦਾ ਹੈ ਕਿ ਭਾਰਤ ਸਰਕਾਰ ਨੇ ਸੈਰ-ਸਪਾਟੇ ਦੇ ਇਸ ਵਿਸ਼ੇਸ਼ ਖੇਤਰ ਦੇ ਸੰਭਾਵਿਤ ਵਿਕਾਸ ਦਾ ਮੁੱਲੰਕਣ ਨਹੀਂ ਕੀਤਾ।

## ਆਸ ਭਰਪੂਰ ਭਵਿੱਖ

ਭਾਵੇਂ ਕਿ ਭਾਰਤ ਵਿਚ ਸਿੱਖਿਆ ਸੈਰ-ਸਪਾਟੇ ਦਾ ਵਰਤਮਾਨ ਦ੍ਰਿਸ਼ ਧੁੰਦਲਾ ਨਜ਼ਰ ਆ ਰਿਹਾ ਹੈ, ਪਰ ਇਸ ਵਿਚ ਚਮਕਣ ਦੀ ਸੰਭਾਵਨਾ ਵੀ ਹੈ। ਵਿਸ਼ਵ ਰਿਪੋਰਟਾਂ ਵਿਚ ਸਿੱਖਿਅਕ ਸੈਰ-ਸਪਾਟਾ ਪੱਖੀ ਕਈ ਤੱਥਾਂ ਨੂੰ ਉਜਾਗਰ ਕੀਤਾ ਗਿਆ ਹੈ। ਇਹ ਤੱਥ ਭਾਰਤ ਵਿਚ ਵੀ ਮੌਜੂਦ ਹਨ ਜੋ ਇਥੇ ਸਿੱਖਿਆ ਸੈਰ-ਸਪਾਟਾ ਦੇ ਵਧਣ ਫੁਲਣ ਦੀ ਆਸ ਪੈਦਾ ਕਰਦੇ ਹਨ। ਇਥੋਂ ਤਕ ਕਿ ਸੈਰ-ਸਪਾਟਾ ਮੰਤਰਾਲਾ ਦੀ 2015 ਦੀ ਸਾਲਾਨਾ ਰਿਪੋਰਟ ਵੀ ਕਹਿੰਦੀ ਹੈ "ਭਾਰਤ ਦਾ ਦੂਜੀਆਂ ਸਭਿਆਤਾਵਾਂ ਨਾਲ ਸੰਪਰਕ ਇਸ ਦੇ ਲੋਕਾਂ ਦੀ ਅਮੀਰ ਵਿਰਾਸਤੀ ਭਿੰਨਤਾ ਵਿਚ ਭਾਸ਼ਾਵਾਂ, ਖਾਣਾ-ਪੀਣਾ, ਰਵਾਇਤਾਂ, ਕਲਾ ਅਤੇ ਹੱਥ ਕਲਾ ਦੇ ਮਾਧਿਅਮ ਰਾਹੀਂ ਪ੍ਰਦਰਸ਼ਿਤ ਕੀਤਾ ਗਿਆ ਹੈ। ਪਿਛਲੇ ਸਾਲਾਂ ਵਿਚ ਵਿਦੇਸ਼ੀ ਯਾਤਰੀਆਂ ਦੀ ਆਮਦ ਵਿਚ ਵੱਡਾ ਵਾਧਾ ਹੋਣ ਦੇ ਬਾਵਜੂਦ, ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਹਾਲੇ ਵੀ ਭਾਰਤ ਵਿਚ ਸੈਰ-ਸਪਾਟੇ ਦੀਆਂ ਅਣਵਰਤੀਆਂ ਬੇਸ਼ੁਮਾਰ ਸੰਭਾਵਨਾਵਾਂ ਹਨ।

## ਭਾਰਤ 'ਚ ਸੈਰ-ਸਪਾਟੇ ਲਈ ਸਰੋਤ ਆਧਾਰ

ਭਾਰਤ ਕੋਲ ਸੈਰ-ਸਪਾਟੇ ਦੇ ਅਥਾਹ ਸਰੋਤ ਹਨ ਜਿਨ੍ਹਾਂ ਨੂੰ ਸਿੱਖਿਆ ਸੈਰ-ਸਪਾਟੇ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਚੋਂ

ਕੁਝ ਹਨ – ਸੱਭਿਆਚਾਰਕ ਜਾਂ ਇਤਿਹਾਸਕ ਸੈਰ-ਸਪਾਟਾ, ਵਾਤਾਵਰਨਿਕ ਜਾਂ ਕੁਦਰਤ ਆਧਾਰਿਤ ਸੈਰ-ਸਪਾਟਾ, ਪੇਂਡੂ ਸੈਰ-ਸਪਾਟਾ, ਡਾਕਟਰੀ ਸੈਰ-ਸਪਾਟਾ ਆਦਿ। ਇਸ ਦੇ ਨਾਲ ਹੀ ਬਹੁਤ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਅਦਾਨ ਪ੍ਰਦਾਨ ਵੀ ਵਿਸ਼ਵਵਿਦਿਆਲਿਆਂ ਵਿਚ ਹੁੰਦਾ ਹੈ ਜੋ ਵਿਦੇਸ਼ੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਭਾਰਤ ਵਿਚ ਕੁੱਝ ਸਮਾਂ ਬਿਤਾਉਣ ਵਿਚ ਸਹਾਇਕ ਹੁੰਦੇ ਹਨ। ਕੁਝ ਵਿਸ਼ੇ ਜਿਨ੍ਹਾਂ ਨੂੰ ਸਿੱਖਿਆ ਸੈਰ-ਸਪਾਟੇ ਲਈ ਵਰਤਿਆ ਜਾ ਸਕਦਾ ਹੈ, ਉਹ ਹਨ – ਸੱਭਿਆਚਾਰਕ ਅਤੇ ਇਤਿਹਾਸਕ ਵਿਸ਼ੇ, ਜਿਨ੍ਹਾਂ ਵਿਚ ਸ਼ਾਮਿਲ ਹਨ – ਕਲਾ ਅਤੇ ਹੱਥ ਕਲਾਵਾਂ, ਵਾਸਤੂਕਲਾ, ਭਾਸ਼ਾ, ਪੁਰਾਤੱਤਵ ਥਾਵਾਂ, ਸੰਗੀਤ, ਨਾਚ ਆਦਿ, ਵਾਤਾਵਰਨਿਕ ਸੁਖਾਵੇਂ ਸੈਰ-ਸਪਾਟੇ ਵਿਚ – ਜੀਵ-ਜੰਤੂਆਂ ਦੀਆਂ 65000 ਕਿਸਮਾਂ ਦੀ ਖੋਜ ਜਿਨ੍ਹਾਂ ਵਿਚ 350 ਥਣਧਾਰੀ, 408 ਰੀਂਗ ਕੇ ਚਲੱਣ ਵਾਲੇ, 197 ਜਲ ਅਤੇ ਥਲ ਵਿਚ ਰਹਿਣ ਵਾਲੇ, 1244 ਪੰਛੀ, 2546 ਮੱਛੀਆਂ ਅਤੇ ਬਨਸਪਤੀ ਦੀਆਂ 15000 ਕਿਸਮਾਂ ਸ਼ਾਮਿਲ ਹਨ। ਭਾਰਤ ਵਿਚ 80 ਰਾਸ਼ਟਰੀ ਪਾਰਕ ਅਤੇ 441 ਰੱਖਾਂ ਹਨ ਜਿਨ੍ਹਾਂ ਵਿਚੋਂ ਕੁਝ ਏਸ਼ੀਆ ਵਿਚੋਂ ਸਭ ਤੋਂ ਵੱਡੀਆਂ ਜੰਗਲੀ ਜੀਵਨ ਦੀਆਂ ਰੱਖਾਂ ਹਨ। ਧਾਰਮਿਕ ਵਿਸ਼ੇ ਵੀ ਹੋ ਸਕਦੇ ਹਨ ਜਿਨ੍ਹਾਂ ਵਿਚ ਭਾਰਤ ਅੰਦਰ ਮੰਦਰਾਂ ਦੀ ਲੜੀ ਦੀ ਖੋਜ ਅਤੇ ਉਨ੍ਹਾਂ ਦੀ ਪਿੱਠਭੂਮੀ ਵਿਚ ਰਵਾਇਤਾਂ ਅਤੇ ਵਿਸ਼ਵਾਸ ਸ਼ਾਮਿਲ ਹੈ।

### ਭਾਰਤ ਵਿਚ ਸਿੱਖਿਆ – ਸੈਰ-ਸਪਾਟਾ ਲਈ ਬਾਜ਼ਾਰ

ਭਾਵੇਂ ਕਿ ਵਰਤਮਾਨ ਸਮੇਂ ਭਾਰਤ ਵਿਚ ਸਿੱਖਿਆ ਸੈਰ-ਸਪਾਟਾ ਦਾ ਵੱਡਾ ਬਾਜ਼ਾਰ ਨਹੀਂ ਹੈ, ਪਰ ਕੁਝ ਪੱਖ ਇਸ਼ਾਰਾ ਕਰਦੇ ਹਨ ਕਿ ਇਹ ਬਾਜ਼ਾਰ ਵਿਕਸਤ ਹੋਣ ਵੱਲ ਵਧ ਰਿਹਾ ਹੈ। ਆਓ, ਸੈਰ-ਸਪਾਟਾ ਮੰਤਰਾਲਾ ਦੀ 2015 ਦੀ ਸਾਲਾਨਾ ਰਿਪੋਰਟ ਅਤੇ ਓ ਈ ਸੀ ਡੀ ਦੀ ਐਜੂਕੇਸ਼ਨ ਐਟ ਏਗਲਾਂਸ, 2015 ਵਿਚ ਵਰਨਣ ਕੀਤੇ ਹੇਠਲੇ ਪੱਖਾਂ ਵੱਲ ਧਿਆਨ ਦਈਏ :

- ਸਾਲ 2014 ਵਿਚ ਭਾਰਤ ਅੰਦਰ ਵਿਦੇਸ਼ੀ ਯਾਤਰੀਆਂ ਦੀ ਆਮਦ ਵਿਚ 10.6 ਪ੍ਰਤਿਸ਼ਤ ਦਾ ਵਾਧਾ ਹੋਇਆ ਜੋ ਵਿਸ਼ਵ ਭਰ ਵਿਚ ਅੰਤਰਰਾਸ਼ਟਰੀ ਯਾਤਰੀਆਂ ਦੀ ਆਮਦ ਦੀ ਦਰਮਿਆਨੀ ਵਿਕਾਸ ਦਰ 4.7 ਤੋਂ ਵੱਧ ਹੈ।

- ਬੋਲਣ ਅਤੇ ਹਦਾਇਤਾਂ ਦੇਣ ਲਈ ਵਰਤੀ ਜਾਂਦੀ ਭਾਸ਼ਾ ਕਦੇ-ਕਦੇ ਇਹ ਨਿਰਧਾਰਤ ਕਰਦੀ ਹੈ ਕਿ ਵਿਦਿਆਰਥੀ ਕਿਸ ਦੇਸ਼ ਵਿਚ ਸਿੱਖਿਆ ਪ੍ਰਾਪਤ ਕਰੇਗਾ। ਉਹ ਦੇਸ਼ ਜਿਨ੍ਹਾਂ ਦੀ ਹਦਾਇਤਾਂ ਦੇਣ ਦੀ ਭਾਸ਼ਾ ਵੱਡੀ ਗਿਣਤੀ ਵਿਚ ਬੋਲੀ ਅਤੇ ਪੜ੍ਹੀ ਜਾਂਦੀ ਹੈ (ਜਿਵੇਂ ਕਿ ਅੰਗਰੇਜ਼ੀ) ਉਹ ਵਿਦੇਸ਼ੀ ਵਿਦਿਆਰਥੀਆਂ ਲਈ ਮੋਹਰੀ ਅਤੇ ਪਹਿਲੀ ਪਸੰਦ ਹੁੰਦੇ ਹਨ, ਸੰਪੂਰਨ ਅਤੇ ਮੁਕਾਬਲਤਨ ਦੋਨਾਂ ਅਰਥਾਂ ਵਿਚ।

- ਅੰਤਰਰਾਸ਼ਟਰੀ ਵਿਦਿਆਰਥੀ ਆਪਣੀ ਪੜ੍ਹਾਈ ਦੀ ਮੰਜ਼ਿਲ ਜ਼ਿਆਦਾ ਤੋਂ ਜ਼ਿਆਦਾ ਸਿੱਖਿਆ ਦੀ ਗੁਣਵੱਤਾ ਨੂੰ ਵੇਖ ਕੇ ਚੁਣਦੇ ਹਨ ਜੋ ਉਨ੍ਹਾਂ ਨੂੰ ਜਾਣਕਾਰੀ ਦੇ ਵੱਖ-ਵੱਖ ਸਾਧਨਾਂ ਅਤੇ ਉੱਚ ਸਿੱਖਿਆ ਪ੍ਰੋਗਰਾਮਾਂ ਦੀ ਦਰਜਾਬੰਦੀ ਤੋਂ ਮਿਲ ਜਾਂਦੀ ਹੈ ਜੋ ਛਪਾਈ ਅਤੇ ਆਨਲਾਈਨ ਦੋਵੇਂ ਤਰ੍ਹਾਂ ਉਪਲਬਧ ਹਨ।

- ਅਧਿਆਪਨ ਦਾ ਖਰਚਾ ਵੀ ਸਿੱਖਿਆ ਦੀ ਮੰਜ਼ਿਲ ਚੁਣਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ, ਭਾਵੇਂ ਕਿ ਜ਼ਰੂਰੀ ਨਹੀਂ ਕਿ ਅਧਿਆਪਨ ਦਾ ਖਰਚਾ ਭਵਿੱਖੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਬੇਦਿਲ ਕਰੇ ਜਦ ਤਕ ਕਿ ਸਿੱਖਿਆ ਦੀ ਗੁਣਵੱਤਾ ਵਧੀਆ ਹੈ ਅਤੇ ਇਸ ਦੇ ਸੰਭਾਵਤ ਫ਼ਾਇਦੇ ਨਿਵੇਸ਼ ਨੂੰ ਸਾਰਥਕ ਕਰਦੇ ਹਨ।

- ਪਿਛਲੇ ਸਾਲਾਂ ਵਿਚ ਅਨੇਕ ਓ ਈ ਸੀ ਡੀ ਦੇਸ਼ਾਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਅਸਥਾਈ ਜਾਂ ਸਥਾਈ ਪ੍ਰਵਾਸ ਨੂੰ ਉਤਸ਼ਾਹਿਤ ਕਰਨ ਲਈ ਆਪਣੀਆਂ ਪ੍ਰਵਾਸ ਨੀਤੀਆਂ ਸਰਲ ਕੀਤੀਆਂ ਹਨ (ਓ ਈ ਸੀ ਡੀ, 2008) ਅਜਿਹਾ ਕਰਨ ਨਾਲ ਇਹ ਦੇਸ਼ ਵਿਦਿਆਰਥੀਆਂ ਵਾਸਤੇ ਹੋਰ ਆਕਰਸ਼ਕ ਬਣ ਗਏ ਹਨ ਅਤੇ ਉਨ੍ਹਾਂ ਦੀ ਮਜ਼ਦੂਰ ਸ਼ਕਤੀ ਮਜ਼ਬੂਤ ਹੁੰਦੀ ਹੈ। ਸਿੱਟੇ ਵਜੋਂ, ਪ੍ਰਵਾਸ ਸੰਬੰਧੀ ਵਿਚਾਰਾਂ ਅਤੇ ਅਧਿਆਪਨ ਲਾਗਤ ਵੀ ਕੁੱਝ ਵਿਦਿਆਰਥੀਆਂ ਦੇ ਫ਼ੈਸਲਿਆਂ ਤੋਂ ਅਸਰਅੰਦਾਜ਼ ਹੁੰਦੇ ਹਨ ਕਿ ਵਿਦੇਸ਼ ਵਿਚ ਕਿੱਥੇ ਪੜ੍ਹਾਈ ਕਰਨੀ ਹੈ (ਓ ਈ ਸੀ ਡੀ, 2011)।

- ਕਿੱਥੇ ਪੜ੍ਹਾਈ ਕਰਨੀ ਹੈ ! ਇਸ ਬਾਰੇ ਫ਼ੈਸਲਾ ਲੈਣ ਸਮੇਂ ਵਿਦਿਆਰਥੀ ਦੂਜੇ ਪੱਖਾਂ 'ਤੇ ਵੀ ਗੌਰ ਕਰਦੇ ਹਨ ਜਿਵੇਂ : ਵਿਸ਼ੇਸ਼ ਸੰਸਥਾਨਾਂ ਜਾਂ ਪ੍ਰੋਗਰਾਮਾਂ ਦੀ ਅਕਾਦਮਿਕ ਸਾਖ, ਡਿਗਰੀ ਦੀਆਂ ਲੋੜਾਂ ਲਈ ਵਿਦੇਸ਼ ਵਿਚ ਬਿਤਾਏ ਸਮੇਂ ਬਾਰੇ ਪ੍ਰੋਗਰਾਮਾਂ ਦੀ ਲਚਕਤਾ, ਮੇਜ਼ਬਾਨ ਦੇਸ਼ ਵਿਚ ਤੀਜੇ ਪੱਧਰ ਦੀ ਸਿੱਖਿਆ ਦੀਆਂ ਸੀਮਾਵਾਂ, ਆਪਣੇ ਦੇਸ਼ ਵਿਚ ਵਿਸ਼ਵਵਿਦਿਆਲਿਆਂ ਦੀ ਦਾਖ਼ਲਾ ਨੀਤੀ; ਦੇਸ਼ਾਂ ਵਿਚਾਲੇ ਭੂਗੋਲਿਕ, ਵਪਾਰਕ ਜਾਂ ਇਤਿਹਾਸਕ ਸੰਬੰਧ; ਭਵਿੱਖੀ ਨੌਕਰੀਆਂ ਦੇ ਮੌਕੇ, ਸਭਿਆਚਾਰਕ ਹਸਰਤਾਂ ਅਤੇ ਮੂਲ ਮੁਲਕ ਅਤੇ ਮੇਜ਼ਬਾਨ ਮੁਲਕ ਦਰਮਿਆਨ ਪੈਸਾ ਤਬਦੀਲ ਕਰਨ ਸੰਬੰਧੀ ਸਰਕਾਰੀ ਨੀਤੀਆਂ।

**ਉਪਰੋਕਤ ਵਰਣਨ ਕੀਤੇ ਸਾਰੇ ਤੱਥਾਂ ਦਾ ਬਾਰੀਕੀ ਨਾਲ ਮੁਤਾਲਿਆ ਕਰਨ ਤੋਂ ਬਾਅਦ, ਅਸੀਂ ਦੇਖਦੇ ਹਾਂ ਕਿ ਭਾਰਤ ਵਿਚ ਅੰਗਰੇਜ਼ੀ ਨਿਰਦੇਸ਼ ਦੀ ਭਾਸ਼ਾ ਹੈ ਅਤੇ ਲਗਭਗ ਸਾਰੇ ਵੱਡੇ ਸ਼ਹਿਰਾਂ ਦੇ ਲੋਕਾਂ ਵਿਚ ਵੱਡੇ ਪੱਧਰ 'ਤੇ ਪੜ੍ਹੀ ਅਤੇ ਬੋਲੀ ਜਾਂਦੀ ਹੈ। ਭਾਰਤ ਵਿਚ ਉੱਚ ਗੁਣਵੱਤਾ ਵਾਲੀ ਸਿੱਖਿਆ ਦੀ ਕੋਈ ਘਾਟ ਨਹੀਂ, ਉਹ ਵੀ ਬਹੁਤ ਘੱਟ ਫ਼ੀਸ 'ਤੇ, ਜਿਸ ਦਾ ਸਬੂਤ ਭਾਰਤ ਵਿਚ ਪੜ੍ਹੇ ਡਾਕਟਰ ਅਤੇ ਇੰਜੀਨੀਅਰ ਹਨ ਜੋ ਵਿਦੇਸ਼ਾਂ ਵਿਚ ਨੌਕਰੀ ਕਰ ਰਹੇ ਹਨ।**

ਭਾਰਤ ਦੀ ਪ੍ਰਵਾਸ ਨੀਤੀ ਵੀ ਬਹੁਤ ਸਖ਼ਤ ਨਹੀਂ ਹੈ ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਭਾਰਤ ਆਉਣ ਵਿਚ ਰੁਕਾਵਟ ਬਣੇ। ਪਰ ਇਥੇ ਦਿਤੀ ਜਾਂਦੀ ਡਿਗਰੀ ਨੂੰ ਵਿਸ਼ਵੀ ਮਿਆਰ ਦੀ ਨਹੀਂ ਸਮਝਿਆ ਜਾਂਦਾ, ਨਾ ਹੀ ਮੂਲ ਅਤੇ ਮੇਜ਼ਬਾਨ ਦੇਸ਼ ਵਿਚਾਲੇ ਪੈਸੇ ਤਬਦੀਲ ਕਰਨ ਦਾ ਕੋਈ ਢੁਕਵਾਂ ਅਤੇ ਇਕਸਾਰ ਤੰਤਰ ਹੈ। ਜੇ ਅਸੀਂ ਆਪਣੀ ਸਿੱਖਿਆ ਪ੍ਰਣਾਲੀ ਵਿਚਲੀਆਂ ਕਮੀਆਂ ਨੂੰ ਦੂਰ ਕਰ ਸਕੀਏ ਅਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਸਾਰੀਆਂ ਸਹੂਲਤਾਂ ਦੇ ਸਕੀਏ, ਤਾਂ ਯਕੀਨੀ ਤੌਰ ਤੇ ਭਾਰਤ ਸਿੱਖਿਆ ਸੈਰ-ਸਪਾਟੇ ਲਈ ਆਉਣ ਅਤੇ ਜਾਣ ਵਾਲਿਆਂ ਵਾਸਤੇ ਤਰਜੀਹੀ ਦੇਸ਼ ਵਜੋਂ ਉੱਭਰ ਕੇ ਸਾਹਮਣੇ ਆ ਜਾਵੇਗਾ।

*(ਲੇਖਕ ਕ੍ਰਮਵਾਰ ਅਸਿਸਟੈਂਟ ਪ੍ਰੋਫ਼ੈਸਰ, ਸੈਂਟਰਲ ਯੂਨੀਵਰਸਿਟੀ ਆਫ਼ ਜੰਮੂ ਅਤੇ ਅਸਿਸਟੈਂਟ ਪ੍ਰੋਫ਼ੈਸਰ, ਆਈ ਆਈ ਐੱਮ ਸੀ ਹਨ।)*

*e-mail :kumardivyanshu@gmail.com*

# ਸੈਰ-ਸਪਾਟਾ ਸੱਨਅਤ - ਕਾਰਜ ਵਾਸਤੇ ਜ਼ੋਰ ਦੇਣ ਵਾਲੇ ਖੇਤਰ

ਜੀ. ਅੰਜਨੀਆ ਸਵਾਮੀ

ਅਰਥ-ਸ਼ਾਸ਼ਤਰੀਆਂ ਅਤੇ ਨੀਤੀ ਬਣਾਉਣ ਵਾਲਿਆਂ ਨੇ ਆਰਥਿਕ ਵਿਕਾਸ ਦੇ ਹੱਲ ਦੀ ਖੋਜ ਕਰਦਿਆਂ ਲੋਕਾਂ ਦੀ ਉੱਦਮੀ ਭਾਵਨਾ ਅਤੇ ਅੰਦਰੂਨੀ ਇੱਛਾ 'ਤੇ ਹੱਥ ਧਰਿਆ ਹੈ। ਸਰੋਤਾਂ ਦੀ ਪੂਰਤੀ ਅਤੇ ਸੰਭਾਵਨਾ ਕੁਝ ਵੀ ਹੋਵੇ, ਜੇ ਇਨ੍ਹਾਂ ਸਰੋਤਾਂ ਦਾ ਉੱਦਮੀ ਵਲੋਂ ਸਮਝਦਾਰੀ ਨਾਲ ਇਸਤੇਮਾਲ ਨਹੀਂ ਕੀਤਾ ਜਾਂਦਾ ਤਾਂ ਕੁਝ ਵੀ ਨਹੀਂ ਵਾਪਰਦਾ। ਇਸ ਤਰ੍ਹਾਂ ਉੱਦਮੀ ਨੂੰ ਬਦਲਾਅ ਦਾ ਪ੍ਰਤੀਨਿਧ ਤੇ ਉਤਪ੍ਰੇਰਕ ਆਖਣਾ ਉੱਚਿਤ ਹੋਵੇਗਾ। ਉੱਦਮੀਆਂ ਨੂੰ ਦੂਰ-ਦ੍ਰਿਸ਼ਟੀ, ਇੱਛਾ ਸ਼ਕਤੀ ਅਤੇ ਯੋਗਤਾ ਲਈ ਜਾਣਿਆ ਜਾਂਦਾ ਹੈ ਜੋ ਮੌਕਿਆਂ ਨੂੰ ਪਛਾਣਨ ਅਤੇ ਸਮਾਜ ਦੀ ਭਲਾਈ ਲਈ ਉਨ੍ਹਾਂ ਤੋਂ ਫ਼ਾਇਦਾ ਲੈਣ ਵਿਚ ਨਿਪੁੰਨ ਹੁੰਦੇ ਹਨ। ਉੱਦਮੀ ਸਰੋਤਾਂ ਨੂੰ ਆਰਥਿਕ ਕੀਮਤ ਪ੍ਰਦਾਨ ਕਰਦੇ ਹਨ। ਪੀਟਰ ਡ੍ਰਕਰ (2009) ਦੇ ਕਥਨ ਅਨੁਸਾਰ 'ਹਰੇਕ ਖਣਿਜ ਇਕ ਹੋਰ ਚਟਾਨ ਹੁੰਦੀ ਹੈ ਅਤੇ ਹਰੇਕ ਪੌਦਾ ਇਕ ਹੋਰ ਘਾਹ-ਫੂਸ ਹੁੰਦਾ ਹੈ, ਜਦੋਂ ਤਕ ਕੋਈ ਉਨ੍ਹਾਂ ਦਾ ਫ਼ਾਇਦਾ ਨਹੀਂ ਲੱਭ ਲੈਂਦਾ'। ਉਹ ਆਪਣੀਆਂ ਅਣਥੱਕ ਕੋਸ਼ਿਸ਼ਾਂ ਦੁਆਰਾ ਦੇਸ਼ਾਂ ਦੀ ਭੌਤਿਕ ਖ਼ੁਸ਼ਹਾਲੀ ਵਿਚ ਵਾਧਾ ਕਰਦੇ ਹਨ। ਜਾਰਜ ਗਿਲਡਰ ਮੁਤਾਬਕ, "ਆਪਾਂ ਸਾਰੇ ਆਪਣੀ ਉਪਜੀਵਕਾ ਅਤੇ ਤਰੱਕੀ ਲਈ ਵਿਸ਼ੇਸ਼ ਪੁਰਸ਼ਾਂ/ਔਰਤਾਂ ਦੀ ਸਿਰਜਣਾਤਮਕਤਾ ਅਤੇ ਹੌਸਲੇ 'ਤੇ ਨਿਰਭਰ ਹਾਂ ਜੋ ਚੁਣੌਤੀਆਂ ਸਵੀਕਾਰ ਕਰਦੇ ਹਨ ਅਤੇ ਸਾਡੀ ਅਮੀਰੀ ਪੈਦਾ ਕਰਦੇ ਹਨ।"

### ਸੈਰ-ਸਪਾਟਾ ਅਤੇ ਆਰਥਿਕ ਵਿਕਾਸ ਵਿਚ ਉੱਦਮਸ਼ੀਲਤਾ

ਜਿਵੇਂ ਕਿ ਮਾਇਰ ਅਤੇ ਬਾਲਡਵਿਨ ਨੇ ਆਖਿਆ ਹੈ, "ਵਿਕਾਸ ਕੁਦਰਤੀ ਤੌਰ ਤੇ ਇਕਦਮ ਨਹੀਂ ਹੁੰਦਾ, ਜਦੋਂ ਆਰਥਿਕ ਹਾਲਾਤ ਇਕ ਤਰੀਕੇ ਨਾਲ ਠੀਕ ਹੋਣ, ਇਕ ਉਤਪ੍ਰੇਰਕ ਜਾਂ ਪ੍ਰਤੀਨਿਧੀ ਦੀ ਲੋੜ ਹੁੰਦੀ ਹੈ ਅਤੇ ਇਸ ਵਾਸਤੇ ਉੱਦਮੀ ਸਰਗਰਮੀ ਦੀ ਲੋੜ ਹੈ।" ਇਸ ਸੰਦਰਭ ਵਿਚ ਇਹ ਗੌਰ ਕਰਨਾ ਬਣਦਾ ਹੈ ਕਿ ਸੈਰ-ਸਪਾਟਾ ਨੇ ਇਕ ਸੱਨਅਤ ਦੇ ਤੌਰ ਤੇ ਹੁਲਾਰਾ ਲਿਆ ਹੈ ਅਤੇ ਪੂਰੀ ਦੁਨੀਆਂ ਵਿਚ ਇਹ ਸ਼ਾਨਦਾਰ ਦਰ ਨਾਲ ਤਰੱਕੀ ਕਰ ਰਿਹਾ ਹੈ। ਸੇਵਾਵਾਂ ਦੇ ਖੇਤਰ ਵਿਚ ਸੈਰ-ਸਪਾਟਾ ਇਕ ਬੇਹਤਰ ਵਿਕਲਪ ਸਾਬਤ ਹੋਇਆ ਹੈ ਜਿਸ ਦਾ ਸਿਹਰਾ ਘੱਟ ਪੂੰਜੀ ਦੀ ਲੋੜ ਅਤੇ ਵਪਾਰ ਸਥਾਪਤ ਕਰਨ ਵਿਚ ਸੁਖੈਨਤਾ ਜਿਹੇ ਗੁਣਾਂ ਨੂੰ ਜਾਂਦਾ ਹੈ। ਇਸ ਕਰਕੇ, ਯਾਤਰੀਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਸੇਵਾਵਾਂ ਨੂੰ ਵੇਖਦਿਆਂ ਸੈਰ-ਸਪਾਟਾ ਖੇਤਰ ਵਿਚ ਉੱਦਮਸ਼ੀਲਤਾ ਦੀਆਂ ਸੰਭਾਨਾਵਾਂ ਹਨ। ਇਸ ਪ੍ਰਕਾਰ ਸੈਰ-ਸਪਾਟਾ ਸੱਨਅਤ ਵਿਚ ਸਾਰੀਆਂ ਵਪਾਰਕ ਸਰਗਰਮੀਆਂ ਆ ਜਾਂਦੀਆਂ ਹਨ ਜੋ ਸੈਰ-ਸਪਾਟਾ ਅਤੇ ਇਸ ਨਾਲ ਜੁੜੇ ਸਹਾਇਕ ਖੇਤਰਾਂ ਵਿਚ ਫੈਲੀਆਂ ਹੋਈਆਂ ਹਨ। ਇਨ੍ਹਾਂ ਵਿਚ ਆਵਾਜਾਈ, ਹੋਟਲ ਅਤੇ ਖਾਣ-ਪੀਣ ਪ੍ਰਬੰਧਨ, ਟ੍ਰੈਵਲ ਏਜੰਸੀਆਂ, ਟੂਰ ਆਪਰੇਟਰ, ਮਨ-ਪ੍ਰਚਾਵਾ, ਉਤਪਾਦਨ ਅਤੇ ਕਲਾ ਤੇ ਹੱਥ-ਕਲਾਵਾਂ ਦੇ ਕੰਮ ਦਾ ਬਾਜ਼ਾਰੀਕਰਨ, ਕਾਨਫਰੰਸਾਂ/ਸਮਾਗਮ ਅਤੇ ਪ੍ਰਦਰਸ਼ਨੀਆਂ, ਪਾਰਕਾਂ ਅਤੇ ਮਨੋਰੰਜਨ ਦੀਆਂ ਦੂਜੀਆਂ ਥਾਵਾਂ ਦਾ ਪ੍ਰਬੰਧਨ ਸ਼ਾਮਿਲ ਹਨ।

ਸੈਰ-ਸਪਾਟਾ ਸੱਨਅਤ ਬਾਰੇ ਮੌਜੂਦਾ ਸਾਹਿਤ ਦਾ ਮੁੱਲੰਕਣ ਸਾਨੂੰ ਖੋਜਕਾਰਾਂ ਦੇ ਵਿਚਾਰਕ ਅਤੇ ਅਨੁਭਵੀ ਕੰਮਾਂ ਤਕ ਲੈ ਜਾਂਦਾ ਹੈ ਜਿਨ੍ਹਾਂ ਵਿਚੋਂ ਪ੍ਰਮੁੱਖ ਹਨ - ਮਾਇਰ ਅਤੇ ਬਾਲਡਵਿਨ (1957), ਡੇਵਿਡ ਸੀ.ਮੈਕਲੈਂਡ (1961), ਜਾਰਜ ਗਿਲਡਰ (1984), ਟੈਡ ਸਿਲਬਰਬਰਗ (1955), ਐਲੀਸਨ ਮਾਰੀਸਨ (1999), ਬੇਜਬਰੁਹਾ (1999), ਹੇਡੀ ਡੇਅਲਜ਼ ਅਤੇ ਕੇਰਨ ਬ੍ਰਾਸ (1999), ਐਂਡਿਊ ਟਰਨਬੁੱਲ (2002), ਰਸਲ ਅਤੇ ਬਿਲ ਫਾਲਨਰ (2004), ਸਟੀਫਨ ਬਾਲ (2005), ਮੇਲੋਡੀ ਬੋਥਾ (2006), ਨਾਥਨ ਕੇ. ਆਸਟਿਨ (2007), ਪੀਟਰ ਡ੍ਰਕਰ (2009), ਰੋਜ਼ਲੀਨ ਸਟੀਫਨ ਜੇ. ਪੇਜ ਅਤੇ ਜੋਵੋ ਅਟੇਲਜੇਵਿਕ (2009), ਅਨਜਾਨ ਭੁਆਨ (2010), ਕਲੌਸ ਵੇਰਮਾਇਰ (2010), ਰਾਜੇਂਦਰ ਪਾਲ (2010), ਬ੍ਰੈਂਡਨ ਕੋਨੇ (2012), ਅਮਾਤਾ ਮਵਾਲੋ ਮੈਥਿਆਸ (2013), ਹਿਊਜ਼ ਸੇਰਾਫਿਨ (2013) ਆਦਿ ਜਿਨ੍ਹਾਂ ਨੇ ਸੈਰ-ਸਪਾਟਾ ਅਤੇ ਸੰਬੰਧਿਤ ਖੇਤਰਾਂ ਵਿਚ ਉੱਦਮਸ਼ੀਲਤਾ ਦੇ ਵੱਖ-ਵੱਖ ਪੱਖਾਂ ਦਾ ਮੁੱਲੰਕਣ ਕੀਤਾ। ਇਨ੍ਹਾਂ ਵਿਚੋਂ ਜ਼ਿਆਦਾਤਰ ਖੋਜਾਂ ਖੇਤਰ ਵਿਸ਼ੇਸ਼ ਹਨ ਜੋ ਸੰਬੰਧਿਤ ਖਿੱਤਿਆਂ/ਦੇਸ਼ਾਂ ਵਿਚ ਸੈਰ-ਸਪਾਟਾ ਸੱਨਅਤ ਵਿਚ ਉੱਦਮੀ ਸਰਗਰਮੀਆਂ 'ਤੇ ਕੇਂਦਰਿਤ ਹਨ।

### ਨਵੀਨਤਮ ਸੈਰ-ਸਪਾਟਾ ਉਤਪਾਦ - ਭਾਰਤੀ ਸੈਰ-ਸਪਾਟੇ ਦੀ ਭਵਿੱਖੀ ਤਰੱਕੀ ਦੀ ਚਾਬੀ

ਇਹ ਸਚਾਈ ਹੈ ਕਿ ਨਵੀਨਤਮ ਸੈਰ-ਸਪਾਟਾ ਉਤਪਾਦ ਭਾਰਤੀ ਸੈਰ-ਸਪਾਟਾ ਸੱਨਅਤ ਦੀ ਸਫਲਤਾ ਅਤੇ ਉਪਜੀਵਕਾ ਦੀ ਚਾਬੀ ਹਨ, ਇਸ 'ਤੇ ਜ਼ੋਰ ਦੇਣ ਦੀ ਕੋਈ ਲੋੜ ਨਹੀਂ। ਸੈਰ-ਸਪਾਟਾ ਦੇ ਵੱਡੇ ਪੱਧਰ 'ਤੇ ਪ੍ਰਚਾਰੇ ਜਾਂਦੇ ਫ਼ਾਇਦਿਆਂ ਦੇ ਬਾਵਜੂਦ, ਸਰਕਾਰ ਅਤੇ ਵਿਕਾਸ ਏਜੰਸੀਆਂ ਦੇ ਭਾਰਤੀ ਸੈਰ-ਸਪਾਟਾ ਸੱਨਅਤ ਨੂੰ ਅਗਲੇ ਪੱਧਰ ਤਕ ਲਿਜਾਉਣ ਵਾਲੇ ਕਦਮ ਤਸੱਲੀਬਖਸ਼ ਨਹੀਂ ਆਖੇ ਜਾ ਸਕਦੇ। ਪਿਛਲੇ ਕਈ ਦਹਾਕਿਆਂ ਵਿਚ ਬਹੁਤੇ ਵਰਣਨ ਯੋਗ ਸੈਰ-ਸਪਾਟਾ ਸਥਾਨਾਂ 'ਤੇ ਦਬਾਅ ਦਿਨ-ਬ-ਦਿਨ ਵਧ ਰਿਹਾ ਹੈ ਜਦ ਕਿ ਸੜਕੀ ਜਾਲ, ਆਵਾਜਾਈ ਦੇ ਵਿਕਲਪ, ਸੰਚਾਰ ਸਹੂਲਤਾਂ ਵਿਚ ਸੁਧਾਰ ਹੋਇਆ ਹੈ ਅਤੇ ਸੈਰ-ਸਪਾਟਾ ਗਾਹਕਾਂ ਦੀ ਜੀਵਨ ਸ਼ੈਲੀ ਅਤੇ ਪਹਿਲਾਂ ਵਿਚ ਬਦਾਅ ਤੋਂ ਇਲਾਵਾ, ਉਨ੍ਹਾਂ ਦੀ ਆਮਦਨ ਵਿਚ ਚੋਖਾ ਵਾਧਾ ਹੋਇਆ ਹੈ। ਇਸ ਕਰਕੇ, ਇਹ ਢੁਕਵਾਂ ਸਮਾਂ ਹੈ ਕਿ ਨਵੇਂ ਉਤਪਾਦਾਂ/ਸਥਾਨਾਂ ਦੇ ਵਿਕਾਸ ਵੱਲ ਪਹਿਲਾਂ ਨਾਲੋਂ ਵੱਧ ਧਿਆਨ ਦਿਤਾ ਜਾਵੇ। ਹੇਠਾਂ ਕੁਝ ਪਹਿਲਕਦਮੀਆਂ ਦਾ ਜ਼ਿਕਰ ਕਰਾਂਗੇ ਜੋ ਭਾਰਤੀ ਸੈਰ-ਸਪਾਟਾ

ਸੱਨਅਤ ਨੂੰ ਇਕ ਨਵੇਂ ਆਯਾਮ ਤਕ ਲਿਜਾ ਸਕਦੀਆਂ ਹਨ।

## ਵਿਲੱਖਣ/ਰਹੱਸਮਈ ਸਥਾਨਾਂ ਨੂੰ ਉੱਨਤ ਕਰਨਾ

ਪੱਛਮ ਤੋਂ ਉਲਟ, ਜਿਥੇ ਕੁਦਰਤ ਅਤੇ ਦਲੀਲ ਦੇ ਵਿਰੁੱਧ ਭੁਗਤਾਉਣ ਵਾਲੇ ਵਿਲੱਖਣ ਸਥਾਨਾਂ ਨੂੰ ਜ਼ੋਰ-ਸ਼ੋਰ ਨਾਲ ਉੱਨਤ ਕੀਤਾ ਜਾਂਦਾ ਹੈ, ਭਾਰਤ ਨੇ ਹਾਲੇ ਰਹੱਸਮਈ ਥਾਵਾਂ ਦੀ ਖੋਜ ਕਰਕੇ ਉਨ੍ਹਾਂ ਦਾ ਬਾਜ਼ਾਰੀਕਰਨ ਕਰਨਾ ਹੈ। ਮਿਸਾਲ ਦੇ ਲਈ, ਅਸਮ ਵਿਚ ਹਾਫਲੌਂਗ ਲਾਗੇ ਜਾਟਿੰਗਾ ਨਾਮ ਦੀ ਥਾਂ ਹੈ ਜਿਥੇ ਸਤੰਬਰ-ਨਵੰਬਰ ਦੌਰਾਨ ਹਰੇਕ ਸਾਲ ਦੂਰ ਦੇਸ਼ਾਂ ਤੋਂ ਪੰਛੀ ਆਉਂਦੇ ਹਨ ਅਤੇ ਇਕ ਨਿਰਧਾਰਤ ਚੋਟੀ ਨਾਲ ਟਕਰਾ ਕੇ ਆਤਮਹੱਤਿਆ ਕਰ ਲੈਂਦੇ ਹਨ। ਇਹ ਆਪਣੇ ਆਪ ਵਿਚ ਇਕ ਰਹੱਸ ਹੈ। ਇਸੇ ਤਰ੍ਹਾਂ ਆਂਧਰ ਪ੍ਰਦੇਸ਼ ਦੇ ਕੁਰਨੂਲ ਜ਼ਿਲ੍ਹੇ ਦੇ ਮਹਾਨੰਦੀ ਵਿਚ ਇਕ ਪਾਣੀ ਦੀ ਛੱਪੜੀ ਹੈ ਜਿਥੇ ਸਾਰਾ ਸਾਲ ਪਾਣੀ ਦਾ ਪੱਧਰ ਇਕੋ ਜਿਹਾ ਰਹਿੰਦਾ ਹੈ। ਇਹ ਟੈਂਕ 1.5 ਮੀਟਰ (5 ਫੁੱਟ) ਡੂੰਘਾ ਹੈ। ਰਹੱਸ ਇਹ ਹੈ ਕਿ ਕੋਈ ਨਹੀਂ ਜਾਣਦਾ ਟੈਂਕ ਵਿਚ ਪਾਣੀ ਕਿਵੇਂ ਦਾਖ਼ਲ ਹੁੰਦਾ ਹੈ ਅਤੇ ਇਹ ਹਮੇਸ਼ਾ ਇਕ ਪੱਧਰ 'ਤੇ ਅਤੇ ਸਾਫ਼-ਸਵੱਛ ਕਿਵੇਂ ਹੁੰਦਾ ਹੈ। ਇਹ ਸੱਚ ਕਿ ਪਾਣੀ ਇੰਨਾ ਸਾਫ਼ ਅਤੇ ਨਿਰਮਲ ਹੈ ਕਿ ਇਸ ਵਿਚ ਪਿਆ ਸਿੱਕਾ ਵੀ ਉਪਰੋਂ ਬੜੇ ਆਰਾਮ ਨਾਲ ਨਜ਼ਰ ਆ ਜਾਂਦਾ ਹੈ ਜੋ ਰਹੱਸ ਨੂੰ ਹੋਰ ਗਹਿਰਾ ਕਰਦਾ ਹੈ। ਇਕ ਹੋਰ ਵਰਨਣਯੋਗ ਰਹੱਸ ਵਾਲਾ ਸਥਾਨ ਰਾਜਸਥਾਨ ਵਿਚ ਅਲਵਰ ਲਾਗੇ ਭਾਨਗੜ੍ਹ ਕਿਲਾ ਹੈ ਜੋ ਦੁਨੀਆਂ ਭਰ ਦੀਆਂ ਸਭ ਤੋਂ ਡਰਾਉਣੀਆਂ ਥਾਵਾਂ ਵਿਚ ਸ਼ੁਮਾਰ ਹੈ। ਇਸ ਨੂੰ ਰਾਜਾ ਮਾਧੋ ਸਿੰਘ ਨੇ 1613 ਈਸਵੀ ਵਿਚ ਬਣਾਇਆ ਸੀ। ਇਕ ਦੰਦ-ਕਥਾ ਮੁਤਾਬਕ, ਬਾਬਾ ਬਾਲੂਨਾਥ ਨਾਮ ਦਾ ਇਕ ਸਾਧੂ ਕਿਲੇ ਦੇ ਖੇਤਰ ਅੰਦਰ ਰਹਿੰਦਾ ਸੀ। ਇਹ ਉਸ ਦਾ ਆਦੇਸ਼ ਸੀ ਕਿ ਕਿਲੇ ਦੀ ਹੱਦ ਅੰਦਰ ਬਣਨ ਵਾਲਾ ਕੋਈ ਵੀ ਘਰ ਉਸ ਦੇ ਘਰ ਨਾਲੋਂ ਉੱਚਾ ਨਹੀਂ ਹੋਣਾ ਚਾਹੀਦਾ ਅਤੇ ਜੇ ਅਜਿਹਾ ਕਿਸੇ ਘਰ ਦਾ ਪਰਛਾਵਾਂ ਉਸ ਦੇ ਘਰ 'ਤੇ ਪੈ ਗਿਆ ਤਾਂ ਕਿਲਾ ਤਬਾਹ ਹੋ ਜਾਵੇਗਾ। ਇਸ ਕਿਲੇ ਦੇ ਆਸ-ਪਾਸ ਘੱਟ ਹੀ ਘਰ ਵੇਖਣ ਨੂੰ ਮਿਲਦੇ ਹਨ। ਨੇੜਲੇ ਪਿੰਡਾਂ ਦੇ ਘਰਾਂ ਦੀਆਂ ਛੱਤਾਂ ਨਹੀਂ ਹਨ ਕਿਉਂਕਿ ਇਕ ਪ੍ਰਚਲਿਤ ਮਾਨਤਾ ਅਤੇ ਵਿਸ਼ਵਾਸ ਹੈ ਕਿ ਜਦੋਂ ਵੀ ਕਿਸੇ ਘਰ ਦੇ ਛੱਤ ਪਾਈ ਜਾਵੇਗੀ, ਇਹ ਡਿੱਗ ਪਵੇਗਾ। ਲੋਕਾਂ ਨੂੰ ਕਿਲੇ ਅੰਦਰ ਰਾਤ ਗੁਜ਼ਾਰਨ ਦੀ ਆਗਿਆ ਨਹੀਂ ਹੈ ਜਿਸ ਦੇ ਸੁਭਾਵਿਕ ਕਾਰਨ ਹਨ। ਇਹ ਵੀ ਆਖਿਆ ਜਾਂਦਾ ਹੈ ਕਿ ਜੋ ਵੀ ਹਨ੍ਹੇਰਾ ਹੋਣ ਤੋਂ ਬਾਅਦ ਇਸ ਥਾਂ 'ਤੇ ਗਿਆ, ਉਹ ਕਦੇ ਵੀ ਪਰਤ ਕੇ ਨਹੀਂ ਆਉਂਦਾ। ਇਕ ਹੋਰ ਥਾਂ ਮਹਾਂਰਾਸ਼ਟਰ ਵਿਚ ਸ਼ਨੀ ਸਿਗਨਾਪੁਰ ਹੈ ਜਿਥੇ ਸਾਰੇ ਪਿੰਡ ਦੇ ਘਰਾਂ ਦੇ ਦਰਵਾਜ਼ੇ ਨਹੀਂ ਹੁੰਦੇ, ਤਾਲਿਆਂ ਦੀ ਤਾਂ ਗੱਲ ਹੀ ਛੱਡੋ। ਦੰਦ-ਕਥਾ ਹੈ ਕਿ ਲੋਕਾਂ ਵਿਚ ਯਕੀਨ ਹੈ ਕਿ ਜੇ ਕੋਈ ਵੀ ਪੁਰਸ਼-ਇਸਤਰੀ ਕੋਈ ਵਸਤੂ ਚੋਰੀ ਕਰਦਾ ਹੈ ਤਾਂ ਉਸ ਨੂੰ ਪ੍ਰਮਾਤਮਾ ਵਲੋਂ ਸਖ਼ਤ ਦੰਡ ਮਿਲਦਾ ਹੈ। ਸਮਕਾਲੀ ਸਮਾਜ ਵਿਚ ਇਸ 'ਤੇ ਯਕੀਨ ਕਰਨਾ ਬਹੁਤ ਅਜੀਬ ਜਾਪਦਾ ਹੈ।

ਇਹ ਸਾਰੇ ਦਿਲਚਸਪ ਅਤੇ ਅਜੀਬ ਸਥਾਨ ਸੈਰ-ਸਪਾਟਾ ਦੇ ਪੱਖ ਤੋਂ ਅਪਾਰ ਸੰਭਾਵਨਾਵਾਂ ਨਾਲ ਲਬਰੇਜ਼ ਹਨ। ਇਨ੍ਹਾਂ ਸਰੋਤਾਂ ਤੋਂ ਫ਼ਾਇਦਾ ਲੈਣ ਲਈ ਉੱਦਮਸ਼ੀਲਤਾ ਦੀ ਜ਼ਰੂਰਤ ਹੈ। ਉਤਪਾਦ ਡਿਜ਼ਾਈਨ, ਪਹੁੰਚ ਨੂੰ ਮਜ਼ਬੂਤ ਕਰਨਾ, ਠਹਿਰਨ ਅਤੇ ਦੂਜੀਆਂ ਯਾਤਰੀ ਪੱਖੀ ਸਹੂਲਤਾਂ ਦੇਣੀਆਂ ਜ਼ਰੂਰੀ ਹਨ। ਇਨ੍ਹਾਂ ਸਾਰੀਆਂ ਥਾਵਾਂ ਨੂੰ ਇਕ ਵੱਡੇ ਕੈਨਵਸ 'ਤੇ ਪੇਸ਼ ਕਰਨ ਦੀ ਲੋੜ ਹੈ ਤਾਂ ਕਿ ਇਨ੍ਹਾਂ ਥਾਵਾਂ ਬਾਰੇ ਉਤਸੁਕਤਾ, ਰਹੱਸ ਅਤੇ ਲੋਕਧਾਰਾ ਇਨ੍ਹਾਂ ਥਾਵਾਂ ਦੀ ਯੂ ਐੱਸ ਪੀ (ਵਿਲੱਖਣ ਵੇਚਣ ਦਾ ਪ੍ਰਸਤਾਵ) ਬਣ ਸਕੇ। ਇਸ ਕਰਕੇ ਸਹੀ ਸਮਾਂ ਹੈ ਕਿ ਗ਼ੈਰ-ਰਵਾਇਤੀ ਸੈਰ-ਸਪਾਟਾ ਉਤਪਾਦਾਂ 'ਤੇ ਢੁਕਵਾਂ ਜ਼ੋਰ ਦਿਤਾ ਜਾਵੇ ਜਿਵੇਂ ਕਿ ਇਨ੍ਹਾਂ ਨੂੰ ਰਾਸ਼ਟਰੀ/ਰਾਜ ਸੈਰ-ਸਪਾਟਾ ਨੀਤੀਆਂ ਵਿਚ ਸ਼ਾਮਿਲ ਕਰਨਾ।

## ਘੱਟ ਜਾਣੇ ਜਾਂਦੇ ਸਥਾਨਾਂ ਨੂੰ ਉੱਨਤ ਕਰਨਾ

ਰਾਸ਼ਟਰ ਦੇ ਆਕਾਰ ਅਤੇ ਭਿੰਨਤਾਵਾਂ ਨੂੰ ਵੇਖਦਿਆਂ ਅਪਾਰ ਸੰਭਾਵਨਾਵਾਂ ਵਾਲੇ ਬਹੁਤ ਸਾਰੇ ਆਕਰਸ਼ਣ ਹਨ ਜਿਨ੍ਹਾਂ ਨੂੰ ਵਰਤੋਂ ਵਿਚ ਲਿਆ ਕੇ ਸੈਰ-ਸਪਾਟਾ ਦੇ ਰਾਸ਼ਟਰੀ ਨਕਸ਼ੇ 'ਤੇ ਉਭਾਰਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਪੁਲਿਕੇਤ ਝੀਲ ਅਤੇ ਆਂਧਰ ਪ੍ਰੇਦਸ਼ ਦੇ ਨੈਲੋਰ ਜ਼ਿਲ੍ਹੇ ਵਿਚ ਪੰਛੀਆਂ ਦੀ ਰੱਖ (ਚੇਨੱਈ ਤੋਂ 150 ਕਿਲੋਮੀਟਰ), ਕਰਨਾਟਕ ਦੇ ਮੁਪਾਨੇ ਦੀ ਕੁਦਰਤੀ ਸੁੰਦਰਤਾ ਜਿਥੇ ਕੈਂਪ ਕਰਨ ਦੀਆਂ ਸਹੂਲਤਾਂ ਵੀ ਹਨ, ਪਰਮਬਿਕੁਲਮ ਵਾਤਾਵਰਣਿਕ ਸੈਰ-ਸਪਾਟਾ ਸਥਾਨ ਜੋ ਤਮਿਲਨਾਡੂ ਵਿਚ ਥੇਨੀ ਜ਼ਿਲ੍ਹੇ ਦੇ ਮੇਘਾਮਲਾਈ ਸਥਿਤ ਮਸ਼ਹੂਰ ਟਾਪ ਸਲਿਪ ਨਾਲ ਲੱਗਾ ਹੋਇਆ ਹੈ, ਜੋ ਯਾਤਰੀਆਂ ਲਈ ਸਵਰਗ ਹੈ – ਇਹ ਕੁਝ ਕੁ ਆਕਰਸ਼ਣ ਕਿਸੇ ਤੋਂ ਘੱਟ ਨਹੀਂ, ਭਾਵੇਂ ਦੁੱਖ ਵਾਲੀ ਗੱਲ ਹੈ ਕਿ ਸੈਰ-ਸਪਾਟਾ ਹਲਕਿਆਂ ਵਿਚ ਇਨ੍ਹਾਂ ਨੂੰ ਬਹੁਤਾ ਜਾਣਿਆ ਨਹੀਂ ਜਾਂਦਾ, ਸਿਰਫ਼ ਕੁਝ ਦਿਲਚਸਪੀ ਰੱਖਣ ਵਾਲੇ ਯਾਤਰੀਆਂ ਨੂੰ ਛੱਡ ਕੇ। ਇਸੇ ਤਰ੍ਹਾਂ ਹੀ, ਲਾਂਭਾਸਿੰਗੀ ਜੋ ਆਂਧਰ ਪ੍ਰਦੇਸ਼ ਵਿਚ ਵਿਸ਼ਾਖਾਪਟਨਮ ਦੇ ਨਜ਼ਦੀਕ ਹੈ, ਇਹ ਦੱਖਣ ਭਾਰਤ ਵਿਚ ਇਕੱਲਾ ਅਜਿਹਾ ਸਥਾਨ ਹੈ ਜਿਥੇ ਹਰੇਕ ਸਾਲ ਬਰਫ਼ਬਾਰੀ ਹੁੰਦੀ ਹੈ। ਇਸ ਦਾ ਵਿਸ਼ੇਸ਼ ਵਰਣਨ ਕਰਨਾ ਬਣਦਾ ਹੈ। ਸੁਭਾਵਿਕ ਤੌਰ ਤੇ ਦੇਸ਼ ਅੰਦਰ ਅਜਿਹੇ ਸੈਂਕੜੇ ਸਥਾਨ ਹਨ ਜੋ ਧਿਆਨ ਮੰਗਦੇ ਹਨ।

## ਪਹੁੰਚਯੋਗ ਸੈਰ-ਸਪਾਟਾ

ਇਹ ਬਹੁਤ ਦੁਖਦ ਹੈ ਕਿ ਨਿਰਮਾਣ ਅਤੇ ਸੇਵਾ ਖੇਤਰ ਦੇ ਉਤਪਾਦਾਂ ਦੀ ਤੁਲਨਾ ਵਿਚ ਸੈਰ-ਸਪਾਟਾ ਖੇਤਰ ਨੇ ਅਪੰਗਤਾ ਵਾਲੇ ਲੋਕਾਂ ਦੀਆਂ ਵਿਸ਼ੇਸ਼ ਲੋੜਾਂ ਨੂੰ ਮਹਿਸੂਸ ਕਰ ਕੇ ਹਾਲੇ ਪੂਰਿਆਂ ਕਰਨਾ ਹੈ। ਭਾਵੇਂ ਕਿ ਦੁਨੀਆਂ ਭਰ ਦੇ ਉਤਪਾਦਿਕਤਾ ਖੇਤਰਾਂ ਵਾਲੇ ਵੱਖ-ਵੱਖ ਦੇਸ਼ ਅਣਥੱਕ ਤਰੀਕੇ ਨਾਲ 'ਸੰਮਿਲਤ ਵਿਕਾਸ' ਦਾ ਫ਼ਾਇਦਾ ਉਠਾ ਰਹੇ ਹਨ, ਸੈਰ-ਸਪਾਟਾ ਖੇਤਰ ਵੱਖਰੀ ਸਰੀਰਕ ਯੋਗਤਾ ਵਾਲੇ ਲੋਕਾਂ ਦੇ ਮਾਮਲੇ ਵਿਚ ਪਛੜਿਆ ਨਜ਼ਰ ਆ ਰਿਹਾ ਹੈ। ਇਹ ਗੌਰ ਕਰਨ ਵਾਲੀ ਗੱਲ ਹੈ ਕਿ ਦਿਲਚਸਪੀ ਵਾਲੀਆਂ ਵੱਖ-ਵੱਖ ਥਾਵਾਂ 'ਤੇ ਜਾਣ ਦੀ ਚਾਹ, ਕੁਦਰਤ ਦੇ ਵੱਖ-ਵੱਖ ਰੂਪਾਂ ਨਾਲ ਇਕਮਿਕ ਹੋ ਕੇ ਅਨੁਭਵ ਹਾਸਲ ਕਰਨਾ ਮਨੁੱਖੀ ਸੁਭਾਅ ਦੇ ਬੁਨਿਆਦੀ ਲੱਛਣ ਹਨ। ਇਹ ਮਾੜੀ ਗੱਲ ਹੈ ਕਿ ਅਪੰਗ ਵਿਅਕਤੀਆਂ ਦੀਆਂ ਵਿਸ਼ੇਸ਼ ਜ਼ਰੂਰਤਾਂ, ਜਿਨ੍ਹਾਂ ਦੀ ਸੰਖਿਆ ਦੁਨੀਆਂ ਭਰ ਵਿਚ 600 ਮਿਲੀਅਨ ਤੋਂ ਵੱਧ ਹੈ, ਉਨ੍ਹਾਂ ਵੱਲ ਪੂਰੀ ਤਵੱਜੋ ਨਹੀਂ ਦਿਤੀ ਜਾਂਦੀ। ਬਰਾਬਰੀ ਅਤੇ ਸਮਾਜਿਕ ਨਿਆਂ ਦੇ ਟੀਚੇ ਪੂਰੇ ਕਰਨ ਤੋਂ ਬਿਨਾਂ, ਬਾਜ਼ਾਰ ਦਾ ਆਕਾਰ ਉਤਪਾਦ ਡਿਜ਼ਾਈਨ ਕਰਨ ਅਤੇ ਵਿਕਾਸ ਲਈ ਅਥਾਹ ਮੌਕੇ ਪ੍ਰਦਾਨ ਕਰਦਾ ਹੈ। ਯੂਰਪੀਅਨ ਨੈੱਟਵਰਕ ਫਾਰ ਐਕਸੈਸੀਬਲ ਟੂਰਿਜ਼ਮ (ਈ ਐੱਨ ਏ ਟੀ) ਮੁਤਾਬਕ, ਪਹੁੰਚ ਯੋਗ ਸੈਰ-ਸਪਾਟਾ ਵਿਚ ਬੁਨਿਆਦੀ ਢਾਂਚਾ ਸਹੂਲਤਾਂ ਬਣਾਉਣਾ ਜਾਂ ਉਨ੍ਹਾਂ 'ਚ ਸੁਧਾਰ ਕਰਨਾ ਸ਼ਾਮਿਲ ਹੈ, ਜਿਵੇਂ : ਰੁਕਾਵਟ ਰਹਿਤ ਸਥਾਨ, ਪਰੇਸ਼ਾਨੀ ਰਹਿਤ ਆਵਾਜਾਈ, ਉੱਚ ਪੱਧਰ ਦੀਆਂ ਸੇਵਾਵਾਂ, ਸਰਗਰਮੀਆਂ ਅਤੇ ਨੁਮਾਇਸ਼ਾਂ ਵਿਚ ਭਾਗੀਦਾਰੀ, ਬੁਕਿੰਗ ਅਤੇ ਦੂਜੀਆਂ ਸੇਵਾਵਾਂ

ਦੇ ਲੈਣ-ਦੇਣ ਵਿਚ ਆਰਾਮ ਆਦਿ। ਇੰਟਰਨੈੱਟ ਦੀ ਬਦੌਲਤ, ਯਾਤਰਾ ਦੀ ਆਨਲਾਈਨ ਯੋਜਨਾਬੰਦੀ ਤੇ ਬੁਕਿੰਗ ਸਾਰੇ ਖੇਤਰਾਂ ਦੀ ਪਹੁੰਚ ਵਿਚ ਆ ਗਈ ਹੈ। ਪਰ, ਯਾਤਰਾ ਮੰਜ਼ਿਲਾਂ ਤੇ ਸਹੂਲਤਾਂ ਬਾਰੇ ਹਾਲੇ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ।

## ਗਰੀਬ-ਪੱਖੀ ਸੈਰ-ਸਪਾਟਾ

ਵੱਖ-ਵੱਖ ਥਾਵਾਂ 'ਤੇ ਜਾਣਾ, ਲੋਕਾਂ ਨੂੰ ਮਿਲਣਾ, ਕੁਦਰਤੀ ਸੁੰਦਰਤਾ ਦਾ ਨਜ਼ਾਰਾ ਲੈਣਾ ਅਤੇ ਵੱਖ-ਵੱਖ ਖਾਣਿਆਂ ਦਾ ਲੁਤਫ਼ ਲੈਣਾ ਕੁਦਰਤੀ ਮਨੁੱਖੀ ਸੁਭਾਅ ਹੈ ਜਿਸ ਦਾ ਆਰਥਿਕ ਪੱਧਰ, ਨਿਵਾਸ ਸਥਾਨ, ਲਿੰਗ ਅਤੇ ਉਮਰ ਨਾਲ ਕੋਈ ਵਾਹ ਵਾਸਤਾ ਨਹੀਂ ਹੁੰਦਾ। ਪਰ, ਜਾਣੇ ਜਾਂ ਅਣਜਾਣੇ, ਭਾਰਤੀ ਸੈਰ-ਸਪਾਟਾ ਨੇ ਆਪਣਾ ਧਿਆਨ ਸ਼ਹਿਰੀ ਅਮੀਰ ਅਤੇ ਸਰਦੇ-ਪੁੱਜਦੇ ਵਰਗ 'ਤੇ ਕੇਂਦਰਿਤ ਕੀਤਾ ਹੋਇਆ ਹੈ। ਜੇ ਇਹੀ ਰੁਝਾਨ ਰਿਹਾ ਤਾਂ ਇਸ ਨੂੰ ਜਲਦੀ ਹੀ ਇੰਜ ਦੱਸਿਆ ਜਾਵੇਗਾ, "ਸਰਦੇ-ਪੁੱਜਦੇ ਲੋਕਾਂ ਦਾ ਸੈਰ-ਸਪਾਟਾ, ਸਰਦੇ-ਪੁੱਜਦੇ ਲੋਕਾਂ ਵਲੋਂ ਅਤੇ ਸਰਦੇ-ਪੁੱਜਦੇ ਲੋਕਾਂ ਲਈ"। ਆਵਾਜਾਈ, ਨਿਵਾਸ ਅਤੇ ਦੂਜੇ ਸੇਵਾਵਾਂ ਦੇ ਸੰਦਰਭ ਵਿਚ ਸੈਰ-ਸਪਾਟਾ ਬੁਨਿਆਦੀ ਢਾਂਚੇ ਵਿਚ ਵਿਸ਼ਾਲ ਤਰੱਕੀ ਦੇ ਬਾਵਜੂਦ, ਇਹ ਬਹੁਤ ਮੰਦਭਾਗੀ ਗੱਲ ਹੈ ਕਿ ਭਾਰਤ ਦੇ ਪੇਂਡੂ ਅਤੇ ਅਰਧ-ਸ਼ਹਿਰੀ ਸਥਾਨਾਂ 'ਤੇ ਰਹਿਣ ਵਾਲਾ ਸਮਾਜ ਦਾ ਵੱਡਾ ਵਰਗ ਹਾਲੇ ਵੀ ਸੈਰ-ਸਪਾਟੇ ਦੇ ਅਨੁਭਵਾਂ ਤੋਂ ਬਾਹਰ ਹੈ।ਇਹ ਹੈਰਾਨੀ ਹੈ ਕਿ ਨਿਰਮਾਣ ਖੇਤਰ ਦੇ ਉਤਪਾਦ ਤਾਂ ਦੂਰ-ਦਰਾਜ਼ ਦੇ ਪੇਂਡੂ ਖੇਤਰਾਂ ਤਕ ਪ੍ਰਭਾਵੀ ਢੰਗ ਨਾਲ ਪਹੁੰਚ ਜਾਂਦੇ ਹਨ, ਸੈਰ-ਸਪਾਟਾ ਇਕ ਉਤਪਾਦ ਵਜੋਂ ਸੰਮਿਲਤ ਰੂਪ ਵਿਚ ਉੱਨਤ ਕੀਤਾ ਜਾਣਾ ਹਾਲੇ ਬਾਕੀ ਹੈ। ਪੇਂਡੂ ਅਤੇ ਅਣਦੇਖੇ ਸੈਰ-ਸਪਾਟਾ ਬਾਜ਼ਾਰ ਦੀਆਂ ਸੰਭਾਵਨਾਵਾਂ ਨੂੰ ਸੀ.ਕੇ. ਪ੍ਰਹਿਲਾਦ ਦੇ ਪ੍ਰਸਿੱਧ ਵਿਸ਼ੇ ਨਾਲੋਂ ਵਧੀਆ ਕੋਈ ਨਹੀਂ ਫੜ ਸਕਦਾ, "ਕਿਸਮਤ ਪਿਰਾਮਿਡ ਦੇ ਪੈਰਾਂ ਵਿਚ"! ਇਸ ਕਰਕੇ, ਇਹ ਢੁਕਵਾਂ ਸਮਾਂ ਹੈ ਕਿ ਪੇਂਡੂ ਬਾਜ਼ਾਰਾਂ ਤਕ ਪਹੁੰਚ ਕੀਤੀ ਜਾਵੇ। ਰਵੱਈਏ ਵਿਚ ਬਦਲਾਅ, ਵਾਜਬ ਲਾਗਤ ਤੋਂ ਸੈਰ-ਸਪਾਟਾ ਉਤਪਾਦ ਦਾ ਵਿਕਾਸ, ਪੇਂਡੂ ਵਾਸੀਆਂ ਦੀ ਸ਼ਮੂਲੀਅਤ ਲਈ ਨਿੱਘੇ ਸਵਾਗਤ ਵਾਲੀ ਪਹੁੰਚ - ਇਹ ਕੁਝ ਮੁੱਦੇ ਹਨ ਜਿਨ੍ਹਾਂ ਦਾ ਹੱਲ ਹੋਣਾ ਚਾਹੀਦਾ ਹੈ। ਕੁਝ ਪ੍ਰਸਿੱਧ ਧਾਰਮਿਕ ਤੀਰਥ ਸਥਾਨਾਂ ਨੂੰ ਛੱਡ ਕੇ, ਦੇਸ਼ ਅੰਦਰ ਬਾਕੀ ਸਾਰੇ ਸੈਰ-ਸਪਾਟਾ ਉਤਪਾਦ ਮੁਕਾਬਲਤਨ ਵਿਸ਼ਾਲ ਪੇਂਡੂ ਸੈਰ-ਸਪਾਟਾ ਬਾਜ਼ਾਰ ਨੂੰ ਅਣਗੌਲਿਆ ਕਰ ਰਹੇ ਹਨ।

## ਸੈਰ-ਸਪਾਟਾ/ਯਾਤਰਾ ਪੈਕੇਜ - ਸਕੂਲ ਅਤੇ ਕਾਲਜ ਵਿਦਿਆਰਥੀਆਂ ਲਈ

ਬਹੁਤ ਦਿਲਚਸਪੀ ਵਾਲੀ ਗੱਲ ਹੈ ਕਿ ਕਿਸੇ ਵੀ ਵੱਡੇ ਟੂਰ ਆਪਰੇਟਰ, ਯਾਤਰਾ ਖਿੜਕੀ ਤੇ ਅਜਿਹਾ ਉਤਪਾਦ ਉਪਲਬਧ ਨਹੀਂ ਜੋ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੀਆਂ ਵਿਸ਼ੇਸ਼ ਲੋੜਾਂ ਨੂੰ ਮੱਦੇਨਜ਼ਰ ਰੱਖ ਕੇ ਬਣਾਇਆ ਗਿਆ ਹੋਵੇ। ਇਹ ਹਰ ਕੋਈ ਜਾਣਦਾ ਹੈ ਕਿ ਅੱਜਕੱਲ੍ਹ ਲਗਭਗ ਸਾਰੇ ਵਿਦਿਅਕ ਸੰਸਥਾਨ ਛੋਟੇ ਸੈਰ-ਸਪਾਟੇ ਦੇ ਗੇੜੇ/ਖੋਜ ਯਾਤਰਾ/ਉਦਯੋਗਿਕ ਯਾਤਰਾ ਆਦਿ ਆਯੋਜਿਤ ਕਰਦੇ ਹਨ। ਰਾਸ਼ਟਰੀ, ਸੰਸਥਾਨਾਂ ਦੀ ਸੰਖਿਆ ਅਤੇ ਵਿਦਿਆਰਥੀਆਂ ਦੀ ਵਧ ਰਹੀ ਗਿਣਤੀ ਨੂੰ ਵੇਖਦਿਆਂ, ਬਾਜ਼ਾਰ ਦਾ ਆਕਾਰ ਇੰਨਾ ਵਿਸ਼ਾਲ ਹੈ ਅਤੇ ਇਹ ਸੰਗਠਿਤ ਤਰੀਕੇ ਨਾਲ ਵਰਤੋਂ ਵਿਚ ਲਿਆਉਣ ਦੀ ਉਡੀਕ ਕਰ ਰਿਹਾ ਹੈ। ਇਸ ਬਾਜ਼ਾਰ ਨੂੰ ਆਮ ਤੌਰ ਤੇ ਉਦਯੋਗ ਦੇ ਛੋਟੇ ਖਿਡਾਰੀ ਚਲਾਉਂਦੇ ਹਨ, ਜੋ ਅਸੰਗਠਿਤ ਖੇਤਰ ਤੋਂ ਹੁੰਦੇ ਹਨ ਅਤੇ ਗ਼ੈਰ-ਪੇਸ਼ਾਵਰ ਤਰੀਕੇ ਨਾਲ ਕੰਮ ਕਰਦੇ ਹਨ, ਜੋ ਅਸੰਗਠਿਤ ਖੇਤਰ ਤੋਂ ਹੁੰਦੇ ਹਨ ਜੋ ਕਈ ਵਾਰ ਵਿਦਿਆਰਥੀਆਂ ਦੀ ਸੁਰੱਖਿਆ ਦੀ ਕੀਮਤ 'ਤੇ ਵੀ ਹੁੰਦਾ ਹੈ। ਇਸ ਦੀ ਇਕ ਮਿਸਾਲ ਉਹ ਦੁਖਾਂਤ ਹੈ ਜਿਸ ਵਿਚ ਹੈਦਰਾਬਾਦ ਦੇ ਇਕ ਇੰਜੀਨੀਅਰਿੰਗ ਕਾਲਜ ਦੇ 24 ਹੋਣਹਾਰ ਵਿਦਿਆਰਥੀ ਬਿਆਸ ਦਰਿਆ ਵਿਚ ਪਾਣੀ ਅਚਾਨਕ ਵਧਣ ਕਰਕੇ ਰੁੜ੍ਹ ਗਏ। ਇਹ ਪਾਣੀ ਲਾਰਜੀ ਪਣ-ਬਿਜਲੀ ਪ੍ਰਾਜੈਕਟ ਤੋਂ ਬਿਨਾਂ ਕਿਸੇ ਚਿਤਾਵਨੀ ਦੇ ਛੱਡਿਆ ਗਿਆ ਸੀ। ਧੋਖਾਧੜੀ ਅਤੇ ਸ਼ੋਸ਼ਣ ਦੇ ਮਾਮਲੇ ਵੀ ਨਵੇਂ ਨਹੀਂ ਹਨ। ਯਾਤਰਾ ਦੀ ਯੋਜਨਾਬੰਦੀ ਕਰਨ ਵਾਲੇ ਅਧਿਆਪਕਾਂ ਕੋਲ ਅਜਿਹੇ ਦੌਰੇ ਬਣਾਉਣ ਦੀ ਪੇਸ਼ਾਵਰਾਨਾ ਮਹਾਰਤ ਨਹੀਂ ਹੁੰਦੀ ਜਿਸ ਨਾਲ ਨੁਕਸ ਰਹਿਤ, ਲਾਗਤ ਪ੍ਰਭਾਵੀ ਅਤੇ ਅਚਨਚੇਤੀ ਯੋਜਨਾਵਾਂ ਹੰਗਾਮੀ ਹਾਲਤਾਂ ਵਿਚ ਨਿਪਟਣ ਲਈ ਬਣਾਈਆਂ ਜਾ ਸਕਣ। ਸਿੱਟੇ ਵਜੋਂ, ਬੁਰੀ ਤਰ੍ਹਾਂ ਫਸੇ ਬੇਸਹਾਰਾ ਵਿਦਿਆਰਥੀਆਂ ਦੇ ਸਮੂਹ ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ 'ਤੇ ਆਮ ਵੇਖੇ ਜਾ ਸਕਦੇ ਹਨ, ਜਿਨ੍ਹਾਂ ਦੇ ਯਾਤਰਾ ਪ੍ਰੋਗਰਾਮ ਅਸਤ ਵਿਅਸਤ ਅਤੇ ਚਿਹਰੇ ਤਣਾਅਗ੍ਰਸਤ ਨਜ਼ਰ ਆਉਂਦੇ ਹਨ।

## ਮਾਨਵ ਨਿਰਮਿਤ ਸੈਰ-ਸਪਾਟਾ ਸਰੋਤਾਂ ਦੀ ਉੱਨਤੀ

ਦੇਸ਼ ਦੇ ਪੂਰਬੀ ਅਤੇ ਪੱਛਮੀ ਕੰਢਿਆਂ ਤੋਂ ਹਜ਼ਾਰਾਂ ਕਿਲੋਮੀਟਰ ਵਿਸ਼ਾਲ ਤੱਟ ਰੇਖਾ ਦੇ ਚਲਦਿਆਂ, ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਤੱਟੀ ਸੈਰ-ਸਪਾਟੇ ਬਾਰੇ ਜ਼ਿਆਦਾ ਕੁੱਝ ਨਹੀਂ ਆਖਿਆ ਜਾਂਦਾ। ਪੱਛਮੀ ਤੱਟ 'ਤੇ ਗੋਆ ਅਤੇ ਪੂਰਬੀ ਤੱਟ 'ਤੇ ਪੁਰੀ ਤੱਟ ਨੂੰ ਛੱਡ ਕੇ, ਅਸੀਂ ਦੇਸ਼ ਅੰਦਰ ਵਿਸ਼ਵੀ ਪੱਧਰ ਦੇ ਤੱਟਾਂ ਦੀ ਸ਼ੇਖੀ ਨਹੀਂ ਮਾਰ ਸਕਦੇ। ਬੇਸ਼ੱਕ, ਸਾਰੇ ਤੱਟ ਰੇਖਾ 'ਤੇ ਵੱਖ-ਵੱਖ ਰੰਗਾਂ ਦੇ ਤੱਟ ਹਨ, ਜੋ ਜ਼ਿਆਦਾਤਰ ਸਥਾਨਕ ਖੇਤਰੀ ਬਾਜ਼ਾਰਾਂ ਦੀ ਲੋੜ ਪੂਰਤੀ ਕਰਦੇ ਹਨ। ਘੱਟੋ-ਘੱਟ ਅੱਧਾ ਦਰਜਨ ਸਮੁੰਦਰੀ ਤੱਟਾਂ ਨੂੰ ਵਿਸ਼ਵ ਪੱਧਰ 'ਤੇ ਵਿਕਸਤ ਕਰਨ ਲਈ ਕਾਫ਼ੀ ਥਾਂ ਅਤੇ ਸੰਭਾਵਨਾ ਮੌਜੂਦ ਹੈ ਜਿਸ ਲਈ ਨਿਵੇਸ਼ ਦੀ ਵੀ ਘੱਟ ਜ਼ਰੂਰਤ ਪਵੇਗੀ। ਪਾਣੀ ਵਾਲੀਆਂ ਖੇਡਾਂ ਇਕ ਹੋਰ ਸੈਰ-ਸਪਾਟਾ ਉਤਪਾਦ ਹੈ ਜੋ ਧਿਆਨ ਮੰਗ ਰਿਹਾ ਹੈ।

## ਮਜ਼ਮੂਨ/ਮਸਤੀ ਪਾਰਕ

ਮਜ਼ਮੂਨ ਅਤੇ ਮਸਤੀ ਪਾਰਕ ਮਾਨਵ ਦੇ ਬਣਾਏ ਸੈਰ-ਸਪਾਟਾ ਆਕਰਸ਼ਨ ਹਨ ਜਿਨ੍ਹਾਂ ਵਿਚ ਬੇਸ਼ੱਕ ਵੱਡੀ ਪੂੰਜੀ ਦੀ ਲੋੜ ਹੁੰਦੀ ਹੈ, ਜੋ ਸਾਰੇ ਉਮਰ ਵਰਗ ਦੇ ਯਾਤਰੀਆਂ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਵਰਤਮਾਨ ਰਫ਼ਤਾਰ 'ਤੇ ਹਰ ਕੋਈ ਅਨੁਮਾਨ ਲਾ ਸਕਦਾ ਹੈ ਕਿ ਡਿਜ਼ਨੀਲੈਂਡ ਵਰਗਾ, ਬਿਲਕੁਲ ਉਸ ਵਰਗਾ ਨਹੀਂ, ਮਜ਼ਮੂਨ ਪਾਰਕ ਬਣਾਉਣ ਲਈ ਦੇਸ਼ ਨੂੰ ਕਿੰਨੇ ਵਰ੍ਹੇ ਲੱਗਣਗੇ। ਜਦੋਂ ਅਮਰੀਕਾ ਦੇ ਯੂਨੀਵਰਸਲ ਸਟੂਡੀਓ ਹੌਲੀਵੁਡ ਦੀ ਸੋਚ ਇਤਿਹਾਸ ਦੇ ਪ੍ਰਚਾਰ ਪ੍ਰਸਾਰ ਲਈ ਨਿਛਾਵਰ ਕਰ ਸਕਦੇ ਹਨ, ਮੁੰਬਈ, ਚੇਨੱਈ ਅਤੇ ਹੈਦਰਾਬਾਦ ਸਥਿਤ ਸਟੂਡੀਓ ਨੇ ਹਾਲੇ ਇਸ ਪਾਸੇ ਪੁਲਾਂਘ ਭਰਨੀ ਹੈ। ਫ਼ਿਲਮਾਂ ਦੀ ਦੀਵਾਨੀ ਜਨਤਾ ਨੂੰ ਵੇਖਦਿਆਂ ਇਸ ਪਾਸੇ ਕੀਤੀ ਗਈ ਪਹਿਲਕਦਮੀ ਇਕਦਮ ਹਿੱਟ ਸਾਬਤ ਹੋਵੇਗੀ। ਇਸ ਸੰਦਰਭ ਵਿਚ ਰਾਮਜੀ ਫ਼ਿਲਮ ਸਿਟੀ ਹੈਦਰਾਬਾਦ ਵਲੋਂ ਨਿਭਾਈ ਗਈ ਭੂਮਿਕਾ ਪ੍ਰਸ਼ੰਸਾ ਦੀ ਹੱਕਦਾਰ ਹੈ। ਬੰਬਈ ਅਤੇ ਚੇਨੱਈ ਵੀ ਆਪਣੇ ਫ਼ਿਲਮ ਸਟੂਡੀਓ ਅਤੇ ਅਮੀਰ ਫ਼ਿਲਮੀ ਵਿਰਾਸਤ ਇਸ ਪਾਸੇ ਵਧਾ ਸਕਦੇ ਹਨ।

*ਬਾਕੀ ਸਫ਼ਾ 15 ਉੱਤੇ*

# ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਤੇ ਭੀਤਰਕਨਿਕਾ ਜੰਗਲੀ ਜੀਵ ਰੱਖ

ਮਧੂਮਿਤਾ ਦਾਸ ਤੇ ਬਾਨੀ ਚੈਟਰਜੀ

ਜਾਣ-ਪਛਾਣ

ਸੈਰ-ਸਪਾਟਾ ਵਿਕਾਸ ਦਾ ਅਹਿਮ ਕਾਰਕ ਹੈ ਜੋ ਬਹੁਤ ਸਾਰੇ ਦੇਸ਼ਾਂ ਦੀ ਰਾਸ਼ਟਰੀ ਆਮਦਨ ਵਿਚ ਵਾਧਾ ਕਰਦਾ ਹੈ। ਫਿਰ ਵੀ, ਆਲੋਚਕਾਂ ਦਾ ਮੰਨਣਾ ਹੈ ਕਿ ਸੈਰ-ਸਪਾਟੇ ਦਾ ਵਿਕਾਸ ਸਵੈ-ਘਾਤਕ ਹੈ ਅਤੇ ਲੰਮੇ ਸਮੇਂ ਵਿਚ ਇਹ ਵਾਤਾਵਰਣ ਦੀ ਤਬਾਹੀ ਦਾ ਕਾਰਨ ਬਣਦਾ ਹੈ। ਯਾਤਰੀਆਂ ਦੀ ਵਧ ਰਹੀ ਸੰਖਿਆ ਅਕਸਰ ਜ਼ਿੰਦਗੀ ਦੀ ਗੁਣਵੱਤਾ ਅਤੇ ਵਾਤਾਵਰਨ ਲਈ ਖ਼ਤਰਾ ਪੈਦਾ ਕਰ ਦਿੰਦੀ ਹੈ। ਸੈਰ-ਸਪਾਟਾ ਉਦਯੋਗ ਦੇ ਤੇਜ਼ ਵਿਕਾਸ ਦੇ ਨਾਲ ਹੀ ਵਾਤਾਵਰਨ ਸੰਬੰਧੀ ਸਮੱਸਿਆਵਾਂ ਵੀ ਵਧ ਰਹੀਆਂ ਹਨ ਜਿਵੇਂ ਗ੍ਰੀਨ ਹਾਊਸ ਗੈਸਾਂ ਦਾ ਵਧ ਰਿਹਾ ਨਿਕਾਸ, ਵਧਦਾ ਹੋਇਆ ਸ਼ੋਰ, ਹਵਾ ਦੀ ਡਿਗਦੀ ਹੋਈ ਗੁਣਵੱਤਾ, ਵਧਦਾ ਹੋਇਆ ਜਲ-ਪ੍ਰਦੂਸ਼ਨ ਅਤੇ ਜੈਵਿਕ-ਭਿੰਨਤਾ ਦੀ ਹਾਨੀ, ਛੰਭਾਂ ਦਾ ਪਾਣੀ ਸੁੱਕ ਜਾਣਾ, ਸਮੁੰਦਰੀ ਸਿੱਪੀਆਂ/ਘੋਗਿਆਂ ਦਾ ਨਸ਼ਟ ਹੋ ਜਾਣਾ ਆਦਿ ਜਿਸ ਨਾਲ ਕਾਇਨਾਤ ਵਿਚ ਨਿਘਾਰ ਆਉਂਦਾ ਹੈ। ਇਸ ਕਰਕੇ, ਇਸ ਦੀ ਸੰਭਾਲ ਲਈ ਅੰਤਰਰਾਸ਼ਟਰੀ ਸਭਾ ਨੇ 1992 ਵਿਚ ਸੈਰ-ਸਪਾਟਾ ਨੂੰ ਸੁਰੱਖਿਅਤ ਖੇਤਰਾਂ ਨੂੰ ਦੂਜਾ ਪ੍ਰਮੁੱਖ ਖ਼ਤਰਾ ਬਿਆਨ ਕੀਤਾ ਸੀ। ਸੈਰ-ਸਪਾਟਾ ਦੇ ਵਧਦੇ ਹੋਏ ਨਾਂਹਵਾਚਕ ਪ੍ਰਭਾਵਾਂ ਕਰਕੇ ਅਨੇਕ ਲੇਖਕਾਂ ਨੇ ਇਸ ਗੱਲ 'ਤੇ ਵਾਰ-ਵਾਰ ਜ਼ੋਰ ਦਿਤਾ ਹੈ ਕਿ ਸੈਰ-ਸਪਾਟਾ ਉਦਯੋਗ ਨੂੰ ਸਾਵਧਾਨੀ ਅਤੇ ਸਥਾਈ ਤਰੀਕੇ ਨਾਲ ਤਰੱਕੀ ਕਰਨੀ ਚਾਹੀਦੀ ਹੈ।

ਰੀਓ ਏ+20 ਨਤੀਜਾ ਦਸਤਾਵੇਜ਼ "ਅਸੀ ਜਿਹੋ ਜਿਹਾ ਭਵਿੱਖ ਚਾਹੁੰਦੇ ਹਾਂ" ਵਿਚ ਸਥਿਰ ਸੈਰ-ਸਪਾਟੇ ਨੂੰ ਉਜਾਗਰ ਕੀਤਾ ਗਿਆ ਹੈ ਤਾਂ ਜੋ ਸੈਰ-ਸਪਾਟਾ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਬਚਿਆ ਜਾ ਸਕੇ। ਸੰਯੁਕਤ ਰਾਸ਼ਟਰ ਸੰਘ ਸਥਿਰ ਸੈਰ-ਸਪਾਟਾ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦਾ ਹੈ, "ਉਹ ਸੈਰ-ਸਪਾਟਾ ਜੋ ਵਰਤਮਾਨ ਅਤੇ ਭਵਿੱਖ ਦੇ ਆਰਥਿਕ, ਸਮਾਜਿਕ ਅਤੇ ਵਾਤਾਵਰਨਿਕ ਅਸਰਾਂ ਦੇ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖੇ; ਯਾਤਰੀਆਂ, ਉਦਯੋਗ, ਵਾਤਾਵਰਣ ਅਤੇ ਮੇਜ਼ਬਾਨ ਭਾਈਚਾਰਿਆਂ ਦੀਆਂ ਜ਼ਰੂਰਤਾਂ ਦਾ ਹੱਲ ਕਰੇ।" ਸਥਿਰ ਵਾਤਾਵਰਨ ਦੇ ਸਭ ਤੋਂ ਅਹਿਮ ਪੱਖ ਹਨ ਕਿ ਇਹ ਸਾਰਿਆਂ ਵਾਸਤੇ ਲੰਮੇ ਸਮੇਂ ਦੇ ਆਰਥਿਕ ਕਾਰਜ, ਅਤੇ ਸਮਾਜਿਕ-ਆਰਥਿਕ ਲਾਭਾਂ ਦੀ ਵੰਡ ਮੁਨਾਸਬ ਤਰੀਕੇ ਨਾਲ ਯਕੀਨੀ ਬਣਾਏ ਜੋ ਆਮਦਨ ਕਮਾਉਣ ਦੇ ਮੌਕਿਆਂ ਅਤੇ ਮੇਜ਼ਬਾਨ ਭਾਈਚਾਰਿਆਂ ਨੂੰ ਸਮਾਜਿਕ ਸੇਵਾਵਾਂ ਦੇਣ ਨਾਲ ਸੰਭਵ ਹੋ ਸਕਦਾ ਹੈ। ਇਸ ਤਰ੍ਹਾਂ ਇਹ ਦੋਹਰਾ ਮੰਤਵ ਹੱਲ ਕਰਦਾ ਹੈ – ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਗਰੀਬੀ ਹਟਾਉਣਾ। ਵਾਤਾਵਰਨਿਕ ਸੁਖਾਵਾਂ ਸੈਰ-ਸਪਾਟਾ ਇਕ ਪ੍ਰਕਾਰ ਦੇ ਸਥਿਰ ਸੈਰ-ਸਪਾਟਾ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ ਅਤੇ ਸੈਰ-ਸਪਾਟਾ ਦੀ ਸਭ ਤੋਂ ਪਹਿਲੀ ਰਸਮੀ ਪਰਿਭਾਸ਼ਾ ਦੇਣ ਦਾ ਸਿਹਰਾ ਹੈਕਟਰ ਸੈਬਾਲਾਸ ਲਾਸਕੁਇਰਾਨ ਨੂੰ ਜਾਂਦਾ ਹੈ ਜਿਸ ਨੇ 1980ਵਿਆਂ ਵਿਚ ਇਹ ਪਰਿਭਾਸ਼ਾ ਦਿਤੀ। ਉਸ ਦੀ ਪਰਿਭਾਸ਼ਾ ਵਿਚ ਜ਼ੋਰ ਦੇ ਕੇ ਆਖਿਆ ਗਿਆ ਹੈ ਕਿ "ਵਾਤਾਵਰਨਿਕ ਸੁਖਾਵਾਂ ਸੈਰ-ਸਪਾਟਾ ਵਾਤਾਵਰਨਿਕ ਤੌਰ ਤੇ ਜ਼ਿੰਮੇਵਾਰ ਯਾਤਰਾ ਹੈ ਅਤੇ ਅਣਛੋਹੇ ਕੁਦਰਤੀ ਸਥਾਨਾਂ ਦੀ ਯਾਤਰਾ ਹੈ ਤਾਂ ਜੋ ਉਸ ਕੁਦਰਤ ਦਾ ਅਨੰਦ ਮਾਣਿਆ ਜਾ ਸਕੇ ਅਤੇ ਉਸ ਤੋਂ ਬਲਿਹਾਰ ਜਾਇਆ ਜਾ ਸਕੇ ਜੋ ਸੰਭਾਲ ਨੂੰ ਪ੍ਰੋਤਸਾਹਿਤ ਕਰਦੀ ਹੈ, ਯਾਤਰੀਆਂ ਦਾ ਨਾਂਹ ਪੱਖੀ ਅਸਰ ਘੱਟ ਪੈਂਦਾ ਹੈ ਅਤੇ ਸਥਾਨਕ ਵਸੋਂ ਦੀ ਲਾਭਕਾਰੀ ਅਤੇ ਸਰਗਰਮੀ ਸਮਾਜਿਕ-ਆਰਥਿਕ ਸ਼ਮੂਲੀਅਤ ਦਾ ਕਾਰਨ ਬਣਦੀ ਹੈ।" ਕਾਇਨਾਤ ਦੀ ਸੰਭਾਲ ਲਈ ਅੰਤਰਰਾਸ਼ਟਰੀ ਸੰਘ (ਜਿਸ ਨੂੰ ਹੁਣ ਵਿਸ਼ਵ ਸੰਭਾਲ ਸਭਾ ਆਖਿਆ ਜਾਂਦਾ ਹੈ) ਨੇ ਆਪਣੀ ਪਹਿਲੀ ਵਿਸ਼ਵ ਸਾਂਭ-ਸੰਭਾਲ ਕਾਂਗਰਸ ਜੋ ਅਕਤੂਬਰ 1996 ਵਿਚ ਮਾਂਟਰੀਅਲ ਵਿਚ ਹੋਈ ਸੀ, ਵਿਚ ਇਸ ਪਰਿਭਾਸ਼ਾ ਨੂੰ ਅਧਿਕਾਰਤ ਤੌਰ ਤੇ ਅਪਣਾ ਲਿਆ ਹੈ।

ਅੱਜ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਤੇਜ਼ੀ ਨਾਲ ਵਿਕਸਤ ਹੋ ਰਹੇ ਬਾਜ਼ਾਰਾਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਉਦਯੋਗ ਸਮਝਿਆ ਜਾਂਦਾ ਹੈ। ਸਟਾਰਮਰ-ਸਮਿੱਥ (2004) ਨੇ ਆਪਣੇ ਅਧਿਐਨ ਵਿਚ ਦੱਸਿਆ ਹੈ ਕਿ ਰਵਾਇਤੀ ਯਾਤਰੀਆਂ ਦੇ ਮੁਕਾਬਲੇ ਵਾਤਾਵਰਨਿਕ ਸੁਖਾਵਾਂ ਸੈਰ-ਸਪਾਟਾ ਯਾਤਰੀਆਂ ਦੀ ਸੰਖਿਆ ਤਿੰਨ ਗੁਣਾ ਤੇਜ਼ੀ ਨਾਲ ਵਧ ਰਹੀ ਹੈ। ਉਨ੍ਹਾਂ ਦੇ ਅਧਿਐਨ ਵਿਚ ਇਹ ਵੀ ਪੇਸ਼ੀਨਗੋਈ ਕੀਤੀ ਗਈ ਹੈ ਕਿ 2024 ਤਕ ਵਾਤਾਵਰਨਿਕ ਸੁਖਾਵਾਂ ਸੈਰ-ਸਪਾਟਾ ਵਿਸ਼ਵ ਛੁੱਟੀ ਬਾਜ਼ਾਰ ਦੇ 5 ਪ੍ਰਤਿਸ਼ਤ ਦੀ ਪ੍ਰਤਿਨਿਧਤਾ ਕਰੇਗਾ। ਇਸ ਵਿਸ਼ੇਸ਼ ਬਾਜ਼ਾਰ ਦਾ ਵਿਕਾਸ ਗਾਹਕਾਂ ਦੀਆਂ ਬਦਲਦੀਆਂ ਹੋਈਆਂ ਪੱਧਤੀਆਂ ਕਰਕੇ ਹੋ ਰਿਹਾ ਹੈ। ਯਾਤਰੀ ਵਾਤਾਵਰਣ ਪੱਖੋਂ ਸੁਚੇਤ ਹੋ ਰਹੇ ਹਨ ਅਤੇ ਸਿੱਟੇ ਵਜੋਂ ਉਹ ਵਾਤਾਵਰਨ ਪੱਖੀ ਬਣ ਰਹੇ ਹਨ (ਸ਼ਾਰਪਲੇ, 2006:8) ਮਿਸਾਲ ਦੇ ਲਈ, ਬਲਿਊ ਅਤੇ ਗ੍ਰੀਨ ਟੂਮਾਰੋ ਵਲੋਂ 2012 ਵਿਚ ਕਰਵਾਏ ਇਕ ਜਨਮਤ ਵਿਚ 47 ਪ੍ਰਤਿਸ਼ਤ ਵਿਅਕਤੀਆਂ ਨੇ ਜਵਾਬ ਦਿਤਾ ਕਿ 2013 ਵਿਚ ਉਹ ਆਪਣੀਆਂ ਮੁੱਖ ਛੁੱਟੀਆਂ ਸਮੇਂ ਨੈਤਿਕ ਅਤੇ ਵਾਤਾਵਰਨਿਕ ਪਦ ਚਿੰਨ੍ਹਾਂ 'ਤੇ ਵਿਚਾਰ ਕਰਨਗੇ। ਭਾਰਤ ਵਿਚ ਭੀਤਰਕਨਿਕਾ ਰਾਸ਼ਟਰੀ ਪਾਰਕ ਵਿਚ 2008-09 ਦੇ 37080 ਯਾਤਰੀਆਂ ਦੇ ਮੁਕਾਬਲੇ 2012-13 ਵਿਚ ਇਹ ਗਿਣਤੀ 46917 ਤਕ ਪੁੱਜ ਗਈ (ਜਾਣਕਾਰੀ ਕਿਤਾਬਚਾ, ਮੈਨਗ੍ਰੋਵ ਫਾਰੈਸਟ ਡਿਵੀਜ਼ਨ

(ਡਬਲਯੂ ਐੱਲ) ਰਾਜਨਗਰ, ਕੇਂਦਰਪਾੜਾ, ਓਡੀਸ਼ਾ)। ਅੰਤਰਰਾਸ਼ਟਰੀ ਯਾਤਰੀਆਂ ਦੀ ਆਮਦ 6.5 ਪ੍ਰਤਿਸ਼ਤ ਦੀ ਸਾਲਾਨਾ ਦਰ ਨਾਲ ਵਧ ਰਹੀ ਹੈ ਅਤੇ ਇਸ ਦੇ ਅੰਦਰ ਵਾਤਾਵਰਣ ਸੁਖਾਵਾਂ ਸੈਰ-ਸਪਾਟਾ 5 ਪ੍ਰਤਿਸ਼ਤ ਦੀ ਸਾਲਾਨਾ ਦਰ ਨਾਲ ਵਿਕਸਤ ਹੋ ਰਿਹਾ ਹੈ ਜੋ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਹੇ ਬਾਜ਼ਾਰ ਦੀ ਪ੍ਰਤਿਨਿਧਤਾ ਕਰਦਾ ਹੈ (ਦਾਸ, 2011)।

ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਲਈ ਵਾਤਾਵਰਣ ਸੁਖਾਵਾਂ ਸੈਰ-ਸਪਾਟਾ ਇਕ ਢੁੱਕਵੇਂ ਉਦਯੋਗ ਵਜੋਂ ਕੰਮ ਕਰਦਾ ਹੈ ਜੋ ਆਰਥਿਕ ਵਿਕਾਸ ਅਤੇ ਸਾਂਭ-ਸੰਭਾਲ ਨੂੰ ਹੁਲਾਰਾ ਦਿੰਦਾ ਹੈ। ਵਿਕਾਸਸ਼ੀਲ ਦੇਸ਼, ਜੋ ਕੁਦਰਤੀ ਸਰੋਤਾਂ ਨਾਲ ਅਕਸਰ ਮਾਲਾਮਾਲ ਹੁੰਦੇ ਹਨ, ਯਾਤਰੀਆਂ ਦੀ ਸੰਖਿਆ ਵਿਚ ਨਾਟਕੀ ਵਾਧਾ ਹੁੰਦਾ ਵੇਖ ਰਹੇ ਹਨ। ਜਿਵੇਂ ਕਿ ਸਮੂਹਿਕ ਸੈਰ-ਸਪਾਟਾ ਅੰਤ ਨੂੰ ਕੁਦਰਤੀ ਸਰੋਤਾਂ ਦੇ ਵਿਨਾਸ਼ ਦਾ ਕਾਰਨ ਬਣਦਾ ਹੈ, ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਸਮੂਹਿਕ ਸੈਰ-ਸਪਾਟੇ ਨਾਲ ਜੁੜੀਆਂ ਨਾਂਹ-ਪੱਖੀ ਗੱਲਾਂ ਨੂੰ ਘੱਟ ਕਰ ਸਕਦਾ ਹੈ ਅਤੇ ਸ਼ਾਨਦਾਰ ਤਰੀਕੇ ਨਾਲ ਸਾਂਭ-ਸੰਭਾਲ ਵਿਚ ਮਦਦ ਕਰ ਸਕਦਾ ਹੈ। ਦੂਜੇ ਪਾਸੇ, ਇਹ ਰੁਜ਼ਗਾਰ ਦੇ ਮੌਕਿਆਂ, ਆਮਦਨ ਪੈਦਾਕਾਰ ਅਤੇ ਮੇਜ਼ਬਾਨ, ਭਾਈਚਾਰਿਆਂ ਦੀ ਸਿੱਖਿਆ ਤੇ ਹਾਂ-ਪੱਖੀ ਪ੍ਰਭਾਵ ਨਾਲ ਵਿਕਾਸ ਦੀ ਰਫ਼ਤਾਰ ਵੀ ਤੇਜ਼ ਕਰੇਗਾ।

## ਭਾਰਤ 'ਚ ਵਾਤਾਵਰਨ ਸੁਖਾਵਾਂ ਸੈਰ-ਸਪਾਟਾ

ਭਾਰਤ ਨੂੰ ਕੁਦਰਤੀ ਸੁੰਦਰਤਾ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਮੈਕਸ ਮੂਲਰ ਨੇ ਇਕ ਵਾਰੀ ਆਖਿਆ ਸੀ ਕਿ, "ਜੇ ਸਾਰੀ ਦੁਨੀਆਂ ਵਿਚ ਕਿਸੇ ਦੇਸ਼ ਅੰਦਰ ਦੌਲਤ, ਸ਼ਕਤੀ ਸੁੰਦਰਤਾ ਦੀ ਅਮੀਰੀ ਵੇਖਣੀ ਹੋਵੇ ਜੋ ਕੁਦਰਤ ਬਖ਼ਸ਼ਸ਼ ਕਰ ਸਕਦੀ ਹੈ - ਧਰਤੀ ਦੇ ਕੁਝ ਭਾਗਾਂ ਵਿਚ ਅਸਲੀ ਸਵਰਗ - ਤਾਂ ਮੈਂ ਭਾਰਤ ਵੱਲ ਇਸ਼ਾਰਾ ਕਰਾਂਗਾ।" ਭਾਰਤ ਦੇ ਸੈਰ-ਸਪਾਟਾ ਮੰਤਰਾਲਾ ਵਲੋਂ 1998 ਵਿਚ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਨੀਤੀਆਂ ਅਤੇ ਦਿਸ਼ਾ ਨਿਰਦੇਸ਼ਾਂ 'ਤੇ ਆਧਾਰਿਤ, ਵਾਤਾਵਰਨ ਅਤੇ ਜੰਗਲਾਤ ਮੰਤਰਾਲਾ ਨੇ ਜੂਨ 2011 ਵਿਚ ਦੇਸ਼ ਦੇ ਸੁਰੱਖਿਅਤ ਖੇਤਰਾਂ, ਸੈਰ-ਸਪਾਟਾ ਦੀਆਂ ਯੋਜਨਾਵਾਂ ਨੂੰ ਉਤਸ਼ਾਹਿਤ ਕਰਨ ਲਈ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਸੰਬੰਧੀ ਨੀਤੀਆਂ ਤਿਆਰ ਕਰਨ ਦੇ ਮਨਸ਼ੇ ਨਾਲ ਰਾਜ ਸਰਕਾਰਾਂ ਦੀ ਇਕ ਬੈਠਕ ਬੁਲਾਈ। ਨਾਲ ਦੀ ਨਾਲ, ਭਾਰਤ ਸਰਕਾਰ ਦੀ 12ਵੀਂ ਪੰਜ ਸਾਲਾ ਯੋਜਨਾ (2012-17) ਗਰੀਬਾਂ ਲਈ ਸੈਰ-ਸਪਾਟਾ ਸਰਗਰਮੀਆਂ ਦੇ ਸ਼ੁੱਧ ਲਾਭ ਦੇਣ ਲਈ ਕੇਂਦਰਿਤ ਹੈ, ਜਿਸ ਵਿਚ ਜ਼ੋਰ ਦਿਤਾ ਗਿਆ ਹੈ ਕਿ ਸੈਰ-ਸਪਾਟਾ ਤੋਂ ਪ੍ਰਾਪਤ ਮਾਲੀਏ ਨੂੰ ਸੁਰੱਖਿਅਤ ਖੇਤਰਾਂ ਦੇ ਪ੍ਰਬੰਧਨ ਲਈ ਵਰਤਿਆ ਜਾਵੇ। ਵਰਤਮਾਨ ਸਮੇਂ ਵਿਚ ਭਾਰਤ ਵਿਚ 661 ਸੁਰੱਖਿਅਤ ਖੇਤਰ ਹਨ ਜਿਨ੍ਹਾਂ ਵਿਚ 100 ਰਾਸ਼ਟਰੀ ਪਾਰਕ, 514 ਜੰਗਲੀ ਜੀਵਾਂ ਦੀਆਂ ਰੱਖਾਂ, 43 ਸਾਂਭ-ਸੰਭਾਲ ਦੀਆਂ ਰੱਖਾਂ ਅਤੇ 4 ਸਮਾਜਿਕ ਰੱਖਾਂ ਹਨ ਜੋ ਵੱਖ-ਵੱਖ ਭੂਗੋਲਿਕ ਖੇਤਰਾਂ ਵਿਚ ਸਥਿਤ ਹਨ। ਇਹ ਦੇਸ਼ ਦੇ ਭੂਗੋਲਿਕ ਖੇਤਰ ਦਾ ਲਗਭਗ 5 ਪ੍ਰਤਿਸ਼ਤ ਹਨ।

ਭਾਰਤ ਵਿਚ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਨੀਤੀ ਨੇ ਰੋਜ਼ੀ-ਰੋਟੀ ਅਤੇ ਸਾਂਭ-ਸੰਭਾਲ ਵਿਚ ਅੰਤਰ ਸੰਬੰਧ ਲਿਆਉਣ ਦਾ ਯਤਨ ਕੀਤਾ ਹੈ। ਇਹ ਸਥਾਨਕ ਭਾਈਚਾਰਿਆਂ ਨੂੰ ਕੁਦਰਤੀ ਸਰੋਤਾਂ ਦੀ ਸ਼ੋਸ਼ਣਕਾਰੀ ਵਰਤੋਂ ਦਾ ਇਕ ਵਿਕਲਪ ਦੇਣ ਦੀ ਕੋਸ਼ਿਸ਼ ਕਰਦੀ ਆ ਰਹੀ ਹੈ। ਉਨ੍ਹਾਂ ਵਾਸਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਧਿਰ ਬਣਾਇਆ ਜਾਂਦਾ ਹੈ। ਇਸ ਪ੍ਰਕਿਰਿਆ ਵਿਚ ਉਹ ਆਪਣੇ ਕੁਦਰਤੀ ਸਰੋਤਾਂ 'ਤੇ ਮਾਣ ਮਹਿਸੂਸ ਕਰਦੇ ਹਨ ਅਤੇ ਸਾਂਭ-ਸੰਭਾਲ ਲਈ ਅੱਗੇ ਆਉਂਦੇ ਹਨ। ਪੇਰੀਆਰ ਟਾਈਗਰ ਰਿਜ਼ਰਵ, ਕੇਰਲ ਦੇ ਮਾਮਲੇ ਨੂੰ ਇਕ ਸ਼ਾਨਦਾਰ ਮਿਸਾਲ ਦੇ ਤੌਰ ਤੇ ਪੇਸ਼ ਕੀਤਾ ਜਾ ਸਕਦਾ ਹੈ। ਇਸ ਰੱਖ ਵਿਚ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਸ਼ੁਰੂ ਕਰਨ ਨਾਲ ਅਨੇਕ ਵਾਤਾਵਰਨ ਵਿਕਾਸ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ। ਮੇਜ਼ਬਾਨ ਭਾਈਚਾਰਿਆਂ ਨੂੰ ਕਿਸ਼ਤੀ ਚਲਾਉਣ, ਪਹਾੜਾਂ 'ਤੇ ਚੜ੍ਹਨ, ਘੋੜ-ਸਵਾਰੀ, ਕੁਦਰਤੀ ਕੈਂਪ ਆਦਿ ਦੇ ਜ਼ਰੀਏ ਰੋਜ਼ੀ-ਰੋਟੀ ਦੇ ਬਦਲਵੇਂ, ਢੁਕਵੇਂ ਅਤੇ ਨਵੀਨ ਮੌਕੇ ਪ੍ਰਦਾਨ ਕੀਤੇ ਗਏ ਹਨ। ਇਸ ਪ੍ਰਾਜੈਕਟ ਤੋਂ ਹੁਣ ਤਕ 5540 ਪਰਿਵਾਰਾਂ ਦੇ 40,000 ਜੀਆਂ ਨੂੰ ਫ਼ਾਇਦਾ ਪੁੱਜਿਆ ਹੈ। ਰੋਜ਼ੀ-ਰੋਟੀ ਦੇ ਅਜਿਹੇ ਬਦਲ ਨਾਲ ਸ਼ਿਕਾਰੀਆਂ ਅਤੇ ਤਸਕਰਾਂ ਨੂੰ ਜੰਗਲਾਂ ਦੀ ਸਾਂਭ-ਸੰਭਾਲ ਦੇ ਅਸਲ ਰੱਖ-ਰਖਾਅ ਵਿਚ ਬਦਲ ਦਿਤਾ ਗਿਆ ਹੈ। ਇਥੋਂ ਤਕ ਕਿ ਪੱਛਮੀ ਬੰਗਾਲ ਦੇ ਸੁੰਦਰਬਨ ਟਾਈਗਰ ਰਿਜ਼ਰਵ ਦੇ ਮਾਮਲੇ ਵਿਚ ਵੀ ਵਾਤਾਵਰਨ ਸੈਰ-ਸਪਾਟਾ ਭਾਗੀਦਾਰਾਂ ਨੂੰ ਵਧੀਆ ਕਮਾਈ ਦੇਣ ਦੇ ਯੋਗ ਹੋਇਆ ਹੈ। ਗੁਹਾ ਅਤੇ ਘੋਸ਼ (2007) ਦੇ ਅਧਿਐਨ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਸੈਰ-ਸਪਾਟਾ ਭਾਗੀਦਾਰ ਖਾਣੇ 'ਤੇ 19 ਪ੍ਰਤਿਸ਼ਤ ਅਤੇ ਗ਼ੈਰ ਖਾਣ ਵਾਲੀਆਂ ਵਸਤਾਂ 'ਤੇ 38 ਪ੍ਰਤਿਸ਼ਤ ਵੱਧ ਖਰਚ ਕਰਦੇ ਹਨ - ਬਾਕੀ ਪਿੰਡ ਵਾਸੀਆਂ ਦੀ ਤੁਲਨਾ ਵਿਚ। ਸੈਰ-ਸਪਾਟਾ ਭਾਗੀਦਾਰਾਂ ਵਲੋਂ ਖਰਚ ਵਿਚ ਇਹ ਵਾਧਾ ਵੱਖ-ਵੱਖ ਉਤਪਾਦਨ ਪ੍ਰਣਾਲੀਆਂ ਨੂੰ ਤੇਜ਼ ਕਰਦਾ ਹੈ ਜਿਸ ਨਾਲ ਖੇਤਰ ਦੀ ਖ਼ੁਸ਼ਹਾਲੀ ਵਿਚ ਵਾਧਾ ਹੁੰਦਾ ਹੈ।

ਸਥਾਨਕ ਨਿਵਾਸੀਆਂ ਦੇ ਜੀਵਨ ਪੱਧਰ ਵਿਚ ਵਾਧੇ ਦੇ ਨਾਲ, ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਉਨ੍ਹਾਂ ਨੂੰ ਸਮਾਜਿਕ-ਆਰਥਿਕ ਤੌਰ ਤੇ ਵੀ ਸਸ਼ਕਤ ਕਰਦਾ ਹੈ ਅਤੇ ਉਨ੍ਹਾਂ ਅੰਦਰ ਵੱਖ-ਵੱਖ ਸੱਭਿਆਤਾਵਾਂ ਅਤੇ ਮਾਨਵੀ ਹੱਕਾਂ ਪ੍ਰਤਿ ਆਦਰ ਪੈਦਾ ਕਰਦਾ ਹੈ। ਅਸਿੱਧੇ ਪ੍ਰੋਤਸਾਹਨ, ਜਿਵੇਂ ਸੁਧਰਿਆ ਬੁਨਿਆਦੀ ਢਾਂਚਾ, ਸਿਹਤ ਸੇਵਾਵਾਂ, ਜਾਗਰੂਕਤਾ ਅਤੇ ਸੈਰ-ਸਪਾਟਾ ਵਿਕਾਸ ਤੋਂ ਸਿੱਖਿਆ ਸਾਂਭ-ਸੰਭਾਲ ਪ੍ਰਤਿ ਹਾਂ ਪੱਖੀ ਰਵੱਈਆ ਪੈਦਾ ਕਰਦੇ ਹਨ। ਸੁੰਦਰਬਨ ਪ੍ਰਾਜੈਕਟ ਵਿਚ ਇਹ ਨੋਟ ਕੀਤਾ ਗਿਆ ਕਿ ਵਾਤਾਵਰਨ ਸੈਰ-ਸਪਾਟਾ ਤੋਂ ਪ੍ਰਾਪਤ ਆਮਦਨ ਦਾ ਇਕ ਹਿੱਸਾ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ 'ਤੇ ਵਰਤਿਆ ਜਾਂਦਾ ਹੈ। ਮਹਾਨ ਹਿਮਾਲੀਅਨ ਰਾਸ਼ਟਰੀ ਪਾਰਕ ਭਾਰਤ ਵਿਚ ਵਾਤਾਵਰਨ ਸੈਰ-ਸਪਾਟਾ ਦੀ ਇਕ ਹੋਰ ਬੇਮਿਸਾਲ ਉਦਾਹਰਣ ਹੈ। ਸੁਰੱਖਿਅਤ ਖੇਤਰ ਪ੍ਰਬੰਧਨ ਨੇ ਨਾ ਕੇਵਲ ਸਾਂਭ-ਸੰਭਾਲ ਪ੍ਰਕਿਰਿਆ ਲਈ ਵਾਤਾਵਰਨ ਵਿਕਾਸ ਕਮੇਟੀਆਂ ਦੇ ਗਠਨ ਵਿਚ ਪਹਿਲ ਕੀਤੀ ਸਗੋਂ ਸਾਂਭ-ਸੰਭਾਲ, ਔਰਤਾਂ ਦੇ ਸ਼ਸਕਤੀਕਰਨ, ਦੂਰ-ਦੁਰਾਡੇ ਪਿੰਡਾਂ ਤਕ ਪਹੁੰਚ ਵਿਕਸਤ ਕਰਨ ਅਤੇ ਰੋਜ਼ੀ-ਰੋਟੀ ਨੂੰ ਸਾਂਭ ਸੰਭਾਲ ਨਾਲ ਜੋੜਨ ਦੀ ਸਹਾਇਤਾ ਵਿਚ ਗਰੀਬੀ ਹਟਾਉਣ ਵੱਲ ਵੀ ਕੰਮ ਕੀਤਾ। ਗਰੀਬ ਘਰਾਂ ਦੀਆਂ ਸੁਆਣੀਆਂ, ਜੋ ਸੁਰੱਖਿਅਤ ਖੇਤਰਾਂ ਦੇ ਕੁਦਰਤੀ ਸਾਧਨਾਂ 'ਤੇ ਨਿਰਭਰ ਹਨ, ਨੂੰ ਔਰਤਾਂ ਵਾਸਤੇ ਬਚਤ ਅਤੇ ਕਰਜ਼ਾ ਸਮੂਹ ਬਣਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਹ ਸਮੂਹ ਹੁਣ ਆਪਣੀਆਂ ਬਚਤਾਂ ਨਾਲ, ਆਮਦਨ ਪੈਦਾ ਕਰਨ ਵਾਲੀਆਂ ਵੱਖ-ਵੱਖ ਸਰਗਰਮੀਆਂ ਦੀ ਮਦਦ ਨਾਲ ਵਪਾਰ ਕਰ ਰਹੇ ਹਨ। ਮਜ਼ਬੂਤ ਸਥਾਨਕ ਪੱਧਰ ਦੇ ਸੰਸਥਾਨਾਂ ਤੇ ਰੋਜ਼ੀ-ਰੋਟੀ ਆਧਾਰਿਤ ਪਹੁੰਚ ਰਾਹੀਂ ਪਹਾੜੀ ਸਮਾਜ ਦੇ ਸਭ ਤੋਂ ਕਮਜ਼ੋਰ

ਤਬਕੇ ਦਾ ਸ਼ਕਤੀਕਰਨ ਦਾ ਨਤੀਜਾ ਲਘੂ-ਯੋਜਨਾਬੰਦੀ ਅਤੇ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿਚ ਅਸਲ ਭਾਗੀਦਾਰੀ ਦੇ ਰੂਪ ਵਿਚ ਨਿਕਲਿਆ ਹੈ ਜਿਸ ਨਾਲ ਜੰਗਲਾਂ 'ਤੇ ਨਿਰਭਰਤਾ ਘੱਟ ਹੋਈ ਹੈ। ਇਸ ਦਾ ਸਿੱਟਾ ਆਰਥਿਕ ਅਤੇ ਸਮਾਜਿਕ ਸ਼ਕਤੀਕਰਨ ਦੇ ਰਾਹੀਂ ਜੈਵਿਕ ਭਿੰਨਤਾ ਦੀ ਸਫਲਤਾਪੂਰਬਕ ਸੰਭਾਲ ਦੇ ਰੂਪ ਵਿਚ ਮਿਲਿਆ ਹੈ ਜੋ ਵਾਤਾਵਰਨ ਸਥਿਰਤਾ ਦੀ ਮੁਢਲੀ ਲੋੜ ਹੈ (ਮਿਸ਼ਰ, ਬਡੋਲਾ ਅਤੇ ਭਾਰਦਵਾਜ, 2009)।

ਪਰ, ਬਹੁਤ ਸਾਰੇ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਪ੍ਰਾਜੈਕਟਾਂ ਨੂੰ, ਸਫਲ ਸਾਂਭ-ਸੰਭਾਲ ਨੀਤੀ ਦੇ ਉਦੇਸ਼ਾਂ ਦਾ ਪਾਲਣ ਨਾ ਕਰਨ ਲਈ ਸਖ਼ਤ ਆਲੋਚਨਾ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਅਕਸਰ ਹੀ, ਸਥਾਨਕ ਭਾਈਚਾਰਿਆਂ ਦੀ ਰੋਜ਼ੀ-ਰੋਟੀ ਅਤੇ ਸਾਂਭ-ਸੰਭਾਲ ਦੇ ਸੰਬੰਧ ਨੂੰ ਅੱਖੋਂ ਪਰੋਖੇ ਕਰਨ ਨਾਲ ਵਾਤਾਵਰਨ ਉਦੇਸ਼ ਦੂਜੇ ਉਦੇਸ਼ਾਂ ਤੋਂ ਭਾਰੀ ਪੈ ਜਾਂਦੇ ਹਨ। ਬਹੁਤ ਸਾਰੇ ਮਾਮਲਿਆਂ ਵਿਚ ਬੰਦੂਕ ਅਤੇ ਸੰਤਰੀ ਦੀ ਪਹੁੰਚ ਵੀ ਅਪਣਾਈ ਜਾਂਦੀ ਹੈ ਅਤੇ ਸਥਾਨਕ ਲੋਕਾਂ ਨੂੰ ਸਾਰੀ ਜਾਣਕਾਰੀ ਤੋਂ ਦੂਰ ਰੱਖਿਆ ਜਾਂਦਾ ਹੈ। ਇਸ ਨਾਲ ਸੁਰੱਖਿਅਤ ਖੇਤਰਾਂ ਅਤੇ ਸਥਾਨਕ ਲੋਕਾਂ ਦਰਮਿਆਨ ਵਿਵਾਦ ਪੈਦਾ ਹੁੰਦਾ ਹੈ। ਮਿਸਾਲ ਦੇ ਲਈ, ਰਾਜਸਥਾਨ ਦੇ ਕੋਇਲਾਦੇਓ ਰਾਸ਼ਟਰੀ ਪਾਰਕ ਵਿਚ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਸਿਰਫ਼ ਕੁਝ ਜੱਟ ਪੁਰਸ਼ਾਂ ਨੂੰ ਹੀ ਰੁਜ਼ਗਾਰ ਦੇ ਮੌਕੇ ਦਿੰਦਾ ਹੈ। ਇਸ ਕਰਕੇ ਬਹੁ-ਗਿਣਤੀ ਭਾਈਚਾਰਾ ਸਾਂਭ-ਸੰਭਾਲ ਦੀ ਹਮਾਇਤ ਨਹੀਂ ਕਰਦਾ। ਪਾਰਕ ਬਣਾਉਣ ਲਈ ਜ਼ਰੂਰੀ ਉਜਾੜਾ, ਸੁਰੱਖਿਅਤ ਖੇਤਰਾਂ ਵਿਚ ਪਹੁੰਚ ਦੀ ਕਮੀ, ਅਸੁਰੱਖਿਅਤ ਭੋਇੰ ਮਿਆਦ, ਜੰਗਲੀ ਜਾਨਵਰਾਂ ਦੁਆਰਾ ਫ਼ਸਲਾਂ ਅਤੇ ਪਸ਼ੂਧਨ ਨੂੰ ਨੁਕਸਾਨ, ਸਮੱਸਿਆ ਨੂੰ ਹੋਰ ਗੰਭੀਰ ਕਰਦੇ ਹਨ (ਦਾਸ ਅਤੇ ਚੈਟਰਜੀ, 2015)। ਭਾਰਤੀ ਹਿਮਾਲਾ ਖੇਤਰ ਵਿਚ ਨੰਦਾ ਦੇਵੀ ਜੈਵਿਕ ਖੇਤਰ ਰੱਖ ਦੇ ਮਾਮਲੇ ਵਿਚ ਮੈਖੁਰੀ, ਨੌਟਿਆਲ ਅਤੇ ਸਕਸੈਨਾ (2001) ਅੰਦਾਜ਼ਾ ਲਾਉਂਦੇ ਹਨ ਕਿ ਜੰਗਲੀ ਜਾਨਵਰਾਂ ਦੁਆਰਾ ਅਨਾਜ ਫ਼ਸਲਾਂ, ਫਲਾਂ ਤੇ ਦਰਖ਼ਤਾਂ ਅਤੇ ਸ਼ਹਿਦ ਦੀਆਂ ਮੱਖੀਆਂ ਦੇ ਛੱਤਿਆਂ ਨੂੰ ਨੁਕਸਾਨ ਪਹੁੰਚਾਉਣ ਨਾਲ ਪ੍ਰਤਿ ਘਰ ਕ੍ਰਮਵਾਰ 1285, 1195 ਅਤੇ 156 ਰੁਪਏ ਦਾ ਨੁਕਸਾਨ ਪੁੱਜਦਾ ਹੈ, ਜੰਗਲੀ ਔਸ਼ਧੀ ਬੂਟਿਆਂ ਦੇ ਇਕੱਤਰ ਕਰਨ 'ਤੇ ਪਾਬੰਦੀ ਨਾਲ 1587 ਰੁਪਏ ਅਤੇ ਅੰਦਰੂਨੀ ਖੇਤਰਾਂ ਵਿਚ ਸੈਰ-ਸਪਾਟਾ 'ਤੇ ਪਾਬੰਦੀ ਨਾਲ 7904 ਰੁਪਏ ਦੀ ਹਾਨੀ ਹੁੰਦੀ ਹੈ। ਭਾਵੇਂ ਕਿ ਰੱਖ ਦੇ ਅਧਿਕਾਰੀਆਂ ਵਲੋਂ ਜੰਗਲੀ ਜਾਨਵਰਾਂ ਦੁਆਰਾ ਮਾਰੇ ਪਸ਼ੂਧਨ ਦਾ ਮੁਆਵਜ਼ਾ ਦਿਤਾ ਜਾਂਦਾ ਹੈ, ਪਰ ਇਹ ਮਾਰੇ ਗਏ ਪਸ਼ੂ ਧਨ ਦੀ ਬਾਜ਼ਾਰ ਕੀਮਤ ਦਾ ਮੁਸ਼ਕਿਲ ਨਾਲ 5 ਪ੍ਰਤਿਸ਼ਤ ਹੁੰਦਾ ਹੈ ਜਿਸ ਦਾ ਲੋਕਾਂ ਵਲੋਂ ਅੰਦਾਜ਼ਾ ਲਾਇਆ ਜਾਂਦਾ ਹੈ। ਲੋਕ ਰੱਖ ਦੇ ਪ੍ਰਬੰਧਨ ਵਲੋਂ ਜੰਗਲ ਲਾਉਣ, ਪਸ਼ੂਧਨ ਦੇ ਨੁਕਸਾਨ ਦਾ ਅੰਸ਼ਿਕ ਮੁਆਵਜ਼ਾ ਦੇਣ, ਸੌਰ ਊਰਜਾ ਉਪਕਰਨਾਂ ਦੀ ਉਪਲਬਧਤਾ, ਉੱਨ ਅਤੇ ਕਤਾਈ ਦੇ ਉਪਕਰਨਾਂ ਲਈ ਉਜਰਤ ਦਿਤੇ ਜਾਣ ਲਈ ਵਰਤਮਾਨ ਲਾਭਾਂ ਨੂੰ ਪਸੰਦ ਨਹੀਂ ਕਰਦੇ। ਅਜਿਹੇ ਸਾਰੇ ਕੰਮ ਅੰਤ ਨੂੰ ਸਥਾਨਕ ਲੋਕਾਂ ਦੇ ਮਨਾਂ ਵਿਚ ਸਾਂਭ ਸੰਭਾਲ ਪ੍ਰਤਿ ਨੁਕਸਾਨਦੇਹ ਰਵੱਈਆ ਪੈਦਾ ਕਰਦੇ ਹਨ।


## ਭੀਤਰਕਨਿਕਾ ਜੰਗਲੀ ਜੀਵ ਰੱਖ ਓਡੀਸ਼ਾ, ਭਾਰਤ ਦੀ ਮਿਸਾਲ

ਭੀਤਰਕਨਿਕਾ ਜੰਗਲੀ ਜੀਵ ਰੱਖ (ਬੀ ਕੇ ਡਬਲਿਯੂ ਐੱਸ) ਜੋ ਲੁਪਤ ਹੋ ਰਹੀ ਲੂਣੇ ਪਾਣੀ ਵਾਲੇ ਮਗਰਮੱਛ (ਕ੍ਰੋਕੋਡਾਇਲ ਪੋਰੋਸਸ) ਲਈ ਪ੍ਰਸਿੱਧ ਹੈ ਪੂਰਬੀ ਭਾਰਤ ਸਥਿਤ ਓਡੀਸ਼ਾ ਦੇ ਕੇਂਦਰਪਾੜਾ ਜ਼ਿਲ੍ਹੇ ਵਿਚ ਮੌਜੂਦ ਹੈ। ਇਸ ਪਾਰਕ ਦਾ 2008 ਦੇ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿਚ ਜ਼ਿਕਰ ਹੈ ਜਿਸ ਵਿਚ 23 ਫੁੱਟ ਲੰਮੇ ਲੂਣੇ ਪਾਣੀ ਵਾਲੇ ਮਗਰਮੱਛ ਨੂੰ ਦੁਨੀਆਂ ਵਿਚ ਸਭ ਤੋਂ ਲੰਮਾ ਦਰਜ ਕੀਤਾ ਗਿਆ ਹੈ। ਇਹ ਰਾਸ਼ਟਰੀ ਪਾਰਕ (ਭੀਤਰਕਨਿਕਾ ਰਾਸ਼ਟਰੀ ਪਾਰਕ) ਭੀਤਰਕਨਿਕਾ ਜੰਗਲੀ ਜੀਵ ਰੱਖ ਦੇ ਅੰਦਰੂਨੀ ਭਾਗ ਵਿਚ ਸਤੰਬਰ 1998 ਵਿਚ ਬਣਾਇਆ ਗਿਆ ਸੀ। ਭੀਤਰਕਨਿਕਾ ਜੰਗਲੀ ਜੀਵ ਰੱਖ ਦੀ ਸਥਾਪਨਾ 1975 ਵਿਚ ਕੀਤੀ ਗਈ ਸੀ। ਇਹ ਰੱਖ ਭਾਰਤ ਦੀ ਸਦਾਬਹਾਰ ਵਾਤਾਵਰਨ ਪ੍ਰਣਾਲੀ ਵਿਚ ਦੂਜੀ ਸਭ ਤੋਂ ਵੱਡੀ ਹੈ। ਇਹ ਪਾਰਕ ਭੀਤਰਕਨਿਕਾ ਸਦਾਬਹਾਰ ਜੰਗਲ ਦਾ 672 ਵਰਗ ਕਿਲੋਮੀਟਰ ਖੇਤਰ ਮੱਲੀ ਬੈਠਾ ਹੈ, ਇਕ ਸਦਾਬਹਾਰ ਦਲਦਲ ਜੋ ਬਹੁਮਨੀ, ਬੈਤਰਨੀ ਅਤੇ ਧਾਮਰਾ ਦਰਿਆਵਾਂ ਦੇ ਡੈਲਟੇ ਵਿਚ ਸਥਿਤ ਹੈ।

ਬੀ ਕੇ ਡਬਲਿਯੂ ਐੱਸ ਬਾਰੇ ਗਹਿਰੀ ਜਾਣਕਾਰੀ ਹਾਸਲ ਕਰਨ ਲਈ ਪ੍ਰਮੁੱਖ ਸਰਵੇਖਣ ਅਤੇ ਉੱਪ-ਸਰਵੇਖਣ ਸਰੋਤਾਂ ਜਿਵੇਂ ਸਦਾਬਹਾਰ ਜੰਗਲ ਡਿਵੀਜ਼ਨ (ਡਬਲਿਯੂ ਐੱਲ) ਰਾਜਨਗਰ, ਕੇਂਦਰਪਾੜਾ, ਓਡੀਸ਼ਾ, ਪ੍ਰਮੁੱਖ ਵਣ ਸਾਂਭ-ਸੰਭਾਲ ਦਫ਼ਤਰ, ਭੁਬਨੇਸ਼ਵਰ, ਓਡੀਸ਼ਾ ਆਦਿ ਤੋਂ ਅੰਕੜੇ ਇਕੱਤਰ ਕੀਤੇ ਗਏ ਹਨ। ਫ਼ਰਵਰੀ 2014 ਤੋਂ ਜੁਲਾਈ 2014 ਤਕ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਭਾਗੀਦਾਰਾਂ ਕੋਲੋਂ ਜਾਣਕਾਰੀ ਇਕੱਠੀ ਕਰਨ ਸਦਾਬਹਾਰ ਜੰਗਲ ਡਿਵੀਜ਼ਨ, ਕੇਂਦਰਪਾੜਾ, ਓਡੀਸ਼ਾ ਦੇ ਜਾਣਕਾਰੀ ਕਿਤਾਬਚੇ ਤੋਂ ਇਹ ਪਤਾ ਲਗਦਾ ਹੈ ਕਿ ਹਾਲ ਹੀ ਵਿਚ ਅਮੀਰ ਕੁਦਰਤੀ ਸੁੰਦਰਤਾ ਦੇ ਚਲਦਿਆਂ ਇਸ ਪਾਰਕ ਅੰਦਰ ਯਾਤਰੀਆਂ ਦੀ ਸਾਲਾਨਾ ਆਮਦ ਦੀ ਸੰਖਿਆ ਅਤੇ ਉਨ੍ਹਾਂ ਤੋਂ ਪ੍ਰਾਪਤ ਕੀਤਾ ਮਾਲੀਆ ਹੇਠਲੀ ਅੱਗੇ ਤਾਲਿਕਾ ਵਿਚ ਦਿਖਾਇਆ ਗਿਆ ਹੈ।

ਯਾਤਰੀਆਂ ਦੀ ਸੰਖਿਆ ਵਧਣ ਦੇ ਨਾਲ ਸਥਾਨਕ ਲੋਕਾਂ ਲਈ ਕੰਮ ਦੇ ਵੱਖ-ਵੱਖ ਮੌਕੇ ਪੈਦਾ ਹੋ ਰਹੇ ਹਨ। ਸਥਾਨਕ ਲੋਕਾਂ ਨੂੰ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਵਿਚ ਭਾਗੀਦਾਰੀ ਲਈ ਪ੍ਰੇਰਿਤ ਕਰਨ ਲਈ ਵੀ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਤਾਂ ਕਿ ਸਥਾਨਕ ਲੋਕਾਂ ਦੀ ਕੁਦਰਤੀ ਸਰੋਤਾਂ 'ਤੇ ਨਿਰਭਰਤਾ ਘੱਟ ਹੋ ਸਕੇ ਅਤੇ ਵਾਤਾਵਰਨ

*ਚਿੱਤਰ-1 ਭੀਤਰਕਨਿਕਾ ਰਾਸ਼ਟਰੀ ਪਾਰਕ ਅਤੇ ਭੀਤਰਕਿਨਿਕਾ ਜੰਗਲੀ ਜੀਵ ਰੱਖ ਦਾ ਨਕਸ਼ਾ*



ਸੁਖਾਵਾਂ ਸੈਰ-ਸਪਾਟਾ ਜੰਗਲਾਂ ਦੀ ਸੰਭਾਲ ਵਿਚ ਹਾਂ-ਪੱਖੀ ਭੂਮਿਕਾ ਅਦਾ ਕਰ ਸਕੇ। ਵਣ ਵਿਭਾਗ ਵਲੋਂ ਹੁਲਾਰਾ ਦੇਣ ਨਾਲ ਪੇਂਡੂਆਂ ਵਲੋਂ ਬਹੁਤ ਸਾਰੀਆਂ ਵਾਤਾਵਰਨ ਸੁਖਾਵਾਂ ਵਿਕਾਸ ਸੰਮਤੀਆਂ ਬਣਾਈਆਂ ਗਈਆਂ ਹਨ (ਈ ਡੀ ਸੀ)। ਭੀਤਰਕਨਿਕ ਵਾਤਾਵਰਨ ਸੈਰ-ਸਪਾਟਾ ਅਤੇ ਵਾਤਾਵਰਨ ਵਿਕਾਸ ਸਭਾ (ਬੀ ਈ ਈ ਐੱਸ) ਹਾਲ ਹੀ ਵਿਚ ਸਥਾਨਕ ਵਾਸੀਆਂ, ਵਣ ਵਿਭਾਗ ਦੇ ਮੈਂਬਰਾਂ ਅਤੇ ਕੁਝ ਸਾਂਭ-ਸੰਭਾਲ ਤੇ ਸੁਰੱਖਿਆ ਨੂੰ ਲੈ ਕੇ ਬਣਾਈ ਗਈ ਹੈ। ਇਹ ਸਭਾ ਅਸਿੱਖਿਅਤ ਵਿਅਕਤੀਆਂ ਨੂੰ ਸਿਖਲਾਈ ਦਿੰਦੀ ਹੈ ਤਾਂ ਕਿ ਉਨ੍ਹਾਂ ਨੂੰ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਖੇਤਰ ਦੀਆਂ ਵੱਖ-ਵੱਖ ਕੰਮ ਸਰਗਰਮੀਆਂ ਵਿਚ ਲਾਇਆ ਜਾ ਸਕੇ। ਪਾਰਕ ਦੇ ਅੰਦਰ ਤੇ ਬਾਹਰ ਕੰਮ ਦੇ ਮੌਕਿਆਂ ਦੀਆਂ ਕਿਸਮਾਂ ਨੂੰ ਤਾਲਿਕਾ-2 ਵਿਚ ਦਿਖਾਇਆ ਗਿਆ ਹੈ।

ਸਥਾਨਕ ਲੋਕਾਂ ਦੇ ਕਹਿਣ ਮੁਤਾਬਕ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਦੀ ਸ਼ੁਰੂਆਤ ਤੋਂ ਬਾਅਦ ਸਭ ਤੋਂ ਵੱਧ ਮਹੱਤਵਪੂਰਨ ਘਟਨਾਵਾਂ ਵਿਚੋਂ ਇਕ ਆਵਾਜਾਈ ਅਤੇ ਸੰਚਾਰ ਸਹੂਲਤਾਂ ਦਾ ਵਿਕਾਸ ਹੈ। ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ ਰਾਜਨਗਰ ਤੋਂ ਰਾਸ਼ਟਰੀ ਪਾਰਕ ਨੂੰ ਜੋੜਨ ਵਾਲਾ ਇਕ ਪੱਕਾ ਰਸਤਾ ਉਸਾਰਿਆ ਗਿਆ ਹੈ। ਅਜਿਹੇ ਸੁਧਰੇ ਹੋਏ ਬੁਨਿਆਦੀ ਢਾਂਚੇ ਕਰਕੇ ਯਾਤਰੀਆਂ ਦੀ ਸੰਖਿਆ ਵਿਚ ਵਾਧਾ ਹੋਇਆ ਹੈ ਜਿਸ ਨਾਲ ਸਥਾਨਕ ਲੋਕ ਆਪਣੇ ਕੁਦਰਤੀ ਸਰੋਤਾਂ 'ਤੇ ਮਾਣ ਮਹਿਸੂਸ ਕਰਨ ਲੱਗੇ ਹਨ। ਯਾਤਰੀਆਂ ਨਾਲ ਸੰਵਾਦ ਨੇ ਪੇਂਡੂਆਂ ਦੇ ਦ੍ਰਿਸ਼ਟੀਕੋਣ ਅਤੇ ਸੰਪਰਕ ਵਿਚ ਤਬਦੀਲੀ ਲਿਆਂਦੀ ਹੈ। ਪਿੰਡਾਂ ਦੀਆਂ ਸੁਆਣੀਆਂ ਘਰਾਂ ਦੀ ਚਾਰ ਦੀਵਾਰੀ ਤੋਂ ਬਾਹਰ ਆਉਣ ਦੇ ਕਾਬਲ ਹੋ ਗਈਆਂ ਹਨ। ਉਨ੍ਹਾਂ ਵਲੋਂ ਬਹੁਤ ਸਾਰੇ ਸਵੈ-ਸਹਾਇਤਾ ਸਮੂਹ ਬਣਾਏ ਗਏ ਹਨ। ਭਾਵੇਂ ਕਿ ਵਰਤਮਾਨ ਵਿਚ ਇਹ ਸਮੂਹ ਛੋਟੇ ਜਾਂ ਲਘੂ ਉੱਦਮ ਚਲਾਉਣ ਦੇ ਕਾਬਲ ਨਹੀਂ ਹਨ। ਪਰ ਇਨ੍ਹਾਂ ਸਮੂਹਾਂ ਨੇ ਇਕਜੁਟਤਾ ਅਤੇ ਸੰਬੰਧਾਂ ਨੂੰ ਮਜ਼ਬੂਤੀ ਦਿਤੀ ਹੈ। ਸਿਹਤ ਤੇ ਸਿੱਖਿਆ ਦੇ ਮਾਮਲੇ ਵਿਚ ਵੀ ਕੁਝ ਸੁਧਾਰ ਹੋਇਆ ਹੈ। ਰਾਜ ਵਲੋਂ ਚਲਾਈਆਂ ਜਾ ਰਹੀਆਂ 108 ਨੰਬਰ ਵਾਲੀਆਂ ਐਂਬੂਲੈਂਸ ਗੱਡੀਆਂ, ਆਵਾਜਾਈ ਦੀਆਂ ਸੁਧਰੀਆਂ ਸਹੂਲਤਾਂ ਕਾਰਨ ਤੁਰੰਤ ਲੋੜਵੰਦਾਂ ਤਕ ਪਹੁੰਚ ਜਾਂਦੀਆਂ ਹਨ। ਪਿੰਡ ਵਾਸੀਆਂ ਦੇ ਬੱਚੇ ਬਰਸਾਤਾਂ ਵਿਚ ਵੀ ਸਕੂਲ ਜਾ ਸਕਦੇ ਹਨ ਜੋ ਕੱਚੇ ਰਸਤੇ ਕਰਕੇ ਪਹਿਲਾਂ ਵੱਡੀ ਸਮੱਸਿਆ ਹੁੰਦੀ ਸੀ। ਪਰ, ਰਾਸ਼ਟਰੀ ਪਾਰਕ ਤੋਂ ਦੁਰੇਡੇ ਵਸੇ ਪਿੰਡਾਂ ਦੀ ਹਾਲਤ 'ਚ ਸੁਧਾਰ ਕਰਨਾ ਹਾਲੇ ਬਾਕੀ ਹੈ।

| ਤਾਲਿਕਾ-1 : ਯਾਤਰੀਆਂ ਦੀ ਆਮਦ ਤੇ ਇਕੱਤਰ ਆਮਦਨ | | | | |
|---|---|---|---|---|
| ਸਾਲ | ਯਾਤਰੀਆਂ ਦੀ ਸੰਖਿਆ | | | ਇਕੱਤਰ ਕੀਤਾ ਆਮਦਨ (ਭਾਰਤੀ ਰੁਪਏ) |
| | ਭਾਰਤੀ | ਵਿਦੇਸ਼ੀ | ਕੁੱਲ | |
| 2008-09 | 36,792 | 288 | 37,080 | 12,63,479 |
| 2009-10 | 45,178 | 249 | 45,427 | 11,19,696 |
| 2010-11 | 48,972 | 300 | 49,272 | 15,86,383 |
| 2011-12 | 39,295 | 275 | 39,570 | 13,86,868 |
| 2012-13 | 46,714 | 203 | 46,917 | 15,48,989 |

*ਸਰੋਤ: ਮੈਨਗ੍ਰੋਵ ਫਾਰੈਸਟ ਡਿਵੀਜ਼ਨ (ਡਬਲਿਯੂ ਐੱਲ) ਰਾਜਨਗਰ, ਕੇਂਦਰਪਾੜਾ, ਓਡੀਸ਼ਾ।*

ਸਮਾਜਿਕ-ਆਰਥਿਕ ਅਤੇ ਸੱਭਿਆਚਾਰਕ ਫ਼ਾਇਦਿਆਂ ਨਾਲ ਬੀ ਕੇ ਡਬਲਿਯੂ ਐੱਸ ਨੇ ਬਾਲਣ ਵਾਸਤੇ ਲੱਕੜੀ, ਸਦਾਬਹਾਰ ਰੁੱਖਾਂ ਦੇ ਪੱਤਿਆਂ, ਸ਼ਹਿਦ ਆਦਿ ਇਕੱਤਰ ਕਰਨ ਵਿਚ ਕਮੀ ਅਨੁਭਵ ਕੀਤੀ ਹੈ। ਜੰਗਲੀ ਜਾਨਵਰਾਂ ਦੀ ਸੰਖਿਆ ਵਿਚ ਵੀ ਵਾਧਾ ਹੋਇਆ ਹੈ। ਲੁਪਤ ਹੋ ਰਹੇ ਮਗਰਮੱਛ ਪੋਰੋਸਸ ਦੀ ਸੰਖਿਆ ਵੀ ਜੰਗਲੀ ਜੀਵ ਜਨਗਣਨਾ ਦੇ ਮੁਤਾਬਕ 2002-03 ਦੀ 1308 ਦੇ ਮੁਕਾਬਲੇ 2009-10 ਵਿਚ ਵਧ ਕੇ 1610 ਹੋ ਗਈ ਹੈ। ਸਥਾਨਕ ਲੋਕਾਂ ਦੇ ਵਿਚਾਰਾਂ ਮੁਤਾਬਕ, ਹੁਣ ਉਹ ਚੀਤਲ, ਜੰਗਲੀ ਰਿੱਛ ਆਦਿ ਆਮ ਵੇਖ ਸਕਦੇ ਹਨ ਜਦ ਕਿ 10 ਸਾਲ ਪਹਿਲਾਂ ਅਜਿਹਾ ਨਹੀਂ ਸੀ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਬਾਲਣ ਵਾਲੀ ਲੱਕੜ ਇਕੱਠੀ ਕਰਨ 'ਤੇ ਪਾਬੰਦੀ ਨਾਲ ਜੰਗਲ ਦੇ ਖੇਤਰ ਵਿਚ ਵੀ ਵਾਧਾ ਹੋਇਆ ਹੈ। ਬਹੁਸੰਖਿਆ ਵਿਚ ਸਥਾਨਕ ਲੋਕਾਂ ਦਾ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਪ੍ਰਤਿ ਦ੍ਰਿਸ਼ਟੀਕੋਣ ਹੌਲੀ-ਹੌਲੀ ਹਾਂ-ਪੱਖੀ ਹੁੰਦਾ ਜਾ ਰਿਹਾ ਹੈ।

ਬੇਸ਼ੱਕ, ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਨੇ ਸਥਾਨਕ ਲੋਕਾਂ ਦੀ ਕਮਾਈ ਵਿਚ ਚੋਖਾ ਯੋਗਦਾਨ ਪਾਇਆ ਹੈ, ਪਰ ਭਾਗੀਦਾਰਾਂ ਨਾਲ ਵਿਸਥਾਰ ਵਿਚ ਚਰਚਾ ਕਰਨ 'ਤੇ ਖੁਲਾਸਾ ਹੋਇਆ ਕਿ ਬੀ ਕੇ ਡਬਲਿਯੂ ਐੱਸ ਵਿਚ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਵਿਚ ਜ਼ਿਆਦਾਤਰ ਭਾਗੀਦਾਰ ਮਜ਼ਦੂਰੀ ਕਰਨ ਵਾਲੇ ਹਨ। ਕਿਸ਼ਤੀ ਚਲਾਉਣ ਦਾ ਵਪਾਰ ਦੂਜੇ ਵਰਗ ਵਿਚ ਆਉਂਦਾ ਹੈ, ਤੀਜੇ ਵਰਗ ਵਿਚ ਰੈਸਤਰਾਂ ਅਤੇ ਟਿਫਨ (ਖਾਣੇ ਵਾਲੇ) ਦਾ ਵਪਾਰ ਆਉਂਦਾ ਹੈ। ਰੱਖ ਅੰਦਰ ਕੁਝ ਹੋਟਲ ਹਨ ਪਰ ਉਨ੍ਹਾਂ ਦੇ ਮਾਲਕ ਬੀ ਕੇ ਡਬਲਿਯੂ ਐੱਸ ਦੇ ਨਿਵਾਸੀ ਨਹੀਂ ਹਨ। ਕੁਝ ਵਾਤਾਵਰਨ ਸੁਖਾਵਾਂ ਗਾਈਡ ਵਰਤਮਾਨ ਸਮੇਂ ਸੀਜ਼ਨ ਦੇ ਸਿਖਰ ਵਿਚ ਰੁੱਝੇ ਹੋਏ ਹਨ। ਵਾਤਾਵਰਨ ਸੈਰ-ਸਪਾਟਾ ਵਿਚ ਉਜਰਤ ਵਾਲੇ ਮਜ਼ਦੂਰਾਂ ਦੀ ਵੱਡੀ ਮੌਜੂਦਗੀ ਦਾ ਕਾਰਨ ਪਿੰਡ ਵਾਲਿਆਂ ਦੀ ਘੱਟ ਜਾਂ ਨਾਂ ਦੇ ਬਰਾਬਰ ਸਿੱਖਿਆ ਹੈ। ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਨਾਲ ਸੰਬੰਧਿਤ ਨੌਕਰੀਆਂ ਵਿਚ ਔਰਤ ਭਾਗੀਦਾਰੀ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਹੋਰ ਵੀ ਘੱਟ ਹੈ, ਜਿਸ ਦਾ ਕੰਮ ਉਪਲਬਧ ਕੰਮ ਦੀ ਕਿਸਮ ਅਤੇ ਸਿੱਖਿਆ ਦੀ ਕਮੀ ਹੈ। ਜ਼ਿਆਦਾਤਰ ਔਰਤਾਂ ਪਾਰਕ ਵਿਚ ਠੇਕੇ 'ਤੇ ਮਜ਼ਦੂਰੀ ਦਾ ਕੰਮ ਕਰਦੀਆਂ ਹਨ। ਵਾਤਾਵਰਨ ਸੈਰ-ਸਪਾਟਾ ਦੇ ਭਾਗੀਦਾਰਾਂ ਦੀ ਆਮਦਨ ਵਿਚ ਵੀ ਵੱਡਾ ਫ਼ਰਕ ਹੈ। ਟੂਰ ਆਪਰੇਟਰ ਸਭ ਤੋਂ ਵੱਧ ਮੁਨਾਫ਼ਾ ਕਮਾਉਂਦੇ ਹਨ, ਜਿਨ੍ਹਾਂ ਤੋਂ ਬਾਅਦ ਹੋਟਲ ਮਾਲਕਾਂ, ਰੈਸਤਰਾਂ ਮਾਲਕਾਂ ਅਤੇ ਕਿਸ਼ਤੀ ਚਲਾਉਣ ਵਾਲਿਆਂ ਦਾ

| ਤਾਲਿਕਾ-2 : ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਭਾਗੀਦਾਰਾਂ ਲਈ ਕੰਮ ਦੇ ਮੌਕੇ | |
|---|---|
| ਪਾਰਕ ਦੇ ਅੰਦਰ | ਪਾਰਕ ਦੇ ਬਾਹਰ |
| • ਪਾਰਕ ਵਿਚ ਰੁਜ਼ਗਾਰ ਤੋਂ ਉਜਰਤ (ਗਸ਼ਤ ਕਰਨ ਵਾਲਾ ਅਮਲਾ, ਪੌਦੇ ਲਾਉਣ ਵਾਲੇ ਕਾਮੇ, ਗੇਟਕੀਪਰ, ਕਿਸ਼ਤੀ ਚਲਾਉਣ ਵਾਲੇ) | • ਆਪੇ ਚਲਾਉਣ ਵਾਲੇ ਉੱਦਮ ਜਿਵੇਂ ਕਿ ਰਿਹਾਇਸ਼, ਰੈਸਤਰਾਂ, ਆਵਾਜਾਈ। |
| • ਵਾਤਾਵਰਨ ਸੁਖਾਵਾਂ - ਵਿਕਾਸ ਨਾਲ ਚੱਲਣ ਵਾਲੇ ਉੱਦਮ (ਯਾਦਗਾਰੀ ਚਿੰਨ੍ਹਾਂ ਦੀ ਦੁਕਾਨ, ਕੰਟੀਨ, ਵਾਤਾਵਰਨ ਆਵਾਸ। | • ਰਿਹਾਇਸ਼, ਰੈਸਤਰਾਂ ਅਤੇ ਆਵਾਜਾਈ ਤੇ ਉਜਰਤ। |
| • ਵਾਤਾਵਰਨ ਗਾਈਡ ਜਿਹੇ ਪੇਸ਼ਾਵਰ | • ਨਰਸਰੀ (ਪੌਦੇ) ਵਿਕਾਸ ਕਰਨ ਦੀਆਂ ਸਰਗਰਮੀਆਂ ਤੋਂ ਉਜਰਤ। |
| • ਪਾਰਕ ਸੰਬੰਧਿਤ ਉਸਾਰੀ ਅਤੇ ਦੂਜੀਆਂ ਵਿਕਾਸ ਸਰਗਰਮੀਆਂ ਨਾਲ ਸੰਬੰਧਿਤ ਅਸਥਾਈ ਕਾਮੇ। | • ਪਾਰਕਿੰਗ ਫ਼ੀਸ ਤੋਂ ਉਜਰਤ |

ਸਰੋਤ : ਮੁਢਲਾ ਸਰਵੇਖਣ

ਨੰਬਰ ਆਉਂਦਾ ਹੈ। ਪਾਰਕ ਵਿਚ ਮਜ਼ਦੂਰੀ ਕਰਨ ਵਾਲੇ ਜ਼ਿਆਦਾਤਰ ਠੇਕੇ 'ਤੇ ਕੰਮ ਕਰਦੇ ਹਨ ਜਿਨ੍ਹਾਂ ਨੂੰ ਬਾਜ਼ਾਰ ਦਰ ਨਾਲੋਂ ਘੱਟ ਉਜਰਤ ਮਿਲਦੀ ਹੈ। ਉਨ੍ਹਾਂ ਵਿਚੋਂ ਬਹੁਤ ਸਾਰੇ ਇਸ ਗੱਲ ਨਾਲ ਸਹਿਮਤ ਸਨ ਕਿ ਘੱਟ ਉਜਰਤ ਦਰਾਂ ਕਰਕੇ ਉਨ੍ਹਾਂ ਦੇ ਜੀਵਨ ਪੱਧਰ ਵਿਚ ਕੋਈ ਬਹੁਤਾ ਸੁਧਾਰ ਨਹੀਂ ਹੋਇਆ। ਇਹੀ ਕਾਰਨ ਹੈ ਕਿ ਸਥਾਨਕ ਲੋਕ ਕੁਦਰਤੀ ਸਰੋਤਾਂ 'ਤੇ ਜ਼ਿਆਦਾ ਨਿਰਭਰ ਕਰਦੇ ਹਨ ਜਿਵੇਂ ਬਾਲਣ ਵਾਲੀ ਲੱਕੜੀ ਚੁਗਣੀ, ਸ਼ਹਿਦ, ਜੰਗਲਾਂ ਤੋਂ ਚਾਰਾ ਇਕੱਠਾ ਕਰਨਾ, ਮੱਛੀ ਫੜਨਾ ਅਤੇ ਦਰਿਆਵਾਂ ਦੇ ਕੰਢਿਆਂ 'ਤੇ ਝੀਂਗੇ ਫੜਨ ਦਾ ਸੱਭਿਆਚਾਰ। ਪਰ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਵਿਚ ਹਿੱਸਾ ਲੈਣ ਨੂੰ ਤਰਜੀਹ ਦਿਤੀ ਜਾਂਦੀ ਹੈ ਕਿਉਂਕਿ ਇਸ ਵਿਚ ਕਮਾਈ ਦੀ ਸਥਿਰਤਾ ਅਤੇ ਪਰਿਵਾਰਕ ਮੈਂਬਰਾਂ ਨਾਲ ਰਹਿਣ ਦਾ ਮੌਕਾ ਮਿਲਦਾ ਹੈ। ਸਭ ਤੋਂ ਜ਼ਿਆਦਾ ਪੀੜਤ ਵਾਤਾਵਰਨ ਗਾਈਡ ਹਨ ਜੋ ਨੁਕਸਦਾਰ ਪ੍ਰਬੰਧਨ ਪ੍ਰਥਾ ਅਤੇ ਕੁਝ ਮਾਮਲਿਆਂ ਵਿਚ ਕਿਸ਼ਤੀ ਮਾਲਕਾਂ ਦੀ ਇਜ਼ਾਰੇਦਾਰੀ ਕਰਕੇ ਘਾਟੇ ਵਿਚ ਰਹਿੰਦੇ ਹਨ। ਕੁਝ ਮਾਮਲਿਆਂ ਵਿਚ ਯਾਤਰੀਆਂ ਨਾਲ ਗੱਲਬਾਤ ਕਰਨ ਸਮੇਂ ਸਾਹਮਣੇ ਆਇਆ ਕਿ ਜ਼ਿਆਦਾਤਰ ਸੁਖਾਵੇਂ ਵਾਤਾਵਰਨ ਸੰਬੰਧੀ ਗਾਈਡ ਬਹੁਤ ਜ਼ਿਆਦਾ ਨਿਪੁੰਨ ਨਹੀਂ ਹੁੰਦੇ, ਜਿਸ ਕਾਰਨ ਗਾਈਡ ਦਾ ਵਾਧੂ ਖਰਚਾ ਬਰਦਾਸ਼ਤ ਕਰਨ ਦੀ ਕੋਈ ਤੁਕ ਨਹੀਂ ਬਣਦੀ। ਸਭ ਤੋਂ ਗੰਭੀਰ ਸਮੱਸਿਆ ਹੈ ਕਿ ਸੈਰ-ਸਪਾਟਾ ਸਿਰਫ਼ ਅਕਤੂਬਰ ਤੋਂ ਫ਼ਰਵਰੀ ਦੇ ਚਾਰ ਮਹੀਨਿਆਂ ਤਕ ਹੀ ਸੀਮਤ ਹੁੰਦਾ ਹੈ, ਜਿਸ ਕਰਕੇ ਸਥਾਨਕ ਵਾਸੀ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਤੋਂ ਲਗਾਤਾਰ ਅਤੇ ਢੁਕਵੀਂ ਆਮਦਨ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੇ ਹਨ। ਬੀ ਕੇ ਡਬਲਿਊ ਐੱਸ ਵਿਚ ਵਾਤਾਵਰਨ ਸੈਰ-ਸਪਾਟਾ ਦਾ ਸਿੱਧਾ ਪ੍ਰਭਾਵ ਵੀ ਦੋ ਕਾਰਨਾਂ ਕਰਕੇ ਘੱਟ ਹੈ: (1) ਸਥਾਨਕ ਉਦਮਾਂ ਦੀ ਗ਼ੈਰ-ਮੌਜੂਦਗੀ, (2) ਵਸਤਾਂ ਅਤੇ ਸੇਵਾਵਾਂ ਦਾ ਆਯਾਤ।

ਜੰਗਲੀ ਜਾਨਵਰਾਂ ਦੁਆਰਾ ਜ਼ਿੰਦਗੀ, ਪਸ਼ੂਧਨ ਅਤੇ ਫ਼ਸਲਾਂ ਦਾ ਨੁਕਸਾਨ, ਤੇਲ ਭੰਡਾਰ ਦੀ ਕਮੀ ਆਦਿ ਕੁਝ ਮੁੱਖ ਸਮੱਸਿਆਵਾਂ ਹਨ ਜਿਨ੍ਹਾਂ ਦਾ ਵਾਤਾਵਰਨ ਸੈਰ-ਸਪਾਟਾ ਕਾਰਨ ਸਥਾਨਕ ਵਾਸੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਸਾਰੇ ਮਾਮਲਿਆਂ ਵਿਚ, ਪ੍ਰਕਿਰਿਆ ਦੀਆਂ ਜਟਿਲਤਾਵਾਂ ਕਰਕੇ ਮੁਆਵਜ਼ਾ ਵੀ ਨਹੀਂ ਦਿਤਾ ਜਾਂਦਾ। ਪਿੰਡ ਵਾਲਿਆਂ ਦੇ ਬਿਆਨ ਮੁਤਾਬਕ, ''ਸਰਕਾਰ ਲਈ ਮਨੁੱਖੀ ਜ਼ਿੰਦਗੀ ਨਾਲੋਂ ਜੰਗਲੀ ਜਾਨਵਰ ਜ਼ਿਆਦਾ ਕੀਮਤੀ ਹਨ।" ਭਾਈਚਾਰਕ ਭਾਗੀਦਾਰੀ ਦੀ ਇਕ ਢਾਂਚਾਗਤ ਸੀਮਾ ਹੈ, ਜਿਸ ਦੀ ਵਜ੍ਹਾ ਸਿੱਖਿਅਤ ਮਨੁੱਖੀ ਸਰੋਤਾਂ ਦੀ ਕਮੀ ਅਤੇ ਕਦੇ-ਕਦੇ ਵਣ ਵਿਭਾਗ ਦੀ ਨੌਕਰਸ਼ਾਹੀ ਦੀ ਆਦਤ ਹੁੰਦੀ ਹੈ।

ਇਸ ਪ੍ਰਕਾਰ, ਬੀ ਕੇ ਡਬਲਿਊ ਐੱਸ ਵਿਚ ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਦੀ ਸਫਲਤਾ ਲਈ ਤਿੰਨ ਪ੍ਰਮੁੱਖ ਧਿਰਾਂ (1) ਸਰੋਤ (2) ਭਾਈਚਾਰੇ ਅਤੇ (3) ਯਾਤਰੀਆਂ ਦਾ ਢੁਕਵਾਂ ਪ੍ਰਬੰਧਨ ਬੇਹੱਦ ਜ਼ਰੂਰੀ ਹੈ। ਸਥਾਨਕ ਵਾਸੀਆਂ ਤੇ ਯਾਤਰੀਆਂ ਲਈ ਹੋਰ ਜ਼ਿਆਦਾ ਜਾਗਰੂਕਤਾ ਮੁਹਿੰਮਾਂ ਜੰਗਲਾਂ ਦੀ ਸੰਭਾਲ ਵਿਚ ਮਦਦਗਾਰ ਸਾਬਤ ਹੋਣਗੀਆਂ। ਸਥਾਨਕ ਲੋਕਾਂ ਦੇ ਜਾਗਰੂਕ ਹੋਣ ਨਾਲ ਉਨ੍ਹਾਂ ਦੀਆਂ ਅਜਿਹੀਆਂ ਨੀਤੀਆਂ ਵਿਚ ਦਿਲਚਸਪੀ ਵਧੇਗੀ ਅਤੇ ਉਹ ਆਪਣੇ ਆਪ ਨੂੰ ਧਿਰ ਸਮਝਣਗੇ। ਯਾਤਰੀਆਂ ਨੂੰ ਜੰਗਲਾਂ ਦੇ ਰੱਖ ਰਖਾਅ ਬਾਰੇ ਸਿੱਖਿਅਤ ਕਰਨ ਨਾਲ ਅਜਿਹੀਆਂ ਨੀਤੀਆਂ ਨੂੰ ਅਮਲੀ ਜਾਮਾ ਪੁਆਉਣ ਵਿਚ ਮਦਦ ਕਰੇਗੀ। ਇਕ ਵਾਰੀ ਜਦੋਂ ਸਥਾਨਕ ਲੋਕਾਂ ਨੇ ਆਪਣੇ ਕੁਦਰਤੀ ਸੋਮਿਆਂ ਦੀ ਕੀਮਤ ਦਾ ਅੰਦਾਜ਼ਾ ਲਾ ਲਿਆ ਤਾਂ ਉਹ ਇਨ੍ਹਾਂ ਦੇ ਰੱਖ-ਰਖਾਅ ਅਤੇ ਸੰਭਾਲ ਵਿਚ ਪੂਰਨ ਸਹਿਯੋਗ ਦੇਣਗੇ। ਬੰਦੂਕ ਅਤੇ ਸੰਤਰੀ ਦੀ ਪਹੁੰਚ ਦੀ ਬਜਾਇ, ਸਥਾਨਕ ਲੋਕਾਂ ਦੇ ਮਨਾਂ ਵਿਚ ਰੱਖ-ਰਖਾਅ ਬਾਰੇ ਹਾਂ ਪੱਖੀ ਰਵੱਈਆ ਪੈਦਾ ਕਰਨਾ ਚਾਹੀਦਾ ਹੈ। ਸਰਕਾਰ ਨੂੰ ਸੰਸਥਾਗਤ ਅਸਫਲਤਾ ਅਤੇ ਭ੍ਰਿਸ਼ਟ ਪ੍ਰਥਾਵਾਂ ਵਿਚੋਂ ਬਾਹਰ ਆਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਇਸ ਨੂੰ ਆਰਥਿਕ, ਸਮਾਜਿਕ ਅਤੇ ਵਾਤਾਵਰਨ ਦੇ ਪੱਧਰ 'ਤੇ ਸਥਾਨ ਦੀ ਢੁਕਵੀਂ ਚੌਕਸੀ, ਪੜਤਾਲ ਤੇ ਪ੍ਰਬੰਧਨ ਰਾਹੀਂ ਹਾਂ ਪੱਖੀ ਕਦਮ ਚੁੱਕਣੇ ਚਾਹੀਦੇ ਹਨ, ਜੋ ਰੱਖ ਰਖਾਅ ਅਤੇ ਸੰਭਾਲ ਨੂੰ ਮਜ਼ਬੂਤ ਕਰਨ ਲਈ ਬੇਹੱਦ ਜ਼ਰੂਰੀ ਹਨ। ਇਸ ਤਰ੍ਹਾਂ ਅਸੀਂ ਆਸ ਕਰ ਸਕਦੇ ਹਾਂ ਕਿ ਅਜਿਹੀ ਵਾਤਾਵਰਨ ਸੁਖਾਵੇਂ ਸੈਰ-ਸਪਾਟੇ ਦੀ ਯੋਜਨਾ ਤਿਆਰ ਹੋਵੇ ਜੋ ਭੀਤਰਕਨਿਕਾ ਜੰਗਲੀ ਜੀਵਨ ਰੱਖ ਵਿਚ ਸਥਾਨਕ ਵਾਸੀਆਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿਚ ਰੱਖੇ।

## ਸਮਾਪਤੀ ਟਿੱਪਣੀਆਂ

ਅਸਲ ਵਿਚ, ਵੱਖ-ਵੱਖ ਖ਼ਾਮੀਆਂ ਹੋਣ ਦੇ ਬਾਵਜੂਦ, ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਦੀਆਂ ਬਹੁਤ ਸੰਭਾਵਨਾਵਾਂ ਮੌਜੂਦ ਹਨ। ਜੇ ਇਕ ਵਾਰ ਸਾਂਭ-ਸੰਭਾਲ ਅਤੇ ਕੁਦਰਤੀ ਸੋਮਿਆਂ ਦੀ ਮਜ਼ਬੂਤ ਸਾਂਝ ਬਣ ਜਾਵੇ ਅਤੇ ਮਨੁੱਖੀ ਭਲਾਈ ਵਿਚ ਸੁਧਾਰ ਹੋ ਜਾਵੇ, ਵਾਤਾਵਰਨ ਸੁਖਾਵਾਂ ਸੈਰ-ਸਪਾਟਾ ਨਿਰਸੰਦੇਹ ਇਕ ਸਫਲ ਨੀਤੀ ਸਾਬਤ ਹੋਵੇਗੀ। ਇਸ ਨੀਤੀ ਦੀਆਂ ਕਮੀਆਂ ਨੂੰ ਸਥਾਨਕ ਵਾਸੀਆਂ ਦੀ ਪ੍ਰਭਾਵੀ ਸ਼ਮੂਲੀਅਤ, ਜਿਸ ਵਿਚ ਸਾਂਭ ਸੰਭਾਲ ਬਾਰੇ ਜਾਗਰੂਕਤਾ, ਸਥਾਨਕ ਵਾਸੀਆਂ ਅਤੇ ਯਾਤਰੀਆਂ ਨੂੰ ਸਿੱਖਿਅਤ ਕਰਨਾ ਸ਼ਾਮਿਲ ਹੈ – ਤਾਂ ਇਹ ਸਥਿਤੀ ਸਥਾਨਕ ਭਾਈਚਾਰਿਆਂ ਅਤੇ ਕੁਦਰਤੀ ਸੋਮਿਆਂ, ਦੋਵਾਂ ਲਈ ਫ਼ਾਇਦੇਮੰਦ ਹੋਵੇਗੀ।

*(ਲੇਖਿਕਾ ਰੀਸਰਚ ਸਕਾਲਰ, ਡਿਪਾਰਟਮੈਂਟ ਆਫ਼ ਹਿਊਮੈਨਿਟੀ ਐਂਡ ਸੋਸ਼ਲ ਸਾਇੰਸਜ਼, ਇੰਡੀਅਨ ਇੰਜਟੀਚਿਊਟ ਆਫ਼ ਟੈਕਨਾਲੋਜੀ, ਖੜਗਪੁਰ ਹੈ।)*

*e-mail: madhumita.das@hss.iitkgp.ernet.in*

**ਸਫ਼ਾ 10 ਦੀ ਬਾਕੀ**

## ਯਤਨ ਕਰਨ ਦਾ ਸਮਾਂ

ਇਹ ਸਾਰੇ ਨਵੀਨਤਮ ਵਪਾਰਕ ਮੌਕੇ ਸੈਰ-ਸਪਾਟਾ ਦੇ ਪੱਖ ਤੋਂ ਅਸੀਮ ਸੰਭਾਵਨਾਵਾਂ ਪੇਸ਼ ਕਰਦੇ ਹਨ। ਇਨ੍ਹਾਂ ਸਰੋਤਾਂ ਤੋਂ ਕੰਮ ਲੈਣਾ ਉੱਦਮਸ਼ੀਲਤਾ ਦੀ ਭਾਵਨਾ ਅਤੇ ਸੱਭਿਆਚਾਰ 'ਤੇ ਨਿਰਭਰ ਕਰਦਾ ਹੈ ਜੋ ਯਾਤਰੀਆਂ ਨੂੰ ਬਾਹਾਂ ਖੋਲ੍ਹ ਕੇ ਸਵੀਕਾਰ ਕਰਦਾ ਹੈ, ਜੋ 'ਅਤਿਥੀ ਦੇਵੋ ਭਵਾ' ਦਾ ਭਾਰਤੀ ਭਾਵਨਾ ਦੇ ਬਿਲਕੁਲ ਅਨੁਕੂਲ ਹੈ। ਉਤਪਾਦ ਡਿਜ਼ਾਈਨ, ਪਹੁੰਚ ਦੀ ਮਜ਼ਬੂਤੀ, ਨਿਵਾਸ ਅਤੇ ਦੂਜੀਆਂ ਯਾਤਰੀ ਪੱਖੀ ਸਹੂਲਤਾਂ ਇਕਸੁਰ/ਸੁਧਾਰਨ ਦੀ ਲੋੜ ਹੈ। ਹਰ ਸਥਾਨ ਦੀ ਆਪਣੀ ਸੁੰਦਰਤਾ ਅਤੇ ਖ਼ਾਸੀਅਤ ਹੁੰਦੀ ਹੈ ਜਿਸ ਦਾ ਬਾਜ਼ਾਰੀਕਰਨ ਕੀਤਾ ਜਾ ਸਕਦਾ ਹੈ। ਵਿਲੱਖਣ ਵੇਚਣ ਦੇ ਪ੍ਰਸਤਾਵ (ਯੂ ਐੱਸ ਪੀ) ਦੀ ਪਛਾਣ ਕਰਨਾ ਇਕ ਕਲਾ ਹੈ ਜੋ ਉੱਦਮਸ਼ੀਲਤਾ ਦੀ ਚਤੁਰਾਈ ਦਾ ਇਕ ਹਿੱਸਾ ਹੈ। ਇਸ ਲਈ, ਇਹ ਸਹੀ ਵੇਲਾ ਹੈ ਕਿ ਗ਼ੈਰ-ਰਵਾਇਤੀ ਸੈਰ-ਸਪਾਟਾ ਉਤਪਾਦਾਂ 'ਤੇ ਢੁਕਵਾਂ ਬਲ ਦਿਤਾ ਜਾਵੇ ਅਤੇ ਉਨ੍ਹਾਂ ਨੂੰ ਰਾਸ਼ਟਰੀ/ਰਾਜ ਸੈਰ-ਸਪਾਟਾ ਨੀਤੀਆਂ ਵਿਚ ਸ਼ਾਮਿਲ ਕਰਕੇ ਉਤਸ਼ਾਹਿਤ ਅਤੇ ਵਿਕਸਤ ਕੀਤਾ ਜਾਵੇ।

*(ਲੇਖਕ ਪ੍ਰੋਫ਼ੈਸਰ, ਡਿਪਾਰਟਮੈਂਟ ਆਫ਼ ਟੂਰਿਜ਼ਮ ਸਟੱਡੀਜ਼, ਸਕੂਲ ਆਫ਼ ਮੈਨੇਜਮੈਂਟ, ਪਾਂਡੀਚੇਰੀ ਸੈਂਟਰਲ ਯੂਨੀਵਰਸਿਟੀ ਹੈ।)*

*e-mail :anjaneya.dts@pondiuni.edu.in*

# ਈ-ਟੂਰਿਸਟ ਵੀਜ਼ਾ : ਸੈਰ-ਸਪਾਟੇ ਲਈ ਯਾਤਰਾ ਹੋਈ ਅਸਾਨ

✍ ਨਾਨੂ ਭਸੀਨ ਤੇ ਨਵਨੀਤ ਕੌਰ

ਸੈਰ-ਸਪਾਟੇ ਦਾ ਮਤਲਬ ਹੈ ਮਨੋਰੰਜਨ, ਮੌਜ-ਮਸਤੀ, ਧਾਰਮਿਕ, ਪਰਿਵਾਰਕ ਜਾਂ ਵਪਾਰਕ ਉਦੇਸ਼ਾਂ ਵਾਸਤੇ ਕੀਤੀ ਗਈ ਯਾਤਰਾ। ਸੈਰ-ਸਪਾਟਾ ਆਮ ਤੌਰ ਤੇ ਅੰਤਰਰਾਸ਼ਟਰੀ ਯਾਤਰਾ ਨਾਲ ਹੀ ਸੰਬੰਧਿਤ ਹੈ ਪਰ ਇਸ ਦਾ ਮਤਲਬ ਇਕ ਦੇਸ਼ ਅੰਦਰ ਇਕ ਤੋਂ ਦੂਜੀ ਥਾਂ 'ਤੇ ਯਾਤਰਾ ਕਰਨਾ ਵੀ ਹੋ ਸਕਦਾ ਹੈ। ਵਿਸ਼ਵ ਸੈਰ-ਸਪਾਟਾ ਸੰਗਠਨ ਯਾਤਰੀਆਂ ਨੂੰ ਖਿੱਚ ਪਾਉਂਦਿਆਂ ਕਹਿੰਦਾ ਹੈ, "ਆਪਣੇ ਘਰੇਲੂ ਸਥਾਨ ਤੋਂ ਦੂਜੇ ਸਥਾਨ 'ਤੇ ਮੌਜ ਮਸਤੀ, ਵਪਾਰ ਜਾਂ ਦੂਸਰੇ ਉਦੇਸ਼ਾਂ ਲਈ ਜਾਣਾ ਅਤੇ ਠਹਿਰਨਾ ਜੋ ਲਗਾਤਾਰ ਇਕ ਸਾਲ ਤੋਂ ਵੱਧ ਨਹੀਂ ਹੋ ਸਕਦਾ।" ਸੈਰ-ਸਪਾਟਾ ਵਿਸ਼ਵ ਦੀ ਪ੍ਰਸਿੱਧ ਮੌਜ-ਮਸਤੀ ਵਾਲੀ ਸਰਗਰਮੀ ਬਣ ਗਿਆ ਹੈ। ਸੈਰ-ਸਪਾਟਾ ਘਰੇਲੂ ਵੀ ਹੋ ਸਕਦਾ ਹੈ ਅਤੇ ਅੰਤਰਰਾਸ਼ਟਰੀ ਵੀ। ਅੰਤਰਰਾਸ਼ਟਰੀ ਸੈਰ-ਸਪਾਟੇ ਨੂੰ ਆਉਣ ਤੇ ਜਾਣ ਵਾਲਾ ਸੈਰ-ਸਪਾਟਾ ਵਰਗ ਵਿਚ ਵੀ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਅੱਜ ਦੇਸ਼ ਅੰਦਰ ਆਉਣ ਵਾਲਾ ਸੈਰ-ਸਪਾਟਾ ਬਹੁਤ ਸਾਰੇ ਦੇਸ਼ਾਂ ਲਈ ਆਮਦਨ ਦਾ ਵੱਡਾ ਸੋਮਾ ਹੈ, ਖ਼ਾਸ ਕਰਕੇ ਉਸ ਦੇਸ਼ ਦੁਆਰਾ ਕਮਾਏ ਗਏ ਵਿਦੇਸ਼ੀ ਸਿੱਕੇ ਦੇ ਮਾਮਲੇ ਵਿਚ। ਇਸ ਦਾ ਸਥਾਨਕ ਆਰਥਿਕਤਾ ਅਤੇ ਯਾਤਰਾ ਕੀਤੀ ਜਾਣ ਵਾਲੀ ਜਗ੍ਹਾ 'ਤੇ ਰੁਜ਼ਗਾਰ 'ਤੇ ਵੀ ਕਾਫ਼ੀ ਪ੍ਰਭਾਵ ਪੈਂਦਾ ਹੈ।

ਭਾਰਤ ਇਕ ਅਮੀਰ ਵਿਰਾਸਤ ਵਾਲਾ ਦੇਸ਼ ਹੈ ਜਿਸ ਨੇ ਹਮੇਸ਼ਾ ਯਾਤਰੀਆਂ ਨੂੰ ਆਪਣੇ ਵੱਲ ਖਿੱਚਿਆ ਹੈ। ਇਹ ਵਿਭਿੰਨਤਾਵਾਂ ਵਾਲੀ ਵਿਲੱਖਣ ਧਰਤੀ ਹੈ ਜਿਥੇ ਹਰ ਤਰ੍ਹਾਂ ਦੀ ਕੁਦਰਤੀ ਸੁੰਦਰਤਾ, ਜਿਸ ਵਿਚ ਮਾਰੂਥਲ, ਸਮੁੰਦਰ, ਜੰਗਲ, ਪਹਾੜ, ਫੁੱਲ, ਜੰਗਲੀ ਜੀਵਨ ਆਦਿ ਇਸ ਦੇਸ਼ ਦੀਆਂ ਭੂਗੋਲਿਕ ਹੱਦਾਂ ਅੰਦਰ ਮੌਜੂਦ ਹਨ। ਭਾਰਤ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਸੱਭਿਆਤਾਵਾਂ, ਪੁਸ਼ਾਕਾਂ, ਖਾਣੇ, ਫੁੱਲ-ਬੂਟੇ ਅਤੇ ਜੀਵ ਜੰਤੂਆਂ ਦਾ ਅਨੁਭਵ ਹੋ ਜਾਵੇਗਾ। ਇਸ ਪ੍ਰਕਾਰ ਭਾਰਤ ਯਾਤਰੀਆਂ ਦੀ ਹਮੇਸ਼ਾ ਹੀ ਮੰਜ਼ਿਲ ਰਹੀ ਹੈ ਜੋ ਸੱਭਿਆਚਾਰ, ਰਵਾਇਤ ਅਤੇ ਅਮੀਰ ਵਿਰਾਸਤ ਦੇ ਸੁਮੇਲ ਦਾ ਅਨੰਦ ਮਾਣਨਾ ਚਾਹੁੰਦੇ ਹਨ। ਸਿਰਫ਼ ਇਹੀ ਨਹੀਂ, ਵਿਦੇਸ਼ੀ ਯਾਤਰੀ 'ਭਾਰਤੀ ਸੱਭਿਆਚਾਰ ਦੇ ਰਾਜਦੂਤ ਵਜੋਂ ਵੀ ਕੰਮ ਕਰਦੇ ਹਨ ਅਤੇ ਇਸ ਸੁਨੇਹੇ ਨੂੰ ਦੁਨੀਆਂ ਦੇ ਹੋਰ ਭਾਗਾਂ ਵਿਚ ਵੀ ਲੈ ਕੇ ਜਾਂਦੇ ਹਨ। ਭਾਰਤ ਸਰਕਾਰ ਨੇ ਇਨ੍ਹਾਂ ਵਿਲੱਖਣ ਸੰਪਤੀਆਂ ਤੋਂ ਫ਼ਾਇਦਾ ਲੈਣ ਲਈ ਵੱਖ-ਵੱਖ ਕੋਸ਼ਿਸ਼ਾਂ ਕੀਤੀਆਂ ਹਨ ਤਾਂ ਕਿ ਸੈਰ-ਸਪਾਟੇ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਅਜਿਹਾ ਹੀ ਇਕ ਵੱਡਾ ਕਦਮ ਈ-ਟੂਰਿਸਟ ਵੀਜ਼ਾ ਸਕੀਮ ਹੈ। ਇਹ ਕਦਮ ਵਿਦੇਸ਼ੀ ਯਾਤਰੀਆਂ ਲਈ ਭਾਰਤ ਨੂੰ ਯਾਤਰਾ ਸੌਖੀ ਅਤੇ ਸਰਲ ਬਣਾਉਣ ਲਈ ਚੁੱਕਿਆ ਗਿਆ ਹੈ।

***ਈ-ਟੂਰਿਸਟ ਵੀਜ਼ਾ : ਪਿੱਠਭੂਮੀ*** – ਇਹ ਸਾਰੀ ਸਕੀਮ ਸੈਰ-ਸਪਾਟਾ ਉਦਯੋਗ ਵਲੋਂ ਵੀਜ਼ਾ ਨਿਜ਼ਾਮ ਨੂੰ ਵਿਦੇਸ਼ੀ ਯਾਤਰੀਆਂ ਵਾਸਤੇ ਉਦਾਰ ਕਰਨ ਦੀ ਮੰਗ ਨਾਲ ਸ਼ੁਰੂ ਹੋਈ ਤਾਂ ਕਿ ਦੇਸ਼ ਅੰਦਰ ਸੈਰ-ਸਪਾਟੇ ਨੂੰ ਹੁਲਾਰਾ ਮਿਲ ਸਕੇ। ਜਵਾਬ ਵਿਚ ਸਰਕਾਰ ਵਲੋਂ 2010 ਵਿਚ ਬਹੁਤ ਸੀਮਤ ਪੱਧਰ 'ਤੇ 'ਪਹੁੰਚ 'ਤੇ ਵੀਜ਼ੇ' ਦੀ ਪਹਿਲਕਦਮੀ ਦਾ ਆਗਾਜ਼ ਕੀਤਾ ਗਿਆ। 'ਪਹੁੰਚ 'ਤੇ ਵੀਜ਼ਾ' ਦਾ ਮਤਲਬ ਹੈ ਕਿ ਤੁਹਾਨੂੰ ਦਾਖ਼ਲ ਹੋਣ ਲਈ ਵੀਜ਼ਾ ਚਾਹੀਦਾ ਹੈ, ਪਰ ਇਹ ਸੰਭਵ ਹੈ ਕਿ ਤੁਸੀਂ ਸੰਬੰਧਿਤ ਦੇਸ਼ ਵਿਚ ਪਹੁੰਚਣ 'ਤੇ ਵੀਜ਼ਾ ਦੀ ਦਰਖ਼ਾਸਤ ਦੇ ਕੇ ਇਸ ਨੂੰ ਪ੍ਰਾਪਤ ਕਰੋ। ਭਾਰਤ ਸਰਕਾਰ ਵਲੋਂ ਪਹੁੰਚ 'ਤੇ ਵੀਜ਼ਾ ਦੇਣ ਦਾ ਸੰਕਲਪ ਜਨਵਰੀ 2010 ਵਿਚ ਪੰਜ ਦੇਸ਼ਾਂ – ਫਿਨਲੈਂਡ, ਜਾਪਾਨ, ਲਕਸਮਬਰਸ, ਨਿਊਜ਼ੀਲੈਂਡ ਅਤੇ ਸਿੰਗਾਪੁਰ ਦੇ ਨਾਗਰਿਕਾਂ ਲਈ ਸ਼ੁਰੂ ਕੀਤਾ ਗਿਆ ਜੋ ਸੈਰ-ਸਪਾਟਾ ਦੇ ਉਦੇਸ਼ ਨਾਲ ਭਾਰਤ ਆਉਂਦੇ ਹਨ। ਪਹੁੰਚ 'ਤੇ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਇਸ ਸਮੇਂ ਦੌਰਾਨ ਦਸਤੀ ਕੀਤੀ ਜਾਂਦੀ ਹੈ।

ਪਹੁੰਚ 'ਤੇ ਵੀਜ਼ੇ ਦੀ ਸਹੂਲਤ ਛੇ ਹੋਰ ਦੇਸ਼ਾਂ – ਕੰਬੋਡੀਆ, ਇੰਡੋਨੇਸ਼ੀਆ, ਵੀਅਤਨਾਮ, ਫਿਲਪੀਨਜ਼, ਲਾਓਸ ਅਤੇ ਮਿਯਾਂਮਾਰ ਦੇ ਨਾਗਰਿਕਾਂ ਤਕ ਜਨਵਰੀ 2011 ਅਤੇ ਦੱਖਣੀ ਕੋਰੀਆ ਲਈ ਅਪ੍ਰੈਲ 2014 ਵਿਚ ਵਧਾਈ ਗਈ। ਇਸ ਤਕ ਪਹੁੰਚ 'ਤੇ ਵੀਜ਼ਾ ਜਾਰੀ ਕਰਨ ਦੀ ਸਕੀਮ ਬਹੁਤ ਸੀਮਤ ਪੱਧਰ 'ਤੇ ਹੀ ਜਾਰੀ ਰਹੀ। ਪਰ, ਇਸ ਸਕੀਮ ਨੂੰ ਨਵੀਂ ਸਰਕਾਰ ਨੇ ਕਾਫ਼ੀ ਹੱਦ ਤਕ ਵਧਾਇਆ ਗਿਆ ਜਦੋਂ 27 ਨਵੰਬਰ 2014 ਨੂੰ 43 ਦੇਸ਼ਾਂ ਅਤੇ ਜਨਵਰੀ 2015 ਵਿਚ ਗੁਯਾਨਾ ਤਕ ਇਸ ਨੂੰ ਵਧਾ ਦਿਤਾ ਗਿਆ ਜਿਸ ਨਾਲ ਇਸ ਸਕੀਮ ਦੇ ਘੇਰੇ ਹੇਠ ਆਉਣ ਵਾਲੇ ਦੇਸ਼ਾਂ ਦੀ ਗਿਣਤੀ 44 ਹੋ ਗਈ। ਇਲੈਕਟ੍ਰਾਨਿਕ ਯਾਤਰਾ ਅਧਿਕਾਰ (ਈ ਟੀ ਏ) ਦਾ ਸੰਕਲਪ ਵੀ ਇਸੇ ਸਮੇਂ ਹੀ ਜਾਰੀ ਕੀਤਾ ਗਿਆ।

***ਇਲੈਕਟ੍ਰਾਨਿਕ ਯਾਤਰਾ ਅਧਿਕਾਰ: ਈ-ਟੂਰਿਸਟ ਵੀਜ਼ਾ*** – ਜ਼ਿਆਦਾ ਵਿਦੇਸ਼ੀ ਯਾਤਰੀਆਂ ਨੂੰ ਆਕਰਸ਼ਿਤ ਕਰਨ ਲਈ ਸਰਕਾਰ ਵਲੋਂ ਇਕ ਬਹੁਤ ਹੀ ਮਹੱਤਵਪੂਰਨ ਕਦਮ ਚੁੱਕਿਆ ਗਿਆ ਜੋ ਇਲੈਕਟ੍ਰਾਨਿਕ ਯਾਤਰਾ ਅਧਿਕਾਰ (ਈ ਟੀ ਏ) 'ਤੇ ਆਧਾਰਿਤ ਪਹੁੰਚ 'ਤੇ ਵੀਜ਼ਾ ਦੇਣਾ ਸ਼ੁਰੂ ਕਰ ਦਿਤਾ ਗਿਆ ਹੈ ਪਰ ਈ ਟੀ ਏ ਆਧਾਰਿਤ ਟੀ ਵੀ ਏ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ। ਕੋਈ ਵੀ ਦੇਸ਼ ਵਿਸ਼ਵ ਸੈਰ-ਸਪਾਟਾ ਦੇ ਲਾਭ ਨਹੀਂ ਚੁੱਕ

ਸਕਦੀ ਜਦ ਤਕ ਸਰਕਾਰ ਦੇਸ਼ ਦੀ ਯਾਤਰਾ 'ਤੇ ਆਉਣ ਵਾਲਿਆਂ ਨੂੰ ਬੇਹਤਰ ਸਹੂਲਤਾਂ ਪ੍ਰਦਾਨ ਨਹੀਂ ਕਰਦੀ।

ਇਸੇ ਮੁਤਾਬਕ, ਪਹੁੰਚ 'ਤੇ ਯਾਤਰੀ ਵੀਜ਼ਾ (ਟੀ ਵੀ ਏ), ਜੋ ਇਲੈਕਟ੍ਰਾਨਿਕ ਯਾਤਰਾ ਅਧਿਕਾਰ 'ਤੇ ਆਧਾਰਿਤ ਹੈ, ਦੀ ਸਕੀਮ 27 ਨਵੰਬਰ 2014 ਨੂੰ ਆਰੰਭ ਕੀਤੀ ਗਈ ਜਿਸ ਦਾ ਹੁਣ ਨਾਮ ਬਦਲ ਕੇ ਈ-ਟੂਰਿਸਟ ਵੀਜ਼ਾ ਕਰ ਦਿਤਾ ਗਿਆ ਹੈ। ਪਹੁੰਚ 'ਤੇ ਵੀਜ਼ਾ ਦੇਣ ਦੀ ਸਹੂਤ ਸਹਿਜੇ-ਸਹਿਜੇ 150 ਦੇਸ਼ਾਂ ਵਾਸਤੇ ਲਾਗੂ ਕਰਨ ਦੀ ਪ੍ਰਸਤਾਵ ਹੈ। ਸਰਕਾਰ ਦਾ ਇਰਾਦਾ 2015-16 ਤਕ ਇਹ ਗਿਣਤੀ 106 ਦੇਸ਼ਾਂ ਤਕ ਕਰਨ ਦਾ ਹੈ।

**ਈ-ਟੂਰਿਸਟ ਵੀਜ਼ਾ ਦੀ ਨਵੀਂ ਸਕੀਮ ਨੇ ਥੋੜ੍ਹੇ ਸਮੇਂ ਦੇ ਸੰਭਾਵਿਤ ਯਾਤਰੀ ਲਈ ਵੀਜ਼ੇ ਦੀ ਅਰਜ਼ੀ ਆਪਣੇ ਘਰੇਲੂ ਦੇਸ਼ ਤੋਂ ਆਨ ਲਾਈਨ ਦਾਖ਼ਲ ਕਰਨ ਵਿਚ ਸਹਾਇਤਾ ਕੀਤੀ ਹੈ ਜਿਸ ਵਾਸਤੇ ਉਸ ਨੂੰ ਭਾਰਤੀ ਮਿਸ਼ਨ ਵਿਚ ਜਾਣ ਦੀ ਵੀ ਲੋੜ ਨਹੀਂ ਅਤੇ ਵੀਜ਼ਾ ਫੀਸ ਵੀ ਆਨ ਲਾਈਨ ਹੀ ਜਮ੍ਹਾਂ ਕਰਵਾਈ ਜਾ ਸਕਦੀ ਹੈ। ਇਕ ਵਾਰ ਮਨਜ਼ੂਰੀ ਮਿਲਣ 'ਤੇ, ਬਿਨੈਕਾਰ ਨੂੰ ਇਕ ਈ-ਮੇਲ ਪ੍ਰਾਪਤ ਹੁੰਦੀ ਹੈ ਜਿਸ ਵਿਚ ਉਸ ਨੂੰ ਭਾਰਤ ਯਾਤਰਾ ਦਾ ਅਧਿਕਾਰ ਦਿਤਾ ਜਾਂਦਾ ਹੈ। ਇਸ ਅਧਿਕਾਰ ਪੱਤਰ ਦਾ ਪ੍ਰਿੰਟ ਲੈ ਕੇ ਉਹ ਭਾਰਤ ਯਾਤਰਾ 'ਤੇ ਆ ਸਕਦੇ ਹਨ। ਪਹੁੰਚਣ 'ਤੇ ਯਾਤਰੀ ਨੂੰ ਉਹ ਅਧਿਕਾਰ ਪੱਤਰ ਪ੍ਰਵਾਸ ਅਧਿਕਾਰੀਆਂ ਨੂੰ ਦਿਖਾਉਣਾ ਹੋਵੇਗਾ ਜੋ ਉਸ ਤੋਂ ਦੇਸ਼ ਵਿਚ ਦਾਖ਼ਲੇ ਦੀ ਮੋਹਰ ਲਾ ਦੇਣਗੇ। ਵਰਤਮਾਨ ਸਮੇਂ ਪਹੁੰਚ 'ਤੇ ਵੀਜ਼ੇ ਦੀ ਵੈਧਤਾ ਇਕ ਮਹੀਨੇ ਦੀ ਹੈ ਅਤੇ ਇਕ ਵਾਰ ਦਾਖ਼ਲੇ ਦੀ ਆਗਿਆ ਹੈ ਜਿਸ ਨੂੰ ਵਧਾਇਆ ਨਹੀਂ ਜਾ ਸਕਦਾ।**

ਈ-ਟੂਰਿਸਟ ਵੀਜ਼ੇ ਦਾ ਫ਼ਾਇਦਾ ਅੰਤਰਰਾਸ਼ਟਰੀ ਯਾਤਰੀਆਂ ਵਲੋਂ ਲਿਆ ਜਾ ਸਕਦਾ ਹੈ ਜਿਨ੍ਹਾਂ ਦਾ ਇਕੋ-ਇਕ ਮੰਤਵ ਮਨੋਰੰਜਨ, ਥਾਵਾਂ ਵੇਖਣ, ਆਮ ਯਾਤਰਾ ਜਾਂ ਦੋਸਤਾਂ, ਰਿਸ਼ਤੇਦਾਰਾਂ ਨੂੰ ਥੋੜ੍ਹੇ ਸਮੇਂ ਦਾ ਡਾਕਟਰੀ ਇਲਾਜ ਜਾਂ ਆਮ ਵਪਾਰਕ ਯਾਤਰਾ ਲਈ ਭਾਰਤ ਆਉਣਾ ਹੁੰਦਾ ਹੈ। ਡਿਪਲੋਮੈਟਿਕ ਅਤੇ ਸਰਕਾਰੀ ਪਾਸਪੋਰਟ ਧਾਰਕਾਂ 'ਤੇ ਇਹ ਸਕੀਮ ਲਾਗੂ ਨਹੀਂ ਹੁੰਦੀ।

ਈ-ਟੂਰਿਸਟ ਵੀਜ਼ਾ ਦੇਣ ਪਿੱਛੇ ਮਨਸ਼ਾ ਜਾਇਜ਼ ਯਾਤਰੀਆਂ ਲਈ ਸੁਰੱਖਿਆ ਢਾਂਚਾ ਪੂਰੇ ਆਈ ਟੀ ਆਧਾਰਿਤ ਵਾਤਾਵਰਨ ਵਿਚ ਮਜ਼ਬੂਤ ਕਰਕੇ ਉਨ੍ਹਾਂ ਨੂੰ ਸਹੂਲਤ ਪ੍ਰਦਾਨ ਕਰਨ ਦੀ ਹੈ। ਯਾਤਰੀਆਂ ਨੂੰ 2010 ਵਿਚ ਜਾਰੀ ਕੀਤੀ ਪਹੁੰਚ 'ਤੇ ਵੀਜ਼ਾ ਦੇਣ ਦੀ ਸਕੀਮ ਸਮੇਂ ਅਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ ਕਿਉਂਕਿ ਇਹ ਆਈ ਟੀ ਨਾਲ ਏਕੀਕ੍ਰਿਤ ਨਹੀਂ ਸੀ। ਨਵੀਂ ਪ੍ਰਣਾਲੀ ਪੂਰੀ ਤਰ੍ਹਾਂ ਡਿਜ਼ੀਟਲ, ਸਰਲ ਅਤੇ ਵਰਤੋਂਕਾਰ ਪੱਖੀ ਹੈ ਜੋ ਸਾਰੀਆਂ ਰੁਕਾਵਟਾਂ ਨੂੰ ਖ਼ਤਮ ਕਰਦੀ ਹੈ।

***ਈ-ਟੂਰਿਸਟ ਵੀਜ਼ਾ ਦਾ ਭਵਿੱਖ*** – ਪ੍ਰਵਾਸ ਵਿਭਾਗ ਨੇ ਨੌਂ ਹਵਾਈ ਅੱਡਿਆਂ 'ਤੇ 72 ਖ਼ਾਸ ਕਾਊਂਟਰ ਸਥਾਪਤ ਕੀਤੇ ਹਨ – ਦਿੱਲੀ, ਮੁੰਬਈ, ਚੇਨੱਈ, ਕੋਲਕਾਤਾ, ਹੈਦਰਾਬਾਦ, ਬੰਗਲੂਰੂ, ਕੋਚੀ, ਤਿਰੁਵਾਨੰਤਪੁਰਮ ਅਤੇ ਗੋਆ – ਤਾਂ ਕਿ ਈ-ਟੂਰਿਸਟ ਵੀਜ਼ਾ ਯਾਤਰੀਆਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।

ਵਰਤਮਾਨ ਸਮੇਂ ਈ-ਟੂਰਿਸਟ ਵੀਜ਼ਾ ਸਹੂਲਤ ਸਿਰਫ਼ ਨੌਂ ਹਵਾਈ ਅੱਡਿਆਂ 'ਤੇ ਉਪਲਬਧ ਹੈ। ਪਰ, ਵਿਦੇਸ਼ੀ ਵਿਅਕਤੀ ਕਿਸੇ ਵੀ ਅਧਿਕਾਰਿਤ ਪ੍ਰਵਾਸ ਚੈੱਕ ਪੋਸਟ (ਆਈ ਸੀ ਪੀ) ਰਾਹੀਂ ਭਾਰਤ ਤੋਂ ਬਾਹਰ ਜਾ ਸਕਦਾ ਹੈ। ਜਨਵਰੀ 2015 ਤਕ ਈ-ਟੂਰਿਸਟ ਵੀਜ਼ੇ ਦੀ ਸਹੂਲਤ 44 ਦੇਸ਼ਾਂ ਲਈ ਉਪਲਬਧ ਸੀ : ਆਸਟ੍ਰੇਲੀਆ, ਬ੍ਰਾਜ਼ੀਲ, ਕੰਬੋਡੀਆ, ਕੁੱਕ ਦੀਪ, ਜਿਬੂਤੀ, ਫਿਜ਼ੀ, ਫਿਨਲੈਂਡ, ਜਰਮਨੀ, ਗੁਯਾਨਾ, ਇੰਡੋਨੇਸ਼ੀਆ, ਇਸਰਾਈਲ, ਜਾਪਾਨ, ਜਾਰਡਨ, ਕੀਨੀਆ, ਕਿਰੀਬਾਤੀ, ਲਾਉਸ, ਲਕਸ਼ਮਬਰਗ, ਮਾਰਸ਼ਲ ਦੀਪ, ਮੌਰੀਸ਼ੀਅਸ, ਮੈਕਸੀਕੋ, ਮਾਈਕ੍ਰੋਨੇਸ਼ੀਆ, ਮਿਯਾਂਮਾਰ ਨਾਊਰੂ, ਨਿਊਜ਼ੀਲੈਂਡ, ਨਿਊਦੀਪ, ਨਾਰਵੇ, ਓਮਾਨ, ਪਾਲਾਊ, ਪਾਪੂਆ ਨਿਊ ਗਿਨੀ, ਫਿਲਪੀਨਜ਼, ਕੋਰੀਆ ਗਣਰਾਜ, ਰੂਸ, ਸਮੋਆ, ਸਿੰਗਾਪੁਰ, ਸੋਲੋਮਨ ਦੀਪ, ਥਾਈਲੈਂਡ, ਟੌਂਗਾ, ਤੁਵਾਲੂ, ਯੂ ਏ ਈ, ਯੂਕਰੇਨ, ਯੂ ਐੱਸ ਏ, ਵਾਨੂਆਤੂ, ਵੀਅਤਨਾਮ।

ਈ-ਟੂਰਿਸਟ ਵੀਜ਼ਾ ਸ਼ੁਰੂ ਹੋਣ ਤੋਂ ਬਾਅਦ, ਪਹੁੰਚਣ 'ਤੇ ਦਸਤੀ ਦਿਤਾ ਜਾਣ ਵਾਲਾ ਵੀਜ਼ਾ (ਜਿਸ ਲਈ ਯਾਤਰਾ 'ਤੇ ਆਉਣ ਤੋਂ ਪਹਿਲਾਂ ਪੂਰਵ-ਅਧਿਕਾਰ ਪੱਤਰ ਦੀ ਲੋੜ ਨਹੀਂ ਸੀ) ਅਤੇ ਜੋ ਪਹਿਲਾਂ 12 ਦੇਸ਼ਾਂ – ਜਾਪਾਨ, ਸਿੰਗਾਪੁਰ, ਫਿਲਪੀਨਜ਼, ਫਿਨਲੈਂਡ, ਲਕਸਮਬਰਗ, ਨਿਊਜ਼ੀਲੈਂਡ, ਕੰਬੋਡੀਆ, ਲਾਉਸ, ਵੀਅਤਨਾਮ, ਮਿਯਾਂਮਾਰ, ਇੰਡੋਨੇਸ਼ੀਆ ਅਤੇ ਦੱਖਣੀ ਕੋਰੀਆ ਦੇ ਨਾਗਰਿਕਾਂ ਨੂੰ ਦਿਤਾ ਜਾਂਦਾ ਸੀ – 27.01.2015 ਤੋਂ ਇਸ ਨੂੰ ਬੰਦ ਕਰ ਦਿਤਾ ਗਿਆ ਹੈ।

ਈ-ਟੂਰਿਸਟ ਵੀਜ਼ਾ ਦੀ ਸਫਲਤਾ – ਇਸ ਸਕੀਮ 'ਤੇ ਅਮਲ ਕਰਨ ਨਾਲ ਸਪੱਸ਼ਟ ਸੁਨੇਹਾ ਜਾਵੇਗਾ ਕਿ ਭਾਰਤ ਆਪਣੇ ਦੇਸ਼ ਦੀ ਯਾਤਰਾ ਨੂੰ ਸੁਖੈਨ ਬਣਾਉਣ ਲਈ ਗੰਭੀਰ ਹੈ ਅਤੇ ਇਹ ਸਕੀਮ ਅੰਤਰਰਾਸ਼ਟਰੀ ਯਾਤਰੀਆਂ ਦੀ ਆਮਦ 12ਵੀਂ ਯੋਜਨਾ ਦੇ ਅੰਤ ਤਕ ਭਾਰਤ ਦਾ ਹਿੱਸਾ 1 ਪ੍ਰਤਿਸ਼ਤ ਤਕ ਕਰਨ ਵਿਚ ਯੋਗਦਾਨ ਪਾਵੇਗੀ ਜੋ ਵਰਤਮਾਨ ਵਿਚ 0.64 ਪ੍ਰਤਿਸ਼ਤ ਹੈ।

ਜਿਵੇਂ ਕਿ ਤਾਲਿਕਾ ਵਿਚ ਦਿਖਾਇਆ ਗਿਆ ਹੈ, ਈ ਟੀ ਏ ਦੇ ਲਾਗੂ ਹੋਣ ਤੋਂ ਬਾਅਦ ਈ-ਯਾਤਰੀ ਵੀਜ਼ਾ ਸਹੂਲਤ ਦਾ ਲਾਭ ਲੈਣ ਵਾਲਿਆਂ ਦੀ ਸੰਖਿਆ ਵਿਚ ਚੋਖਾ ਵਾਧਾ ਹੋਇਆ ਹੈ।

ਤਾਲਿਕਾ-1 : ਪਹੁੰਚ 'ਤੇ ਟੂਰਿਸਟ ਵੀਜ਼ਾ/ਈ-ਟੂਰਿਸਟ ਵੀਜ਼ਾ ਸਕੀਮ ਦੀ ਪ੍ਰਗਤੀ

| ਸਾਲ | 2010 (ਜਨਵਰੀ-ਨਵੰਬਰ) | 2011 (ਜਨਵਰੀ-ਦਸੰਬਰ) | 2012 (ਜਨਵਰੀ-ਦਸੰਬਰ) | 2013 (ਜਨਵਰੀ-ਦਸੰਬਰ) | 2014 (ਜਨਵਰੀ-ਦਸੰਬਰ) |
|---|---|---|---|---|---|
| ਪਹੁੰਚ 'ਤੇ ਟੂਰਿਸਟ ਵੀਜ਼ਾ/ਈ-ਟੂਰਿਸਟ ਵੀਜ਼ਾ | 5644 | 12,761 | 16,084 | 20294 | 39046 |

*ਸਰੋਤ : ਸੈਰ-ਸਪਾਟਾ ਮੰਤਰਾਲਾ, ਭਾਰਤ ਸਰਕਾਰ ਦੀ ਮਾਰਕਿਟਿੰਗ ਰਿਸਰਚ ਡਿਵੀਜ਼ਨ ਈ-ਟੂਰਿਸਟ ਵੀਜ਼ਾ 27 ਨਵੰਬਰ, 2014 ਨੂੰ ਸ਼ੁਰੂ ਕੀਤਾ ਗਿਆ*

| ਤਾਲਕਾ-2 : ਈ-ਟੂਰਿਸਟ ਵੀਜ਼ਾ ਬਨਾਮ ਦਸਤੀ ਪਹੁੰਚ 'ਤੇ ਵੀਜ਼ਾ ਦੀ ਸੰਖਿਆ | | | | |
|---|---|---|---|---|
| ਸਾਲ | ਜਨਵਰੀ | ਫ਼ਰਵਰੀ | ਮਾਰਚ | ਜਨਵਰੀ-ਮਾਰਚ |
| 2014 ਪਹੁੰਚ 'ਤੇ ਦਸਤੀ ਵੀਜ਼ਾ | 1,903 | 1,980 | 1,958 | 5,841 |
| 2015 (ਈ-ਟੂਰਿਸਟ ਵੀਜ਼ਾ) | 25,023 (1215%)* | 24,985 (1162%)* | 25851 (1220%)* | 75859 (1199%)* |

*ਸਰੋਤ : ਸੈਰ-ਸਪਾਟਾ ਮੰਤਰਾਲਾ, ਭਾਰਤ ਸਰਕਾਰ ਦੀ ਮਾਰਕੀਟਿੰਗ ਰਿਸਰਚ ਡਿਵੀਜ਼ਨ*

** ਪਿਛਲੇ ਸਾਲ ਦੇ ਇਸੇ ਮਹੀਨੇ ਦੇ ਮੁਕਾਬਲੇ ਪ੍ਰਤਿਸ਼ਤ ਵਾਧਾ*

** ਮੁਢਲੀ ਪਹੁੰਚ 'ਤੇ ਯਾਤਰੀ ਵੀਜ਼ਾ ਦਸਤੀ ਦੇਣ ਸਮੇਂ ਅਗਾਊਂ ਅਧਿਕਾਰ ਪੱਤਰ ਦੀ ਲੋੜ ਨਹੀਂ ਸੀ ਹੁੰਦੀ।*

ਮਾਰਚ 2015 ਦੇ ਮਹੀਨੇ ਦੌਰਾਨ ਕੁੱਲ 25,851 ਯਾਤਰੀ ਈ-ਟੂਰਿਸਟ ਵੀਜ਼ਾ ਲੈ ਕੇ ਭਾਰਤ ਆਏ ਜਦ ਕਿ ਪਿਛਲੀ ਸਕੀਮ ਤਹਿਤ ਮਾਰਚ 2014 ਵਿਚ ਇਹ ਗਿਣਤੀ 1958 ਸੀ। ਇਸ ਹਿਸਾਬ ਨਾਲ 1220.3 ਪ੍ਰਤਿਸ਼ਤ ਵਾਧਾ ਦਰਜ ਕੀਤਾ ਗਿਆ। ਇਸੇ ਤਰ੍ਹਾਂ ਹੀ ਫ਼ਰਵਰੀ 2014 ਦੀ 1980 ਵੀਜ਼ੇ ਦੀ ਸੰਖਿਆ ਨਾਲੋਂ 1161.9 ਪ੍ਰਤਿਸ਼ਤ ਵੱਧ ਹੈ।

ਜਨਵਰੀ-ਮਾਰਚ 2015 ਦੌਰਾਨ ਕੁੱਲ 75,859 ਯਾਤਰੀ ਈ-ਵੀਜ਼ਾ ਲੈ ਕੇ ਭਾਰਤ ਆਏ ਜਦ ਕਿ ਜਨਵਰੀ-ਮਾਰਚ 2014 ਦੌਰਾਨ ਪਹੁੰਚ ਸਮੇਂ ਦਸਤੀ ਵੀਜ਼ਾ ਲੈ ਕੇ ਆਉਣ ਵਾਲਿਆਂ ਦੀ ਗਿਣਤੀ 5841 ਸੀ। 1198.7 ਪ੍ਰਤਿਸ਼ਤ ਵਾਧਾ ਦਰਜ ਕੀਤਾ ਗਿਆ ਹੈ।

ਤਾਜ਼ਾ ਉਪਲਬਧ ਅੰਕੜਿਆਂ ਮੁਤਾਬਕ, 14 ਅਪ੍ਰੈਲ, 2015 ਤਕ ਲਗਭਗ ਇਕ ਲੱਖ ਦਸ ਹਜ਼ਾਰ ਵੀਜ਼ੇ ਭਾਰਤ ਸਰਕਾਰ ਵਲੋਂ ਇਸ ਸਕੀਮ ਤਹਿਤ ਜਾਰੀ ਕੀਤੇ ਜਾ ਚੁੱਕੇ ਹਨ।

ਇਸ ਵੱਡੇ ਵਾਧੇ ਦਾ ਸਿਹਰਾ ਈ-ਟੂਰਿਸਟ ਵੀਜ਼ਾ ਸਕੀਮ ਨੂੰ ਦਿਤਾ ਜਾ ਸਕਦਾ ਹੈ ਜੋ ਵਰਤਮਾਨ ਸਮੇਂ 40 ਦੇਸ਼ਾਂ ਲਈ ਲਾਗੂ ਹੈ ਜਦ ਕਿ ਪਹਿਲਾਂ ਪਹੁੰਚ 'ਤੇ ਦਸਤੀ ਵੀਜ਼ਾ ਦੇਣ ਵਾਲੀ ਸਕੀਮ ਸਿਰਫ਼ 12 ਦੇਸ਼ਾਂ ਲਈ ਲਾਗੂ ਸੀ।

ਮਾਰਚ 2015 ਦੌਰਾਨ ਭਾਰਤ ਵਿਚ ਈ-ਟੂਰਿਸਟ ਵੀਜ਼ਾ ਪ੍ਰਾਪਤ ਕਰਨ ਵਾਲੇ 10 ਦੇਸ਼ਾਂ ਦਾ ਪ੍ਰਤਿਸ਼ਤ ਹਿੱਸਾ ਇਸ ਪ੍ਰਕਾਰ ਹੈ: ਯੂ ਐਸ ਏ (33.25 ਪ੍ਰਤਿਸ਼ਤ), ਜਰਮਨੀ (14.64 ਪ੍ਰਤਿਸ਼ਤ), ਰੂਸੀ ਸੰਘ (13.13 ਪ੍ਰਤਿਸ਼ਤ) ਆਸਟ੍ਰੇਲੀਆ (8.37 ਪ੍ਰਤਿਸ਼ਤ), ਕੋਰੀਆ ਗਣਰਾਜ (6.39 ਪ੍ਰਤਿਸ਼ਤ), ਯੂਕਰੇਨ (4.21 ਪ੍ਰਤਿਸ਼ਤ), ਮੈਕਸੀਕੋ (2.93 ਪ੍ਰਤਿਸ਼ਤ), ਜਾਪਾਨ (1.99 ਪ੍ਰਤਿਸ਼ਤ), ਨਿਊਜ਼ੀਲੈਂਡ (1.91 ਪ੍ਰਤਿਸ਼ਤ) ਅਤੇ ਇਸਰਾਈਲ (1.68 ਪ੍ਰਤਿਸ਼ਤ)।

ਮਾਰਚ 2015 ਦੌਰਾਨ ਈ-ਟੂਰਿਸਟ ਵੀਜ਼ੇ ਲਈ ਵੱਖ-ਵੱਖ ਹਵਾਈ ਅੱਡਿਆਂ ਦਾ ਪ੍ਰਤਿਸ਼ਤ ਹਿੱਸਾ ਇਸ ਪ੍ਰਕਾਰ ਰਿਹਾ : ਨਵੀਂ ਦਿੱਲੀ (47.32 ਪ੍ਰਤਿਸ਼ਤ), ਮੁੰਬਈ (18.55 ਪ੍ਰਤਿਸ਼ਤ), ਗੋਆ (12.03 ਪ੍ਰਤਿਸ਼ਤ), ਬੰਗਲੂਰੂ (6.27 ਪ੍ਰਤਿਸ਼ਤ), ਚੇਨੱਈ (5.60 ਪ੍ਰਤਿਸ਼ਤ), ਹੈਦਰਾਬਾਦ (2.93 ਪ੍ਰਤਿਸ਼ਤ), ਕੋਲਕਾਤਾ (2.78 ਪ੍ਰਤਿਸ਼ਤ), ਕੋਚੀ (2.68 ਪ੍ਰਤਿਸ਼ਤ) ਅਤੇ ਤ੍ਰਿਵੈਂਦਰਮ (1.84 ਪ੍ਰਤਿਸ਼ਤ)।

## ਈ-ਟੂਰਿਸਟ ਵੀਜ਼ਾ ਨਾਲ ਸੰਬੰਧਿਤ ਮੁੱਦੇ

ਭਾਵੇਂ ਕਿ ਈ-ਟੂਰਿਸਟ ਵੀਜ਼ਾ ਸਹੂਲਤ ਹੁਣ 40 ਦੇਸ਼ਾਂ ਲਈ ਉਪਲਬਧ ਹੈ, ਪਰ ਇਸ ਦਾ ਹਾਲੇ ਅਨੇਕ ਦੇਸ਼ਾਂ ਲਈ ਲਾਗੂ ਹੋਣਾ ਬਾਕੀ ਹੈ, ਜਿਵੇਂ ਚੀਨ, ਯੂ ਕੇ, ਸਪੇਨ, ਇਟਲੀ ਅਤੇ ਮਲੇਸ਼ੀਆ ਜੋ ਸੈਰ-ਸਪਾਟਾ ਦੇ ਨਜ਼ਰੀਏ ਤੋਂ ਬਹੁਤ ਅਹਿਮ ਹਨ।

ਇਸੇ ਤਰ੍ਹਾਂ ਹੀ, ਇਹ ਸਹੂਲਤ ਹੋਰ ਬਹੁਤ ਸਾਰੇ ਹਵਾਈ ਅੱਡਿਆਂ, ਜਿਵੇਂ ਵਾਰਾਣਸੀ, ਗਯਾ, ਅਹਿਮਦਾਬਾਦ, ਜੈਪੁਰ, ਤਿਰੁਚਿਰਾਪਲੀ ਆਦਿ ਲਈ ਵੀ ਵਧਾਈ ਜਾਣੀ ਚਾਹੀਦੀ ਹੈ ਜੋ ਭਾਰਤ ਵਿਚ ਵਿਦੇਸ਼ੀ ਯਾਤਰੀਆਂ ਦੀ ਆਮਦ ਦੇ ਅਹਿਮ ਕੇਂਦਰ ਹਨ। ਅਜਿਹਾ ਕਰਨ ਨਾਲ ਉਨ੍ਹਾਂ 9 ਹਵਾਈ ਅੱਡਿਆਂ 'ਤੇ ਯਾਤਰੀਆਂ ਦਾ ਬੋਝ ਵੀ ਘੱਟ ਹੋ ਜਾਵੇਗਾ ਜਿਥੇ ਮੌਜੂਦਾ ਸਮੇਂ ਇਹ ਸਹੂਲਤ ਉਪਲਬਧ ਹੈ।

ਵੱਖ-ਵੱਖ ਧਿਰਾਂ ਅਤੇ ਯਾਤਰੀਆਂ ਵਲੋਂ ਇਹ ਮੰਗ ਵੀ ਕੀਤੀ ਜਾ ਰਹੀ ਹੈ ਕਿ ਪਹੁੰਚ 'ਤੇ ਵੀਜ਼ਾ ਦੇਣ ਦੇ ਨਾਲ ਹੀ ਮਲਟੀਪਲ ਐਂਟਰੀ ਦੀ ਸਹੂਲਤ ਵੀ ਦਿਤੀ ਜਾਵੇ ਤਾਂ ਕਿ ਭਾਰਤ ਆਉਣ ਵਾਲੇ ਯਾਤਰੀ ਗੁਆਂਢੀ ਦੇਸ਼ਾਂ ਵਿਚ ਵੀ ਜਾ ਸਕਣ। ਮਲਟੀਪਲ ਐਂਟਰੀ ਵਿਦੇਸ਼ੀ ਯਾਤਰੀਆਂ ਦੀ ਆਮਦ ਵਿਚ ਵਾਧੇ ਨੂੰ ਹੁਲਾਰਾ ਦੇਵੇਗੀ।

ਇਸੇ ਤਰ੍ਹਾਂ ਹੀ ਯਾਤਰੀਆਂ ਨੂੰ ਵਧੇਰੇ ਲਚਕਤਾ ਪ੍ਰਦਾਨ ਕਰਨ ਲਈ ਵੀਜ਼ੇ ਦੀ ਮਿਆਦ 2 ਮਹੀਨੇ ਕਰਨ ਦੀਆਂ ਮੰਗਾਂ ਵੀ ਕੀਤੀਆਂ ਜਾ ਰਹੀਆਂ

ਅੰਤਰਰਾਸ਼ਟਰੀ ਯਾਤਰੀਆਂ ਨੂੰ ਬਾਇਓਮੈਟ੍ਰਿਕਸ ਦੀ ਸਮੱਸਿਆ ਵੀ ਦਰਪੇਸ਼ ਹੈ ਜਿਸ ਲਈ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਲੰਮਾ ਪੈਂਡਾ ਤਹਿ ਕਰਨਾ ਪੈਂਦਾ ਹੈ ਜੋ ਆਨ ਲਾਈਨ ਅਰਜ਼ੀ ਦੇ ਮੁਢਲੇ ਉਦੇਸ਼ ਨੂੰ ਹੀ ਖਤਮ ਕਰ ਦਿੰਦਾ ਹੈ।

ਪਹੁੰਚ 'ਤੇ ਦਸਤੀ ਵੀਜ਼ਾ ਦੇਣ ਨੂੰ ਖਤਮ ਕਰਨ ਦੇ ਸਮੇਂ 'ਤੇ ਵਿਦੇਸ਼ੀ ਯਾਤਰੀ ਇਸ ਨੂੰ ਵਿਗੜਿਆ ਹੋਇਆ ਨਾਮ ਆਖ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਨਵੀਂ ਸਕੀਮ ਸਿਰਫ਼ ਈ-ਵੀਜ਼ਾ ਹੈ, ਨਾ ਕਿ ਸਹੀ ਅਰਥਾਂ ਵਿਚ ਪਹੁੰਚ 'ਤੇ ਵੀਜ਼ਾ, ਕਿਉਂਕਿ ਪਹਿਲਾਂ ਵਾਲੀ ਸਕੀਮ ਲਈ ਅਗਾਊਂ ਅਧਿਕਾਰ ਪੱਤਰ ਦੀ ਜ਼ਰੂਰਤ ਨਹੀਂ ਸੀ।

## ਸਿੱਟਾ

ਸੰਖੇਪ ਵਿਚ, ਈ-ਟੂਰਿਸਟ ਵੀਜ਼ਾ ਸਕੀਮ ਨੇ ਪਿਛਲੇ 20 ਸਾਲਾਂ ਤੋਂ ਸੈਰ-ਸਪਾਟਾ ਉਦਯੋਗ ਦੀ ਉਦਾਰ ਵੀਜ਼ਾ ਨਿਜ਼ਾਮ ਦੀ ਲੰਮੇ ਸਮੇਂ ਤੋਂ ਚਲੀ ਆ ਰਹੀ ਮੰਗ ਨੂੰ ਪੂਰਾ ਕਰਨ ਵਿਚ ਮਦਦ ਕੀਤੀ ਹੈ। ਈ ਟੀ ਏ ਸੂਚੀ ਵਿਚ ਯੂ ਐਸ ਹੈ, ਜਰਮਨੀ ਅਤੇ ਯੂ ਏ ਈ ਵਰਗੇ ਦੇਸ਼ ਸ਼ਾਮਿਲ ਹਨ ਜਿਥੋਂ ਭਾਰਤ ਆਮਦ ਕਰਨ ਵਾਲੇ ਯਾਤਰੀਆਂ ਦੀ 40 ਪ੍ਰਤਿਸ਼ਤ ਸੰਖਿਆ ਆਉਂਦੀ ਹੈ। ਭਾਵੇਂ ਕਿ ਈ-ਟੂਰਿਸਟ ਵੀਜ਼ਾ ਵਿਦੇਸ਼ੀ ਯਾਤਰੀਆਂ ਦੀ ਆਮਦ ਵਿਚ ਵਾਧੇ ਦਾ ਇਕੱਲਾ ਕਾਰਨ ਨਾ ਵੀ ਹੋਵੇ, ਵਰ ਇਹ ਯਕੀਨੀ ਤੌਰ ਤੇ ਵਿਦੇਸ਼ੀ ਯਾਤਰੀਆਂ ਦੀ ਆਮਦ ਨੂੰ ਰਫ਼ਤਾਰ ਦੇਣ ਲਈ ਇਕ ਮੁੱਖ ਨਿਵੇਸ਼ ਦਾ ਕੰਮ ਕਰੇਗਾ। ਬੇਸ਼ੱਕ ਈ-ਟੂਰਿਸਟ ਵੀਜ਼ਾ ਭਾਰਤ ਨੂੰ ਯਾਤਰੀਆਂ ਵਾਸਤੇ ਹੋਰ ਦਿਲ ਖਿੱਚਵਾਂ ਬਣਾਉਂਦਾ ਹੈ।

*(ਲੇਖਿਕਾਵਾਂ ਕ੍ਰਮਵਾਰ ਡਾਇਰੈਕਟਰ ਅਤੇ ਡਿਪਟੀ ਡਾਇਰੈਕਟਰ, ਪੀ ਆਈ ਬੀ, ਨਵੀਂ ਦਿੱਲੀ ਹਨ।)*

*e-mail :pibcultour@gmail.com*

# ਡਾਕਟਰੀ ਸੈਰ-ਸਪਾਟਾ - ਭਾਰਤ ਵਿਚ ਰੁਝਾਨ ਉੱਭਰ ਰਿਹਾ ਉਦਯੋਗ

ਹਰੀਹਰਨ

ਸੈਰ-ਸਪਾਟਾ ਨੂੰ ਰਵਾਇਤੀ ਤੌਰ ਤੇ ਆਪਣੀ ਰਹਿਣ ਵਾਲੀ ਥਾਂ ਸਮੇਤ ਦੂਜੀਆਂ ਥਾਵਾਂ 'ਤੇ ਮਨਪ੍ਰਚਾਵੇ, ਮੌਜ-ਮਸਤੀ ਅਤੇ ਦੂਜੇ ਕਾਰਨਾਂ ਲਈ, ਥੋੜ੍ਹੇ ਸਮੇਂ ਵਾਸਤੇ ਘੁੰਮਣ ਜਾਣ ਦੇ ਰੂਪ ਵਿਚ ਬਿਆਨ ਕੀਤਾ ਜਾਂਦਾ ਹੈ। ਪਰ, ਪਿਛਲੇ ਕੁਝ ਸਾਲਾਂ ਤੋਂ ਸ਼ਬਦ 'ਸੈਰ-ਸਪਾਟਾ' ਸਿਰਫ਼ ਮਨਪ੍ਰਚਾਵਾ ਅਤੇ ਮੌਜ-ਮਸਤੀ ਤਕ ਸੀਮਤ ਨਹੀਂ ਰਿਹਾ। ਪਿਛਲੇ ਕੁਝ ਦਹਾਕਿਆਂ ਵਿਚ ਸਿਹਤ ਜਾਗਰੂਕਤਾ, ਬੁਨਿਆਦੀ ਢਾਂਚੇ ਵਿਚ ਸੁਧਾਰ ਅਤੇ ਦਵਾਈ ਦੇ ਖੇਤਰ ਵਿਚ ਲਗਾਤਾਰ ਵਧ ਰਹੀ ਮਹਾਰਤ ਨੇ ਇਕ ਨਵੀਂ ਘਟਨਾ ਨੂੰ ਅੰਜਾਮ ਦਿਤਾ ਹੈ ਜਿਸ ਨੂੰ ਡਾਕਟਰੀ ਸੈਰ-ਸਪਾਟਾ ਆਖਿਆ ਜਾਂਦਾ ਹੈ। ਇਕ ਪਰਿਭਾਸ਼ਾ ਜਿਸ ਨੂੰ ਟਰੈਵਲ ਏਜੰਸੀਆਂ ਅਤੇ ਜਨ-ਸੰਪਰਕ ਮਾਧਿਅਮਾਂ ਵਲੋਂ ਸਿਹਤ ਅਤੇ ਸੈਰ-ਸਪਾਟਾ ਸੱਨਅਤ ਦੇ ਤੇਜ਼ ਵਿਕਾਸ ਲਈ ਵਰਤਿਆ ਗਿਆ, ਇਹ ਇਕ ਵਰਤਾਰਾ ਹੈ, ਜਿਸ ਵਿਚ ਸਾਰੀ ਦੁਨੀਆਂ ਤੋਂ ਲੋਕ ਇਕ ਦੂਜੇ ਦੇਸ਼ ਵਿਚ ਜਾਂਦੇ ਹਨ (ਇਸ ਮਾਮਲੇ ਵਿਚ ਭਾਰਤ) ਤਾਂ ਜੋ ਡਾਕਟਰੀ ਦੰਦਾਂ ਦੀ ਅਤੇ ਅਪਰੇਸ਼ਨ ਸੰਬੰਧੀ ਸਹੂਲਤਾਂ ਪ੍ਰਾਪਤ ਕਰਨ ਦੇ ਨਾਲ ਹੀ ਯਾਤਰਾ ਅਤੇ ਛੁੱਟੀਆਂ ਦਾ ਅਨੰਦ ਮਾਣਿਆ ਜਾ ਸਕੇ ਜੋ ਅਨੇਕਾਂ ਦੇਸ਼ ਪੇਸ਼ ਕਰ ਰਹੇ ਹਨ। ਡਾਕਟਰੀ ਸੈਰ-ਸਪਾਟੇ ਦੇ, ਖ਼ਾਸ ਕਰਕੇ ਭਾਰਤ ਵਿਚ, ਵੱਖ-ਵੱਖ ਖੇਤਰ ਹਨ ਜਿਵੇਂ ਆਧੁਨਿਕ, ਰਵਾਇਤੀ ਅਤੇ ਵਿਕਲਪਕ ਦਵਾਈ। ਇਨ੍ਹਾਂ ਦੀ ਵਰਗ ਵੰਡ ਹੇਠ ਲਿਖੇ ਅਨੁਸਾਰ ਕੀਤੀ ਗਈ ਹੈ।

***ਆਧੁਨਿਕ/ਐਲੋਪੈਥੀ ਦਵਾਈ :*** ਮੂੰਹ ਰਾਹੀਂ ਦਵਾਈ ਤੋਂ ਇਲਾਵਾ, ਇਸ ਵਿਚ ਅਪਰੇਸ਼ਨ ਵੀ ਸ਼ਾਮਿਲ ਹੁੰਦੇ ਹਨ, ਜਿਵੇਂ - ਜੋੜ ਬਦਲਨੇ, ਅੰਗ ਪ੍ਰਤਿਰੋਪਣ, ਜਾਂਚ ਪੜਤਾਲ ਲਈ ਟੈਸਟ, ਚਿਹਰੇ ਦੇ ਅਪਰੇਸ਼ਨ, ਬਹੁ-ਵਿਸ਼ੇਸ਼ਤਾ ਵਾਲੀ ਸਾਂਭ-ਸੰਭਾਲ ਅਤੇ ਬਾਂਝਪਨ ਦਾ ਇਲਾਜ। ਹੋਰ ਅੱਗੇ ਇਸ ਵਿਚ ਦੰਦਾਂ ਦਾ ਪ੍ਰਤਿਰੋਪਣ ਅਤੇ ਉੱਚੇ ਨੀਵੇਂ/ਟੇਢੇ-ਮੇਢੇ ਦੰਦਾਂ ਦੀ ਸੰਭਾਲ, ਲੇਜ਼ਰ ਨਾਲ ਵਾਲ ਹਟਾਉਣਾ, ਵਾਲਾਂ ਦਾ ਪ੍ਰਤਿਰੋਪਣ ਅਤੇ ਅਖੀਰ ਵਿਚ ਸਪਾਅ ਅਤੇ ਸੁੰਦਰਤਾ ਦੇ ਇਲਾਜ ਸ਼ਾਮਿਲ ਹਨ।

***ਆਯੁਰਵੇਦ :*** ਆਯੁਰਵੇਦ ਇਕ ਵਿਲੱਖਣ ਸਿਹਤ ਸੰਭਾਲ ਪ੍ਰਣਾਲੀ ਹੈ ਜੋ ਦੇਸ਼ ਵਿਚ 600 ਬੀ.ਸੀ. ਤੋਂ ਚਲੀ ਆ ਰਹੀ ਹੈ। ਆਯੁਰਵੇਦ ਦਵਾਈ ਦੀ ਇਕ ਸ਼ਾਖਾ ਹੈ ਜੋ ਪੂਰੀ ਤਰ੍ਹਾਂ ਨਾਲ 'ਕੁਦਰਤੀ ਪ੍ਰਣਾਲੀ' 'ਤੇ ਆਧਾਰਿਤ ਹੈ, ਜੇ ਸਹੀ ਸੰਤੁਲਨ ਪ੍ਰਾਪਤ ਕਰਨ ਲਈ ਸਰੀਰਕ ਬੀਮਾਰੀਆਂ ਦੀ ਜਾਂਚ 'ਤੇ ਨਿਰਭਰ ਕਰਦੀ ਹੈ। ਕਾਇਆਕਲਪ ਅਤੇ ਬੀਮਾਰੀਆਂ 'ਤੇ ਕਾਬੂ ਪਾਉਣ ਦੇ ਇਸ ਕੁਦਰਤੀ ਢੰਗ ਨੇ ਵਰਤਮਾਨ ਵਿਚ ਖ਼ਾਸੀ ਪ੍ਰਸਿੱਧੀ ਹਾਸਲ ਕੀਤੀ ਹੈ।

**ਯੋਗਾ :** ਯੋਗਾ ਸੰਸਕ੍ਰਿਤ ਦੇ ਸ਼ਬਦ 'ਯੋਗ' ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ 'ਮਿਲਾਪ', ਸੰਭਵਤਾ ਪਰਮ ਪਿਤਾ ਪ੍ਰਮਾਤਮਾ ਨਾਲ ਮਿਲਾਪ। ਇਹ ਸਰੀਰਕ ਅਤੇ ਅਧਿਆਤਮਕ ਪ੍ਰਕਿਰਿਆ ਹੈ ਜਿਸ ਵਿਚ ਦਿਮਾਗ ਅਤੇ ਸਰੀਰ ਦੇ ਏਕੀਕਰਨ ਨੂੰ ਅਨੁਭਵ ਕਰਨ ਲਈ ਧਰਮ ਨਿਰਪੱਖ ਅਤੇ ਵਿਗਿਆਨਕ ਕਾਰਜ ਪ੍ਰਣਾਲੀ ਸ਼ਾਮਿਲ ਹੈ। ਭਾਰਤ ਨੂੰ ਅਜਿਹੇ ਦੇਸ਼ ਵਜੋਂ ਜਾਣਿਆ ਜਾਂਦਾ ਹੈ ਜਿਥੇ ਯੋਗ ਅਤੇ ਭਗਤੀ ਜੀਵਨ ਜਾਂਚ ਦਾ ਅੰਗ ਹਨ।

ਦੂਜੀਆਂ ਵਿਕਲਪਕ ਦਵਾਈਆਂ ਵਿਚ ਹੋਮਿਓਪੈਥੀ, ਨੈਚਰੋਪੈਥੀ, ਭਗਤੀ ਅਤੇ ਸੰਗੀਤ ਥੈਰੈਪੀ, ਅਰੋਮਾ ਥੈਰੈਪੀ, ਪ੍ਰਾਣਾਯਾਮ ਇਲਾਜ ਅਤੇ ਰੇਕੀ ਆਦਿ ਸ਼ਾਮਿਲ ਹਨ।

ਭਾਰਤ ਵਿਚ ਵਿਕਲਪਾਂ ਦੀ ਸੰਖਿਆ ਅਤੇ ਮੌਕਿਆਂ ਨੂੰ ਵੇਖਦਿਆਂ ਡਾਕਟਰੀ ਸੈਰ-ਸਪਾਟਾ ਦੇਸ਼ ਅਤੇ ਦੁਨੀਆਂ ਵਿਚ ਸਭ ਤੋਂ ਤੇਜ਼ ਰਫ਼ਤਾਰ ਨਾਲ ਅਤੇ ਵਿਸ਼ਾਲ ਰੂਪ ਵਿਚ ਵਿਕਸਤ ਹੋ ਰਹੀ ਸੱਨਅਤ ਹੈ। ਜਦ ਕਿ ਬਿਨਾਂ ਬੀਮੇ ਅਤੇ ਵੱਡੀਆਂ ਕਟੌਤੀਆਂ ਵਾਲੇ ਲੋਕਾਂ ਦੀ ਸੰਖਿਆ ਲਗਾਤਾਰ ਵਧ ਰਹੀ ਹੈ, ਉਨ੍ਹਾਂ ਵਿਚ ਬਹੁਤ ਸਾਰੇ ਆਪਣੀ ਜੱਦੀ ਧਰਤੀ ਤੋਂ ਬਾਹਰ ਇਲਾਜ ਕਰਵਾਉਣ ਦੀ ਚੋਣ ਕਰਦੇ ਹਨ, ਜਿਥੇ ਉਹ ਇਲਾਜ ਦਾ ਖਰਚਾ ਝੱਲ ਸਕਣ। ਭਾਰਤ ਵਿਚ ਡਾਕਟਰੀ ਸੈਰ-ਸਪਾਟਾ ਘੱਟ ਕੀਮਤ 'ਤੇ ਜਾਂ ਲਾਗਤ ਪ੍ਰਭਾਵੀ ਡਾਕਟਰੀ ਇਲਾਜ ਮੁਹੱਈਆ ਕਰਵਾਉਂਦਾ ਹੈ ਜਿਥੇ ਕੋਈ ਉਡੀਕ ਦੀ ਸੂਚੀ ਨਹੀਂ ਹੁੰਦੀ ਅਤੇ ਹੁਨਰਮੰਦ ਤੇ ਨਾਮੀ ਇਲਾਜ ਮਾਹਰਾਂ ਤਕ ਰਸਾਈ ਹੋ ਜਾਂਦੀ ਹੈ, ਜਿਸ ਨਾਲ ਸਾਰੀ ਦੁਨੀਆਂ ਤੋਂ ਆਉਣ ਵਾਲੇ ਡਾਕਟਰੀ ਇਲਾਜ ਯਾਤਰੀਆਂ ਨੂੰ ਸੌਖੀ ਪਹੁੰਚ ਪ੍ਰਾਪਤ ਹੋ ਜਾਂਦੀ ਹੈ। ਵਰਤਮਾਨ ਸਮੇਂ ਆਸ ਕੀਤੀ ਜਾਂਦੀ ਹੈ ਕਿ ਡਾਕਟਰੀ ਸੈਰ-ਸਪਾਟਾ ਤੇਜ਼ ਰਫ਼ਤਾਰ ਨਾਲ ਵਿਕਾਸ ਕਰੇਗਾ ਤੇ ਯਾਤਰੀਆਂ ਨੂੰ ਘਰ ਦੇ ਮੁਕਾਬਲੇ ਬਹੁਤ ਹੀ ਘੱਟ ਖਰਚ 'ਤੇ ਡਾਕਟਰੀ ਇਲਾਜ ਪ੍ਰਦਾਨ ਕਰੇਗਾ।

ਡਾਕਟਰੀ ਸੈਰ-ਸਪਾਟਾ ਦੇ ਨਾਲ ਹੀ, ਭਾਰਤ ਨੂੰ ਅੰਤਰਰਾਸ਼ਟਰੀ ਭ੍ਰਮਣ ਸਥਾਨਾਂ ਦੀ ਉੱਚ ਸ਼੍ਰੇਣੀ ਵਿਚ ਗਿਣਿਆ ਜਾਂਦਾ ਹੈ। ਭਾਰਤ ਆਪਣੇ ਵਰਤਮਾਨ ਨਾਹਰੇ "ਅਤਿਥੀ ਦੇਵੋ ਭਵਾ", ਜਿਸ ਦਾ ਮਤਲਬ ਹੈ ਕਿ ਮਹਿਮਾਨ ਪ੍ਰਮਾਤਮਾ ਦੇ ਸਮਾਨ ਹੁੰਦਾ ਹੈ, ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਨੂੰ ਇਕ ਤੋਂ ਦੂਜੇ ਸਿਰੇ ਤਕ ਸੇਵਾਵਾਂ ਦੇਣ ਦੀ ਸ਼ਾਹਦੀ ਭਰਦਾ ਹੈ। ਇਨ੍ਹਾਂ ਵਿਚ ਸ਼ਾਮਿਲ ਹਨ - ਵਿਸ਼ੇਸ਼ ਇਲਾਜ, ਇਲਾਜ ਅਤੇ ਮੌਜ-ਮਸਤੀ ਵਾਲੇ ਸਥਾਨ, ਘੱਟ ਕੀਮਤ 'ਤੇ ਸਲਾਹ ਮਸ਼ਵਰਾ ਅਤੇ ਇਲਾਜ, ਇਲਾਜ ਲਈ ਕੋਈ ਉਡੀਕ ਸਮਾਂ ਨਹੀਂ ਅਤੇ ਆਧੁਨਿਕ ਸਾਜ਼-ਸਾਮਾਨ ਦੀ ਉਪਲਬਧਤਾ। ਜ਼ਿਆਦਾਤਰ ਯਾਤਰੀ ਅਫ਼ਰੀਕਾ,

ਸੀ ਆਈ ਐੱਸ, ਮੱਧ ਪੂਰਬ, ਅਫ਼ਗਾਨਿਸਤਾਨ, ਇਰਾਕ ਅਤੇ ਬੰਗਾਲਾਦੇਸ਼ ਤੋਂ ਆਉਂਦੇ ਹਨ। ਪਰ, ਇਹ ਆਮਦ ਯੂਰਪ ਅਤੇ ਉੱਤਰੀ ਅਮਰੀਕਾ ਦੇ ਵਿਕਸਤ ਦੇਸ਼ਾਂ ਤੋਂ ਇੰਨੀ ਜ਼ਿਆਦਾ ਨਹੀਂ। ਮੌਜੂਦਾ ਸਮੇਂ ਬਹੁ-ਗਿਣਤੀ ਮਰੀਜ਼ ਮੁੱਖ ਤੌਰ ਤੇ ਐਂਜੀਓਪਲਾਸਟੀ, ਦਿਲ ਦਾ ਅਪਰੇਸ਼ਨ, ਜੋੜ ਬਦਲਣ, ਅੱਖਾਂ ਦਾ ਅਪਰੇਸ਼ਨ ਜਿਸ ਵਿਚ ਮੋਤੀਆਬਿੰਦ ਸ਼ਾਮਿਲ ਹੈ, ਅੰਗਾਂ ਦੇ ਪ੍ਰਤਿਰੋਪਣ ਜਿਸ ਵਿਚ ਜਿਗਰ ਅਤੇ ਗੁਰਦੇ ਸ਼ਾਮਿਲ ਹਨ, ਆਈ ਵੀ ਐੱਫ, ਕੈਂਸਰ ਦਾ ਇਲਾਜ ਅਤੇ ਹੋਰ ਕਈ ਤਰ੍ਹਾਂ ਦੀਆਂ ਬੀਮਾਰੀਆਂ ਦੇ ਇਲਾਜ ਲਈ ਭਾਰਤ ਆਉਂਦੇ ਹਨ ਜਿਨ੍ਹਾਂ ਦਾ ਇਲਾਜ ਮੁਸ਼ਕਿਲ ਹੈ। ਇਹ ਉੱਚ ਗੁਣਵੱਤਾ ਵਾਲੀ ਸਿਹਤ ਸੰਭਾਲ ਪ੍ਰਣਾਲੀ ਨਾਲ ਅਤਿ ਆਧੁਨਿਕ ਅਤੇ ਪੂਰੀ ਤਰ੍ਹਾਂ ਲੈਸ ਸਹਾਇਕ ਹਸਪਤਾਲ, ਵਿਕਸਤ ਹੋਇਆ ਹੈ ਅਤੇ ਬੀਮਾ ਬਾਜ਼ਾਰ ਅਤੇ ਦਵਾਈ ਸੱਨਅਤ ਦੀ ਮਜ਼ਬੂਤ ਮੌਜੂਦਗੀ ਵੀ ਆਈ ਹੈ। ਦੂਜੇ ਪ੍ਰਮੁੱਖ ਸਰਕਾਰੀ ਅਦਾਰੇ ਹਨ – ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਅਤੇ ਸੈਰ-ਸਪਾਟਾ ਮੰਤਰਾਲਾ। ਭਾਰਤੀ ਡਾਕਟਰੀ/ਸਿਹਤ ਸੈਰ-ਸਪਾਟਾ ਖੇਤਰ ਨੈੱਟਵਰਕ ਰਿਪੋਰਟ ਦੇ ਮੁਤਾਬਕ, ਖੇਤਰੀ ਸੰਖੇਪ ਜਾਣਕਾਰੀ ਅਤੇ ਸਥਾਈ ਉਦਯੋਗਿਕ ਨੈੱਟਵਰਕ ਦੇ ਐੱਸ ਡਬਲਿਯੂ ਓ ਟੀ ਮੁੱਲੰਕਣ ਅਤੇ ਇਸ ਦੇ ਲਘੂ ਖੇਤਰੀ ਵਾਤਾਵਰਨ ਯੋਜਨਾਬੰਦੀ (ਐੱਸ ਆਈ ਐੱਨ ਈ ਟੀ) 'ਤੇ ਅਮਲ ਨਾਲ ਭਾਰਤ ਆਧੁਨਿਕ ਡਾਕਟਰੀ ਸੇਵਾਵਾਂ ਅਤੇ ਅਨੋਖੀਆਂ ਕੁਦਰਤੀ ਨੇਹਮਤਾਂ ਨਾਲ ਡਾਕਟਰੀ ਸੈਰ-ਸਪਾਟਾ ਕਰਨ ਵਾਲਿਆਂ ਵਾਸਤੇ ਇਕ ਸਵਰਗ ਬਣ ਗਿਆ ਹੈ। ਭਾਰਤ ਅੰਦਰ ਸਾਫ਼ਟਵੇਅਰ ਤੋਂ ਬਾਅਦ ਡਾਕਟਰੀ ਸੈਰ-ਸਪਾਟਾ ਸੱਨਅਤ ਸਫਲਤਾ ਦੀ ਦੂਜੀ ਵੱਡੀ ਕਹਾਣੀ ਬਣਨ ਲਈ ਤਿਆਰ ਹੈ। ਭਾਰਤੀ ਉਦਯੋਗਾਂ ਦੇ ਸੰਘ (ਸੀ ਆਈ ਆਈ) ਅਤੇ ਮੈਕਿੰਜ਼ੇ ਨੇ ਇਹ ਭਵਿੱਖਬਾਣੀ ਕੀਤੀ ਹੈ ਕਿ ਇਹ ਸੱਨਅਤ ਉੱਚ ਸਹਾਇਕ ਹਸਪਤਾਲਾਂ ਵਾਸਤੇ ਵਧੇਰੇ ਆਮਦਨ ਕਮਾਉਣ ਲਈ ਵਿਕਸਤ ਹੋਵੇਗੀ ਅਤੇ ਕੁੱਲ ਸਿਹਤ ਸੰਭਾਲ ਬਾਜ਼ਾਰ ਵਿਚ ਇਸ ਦੀ ਹਿੱਸੇਦਾਰੀ 3 ਤੋਂ 5 ਪ੍ਰਤਿਸ਼ਤ ਹੋਵੇਗੀ। ਭਾਰਤੀ ਸੈਰ-ਸਪਾਟਾ ਬਾਜ਼ਾਰ ਜੋ 30 ਪ੍ਰਤਿਸ਼ਤ ਸਾਲਾਨਾ ਦਰ ਨਾਲ ਵਿਕਾਸ ਕਰ ਰਿਹਾ ਹੈ, ਮੁੱਖ ਤੌਰ ਤੇ ਪੱਛਮੀ ਏਸ਼ੀਆ, ਮੱਧ ਪੂਰਬ ਅਤੇ ਕੁਝ ਹੱਦ ਤਕ ਅਮਰੀਕਾ ਅਤੇ ਯੂਰਪ ਦੇ ਮਰੀਜ਼ਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ। ਭਾਵੇਂ ਕਿ ਹਾਲੇ ਇਹ ਨਵਜਾਤ ਅਵਸਥਾ ਵਿਚ ਹੀ ਹੈ, ਪਰ ਇਹ ਸੱਨਅਤ ਦੂਜੇ ਦੇਸ਼ਾਂ ਜਿਵੇਂ ਗਰੀਸ, ਦੱਖਣੀ ਅਫ਼ਰੀਕਾ, ਜਾਰਡਨ, ਮਲੇਸ਼ੀਆ, ਫਿਲੀਪੀਨਜ਼ ਅਤੇ ਸਿੰਗਾਪੁਰ ਜਿਹੇ ਦੇਸ਼ਾਂ ਦੀਆਂ ਅਜਿਹੀਆਂ ਸੱਨਅਤਾਂ ਨੂੰ ਪਛਾੜ ਰਹੀ ਹੈ।

ਭਾਰਤ ਦੀ ਰਾਸ਼ਟਰੀ ਸਿਹਤ ਨੀਤੀ ਵਿਚ ਵਿਦੇਸ਼ੀ ਮਰੀਜ਼ਾਂ ਦੇ ਇਲਾਜ ਨੂੰ ਕਾਨੂੰਨੀ ਤੌਰ ਤੇ 'ਨਿਰਯਾਤ' ਮੰਨਿਆ ਗਿਆ ਹੈ ਅਤੇ ਇਸ ਨੂੰ ਨਿਰਯਾਤ ਕਮਾਈ ਨੂੰ ਦਿਤੇ ਜਾਂਦੇ ਸਾਰੇ ਪ੍ਰੋਤਸਾਹਨਾਂ ਲਈ ਯੋਗ ਸਮਝਿਆ ਗਿਆ ਹੈ। ਭਾਰਤ ਵਿਚ ਸਰਕਾਰੀ ਅਤੇ ਨਿੱਜੀ ਖੇਤਰ ਦੀਆਂ ਪੜਤਾਲਾਂ ਵਿਚ ਅੰਦਾਜ਼ਾ ਲਾਇਆ ਗਿਆ ਹੈ ਕਿ ਡਾਕਟਰੀ ਸੈਰ-ਸਪਾਟਾ 1 ਬਿਲੀਅਨ ਤੋਂ 2 ਬਿਲੀਅਨ (1.35 ਬਿਲੀਅਨ ਯੂਰੋ ਅਤੇ 2.50 ਬਿਲੀਅਨ ਯੂਰੋ) ਦੇਸ਼ ਵਿਚ ਲਿਆ ਸਕਦਾ ਹੈ। ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਵਿੱਤੀ ਰਿਪੋਰਟਾਂ ਵਿਚ ਅਨੁਮਾਨ ਲਾਏ ਗਏ ਹਨ ਕਿ ਭਾਰਤ ਵਿਚ ਡਾਕਟਰੀ ਸੈਰ-ਸਪਾਟਾ 30 ਪ੍ਰਤਿਸ਼ਤ ਸਾਲਾਨਾ ਦਰ ਨਾਲ ਵਿਕਸਤ ਹੋ ਰਿਹਾ ਹੈ। ਆਸ ਕੀਤੀ ਜਾਂਦੀ ਹੈ ਕਿ 2015 ਤਕ ਭਾਰਤ ਨੂੰ ਸਾਲਾਨਾ ਡੇਢ ਮਿਲੀਅਨ ਡਾਲਰ ਦੀ ਪ੍ਰਾਪਤੀ ਹੋਵੇਗੀ। ਭਾਰਤ ਦੀ ਉੱਚ ਪੱਧਰੀ ਸਿੱਖਿਆ ਪ੍ਰਣਾਲੀ ਨਾ ਸਿਰਫ਼ ਕੰਪਿਊਟਰ ਪ੍ਰੋਗਰਾਮ ਅਤੇ ਇੰਜੀਨੀਅਰ ਪੈਦਾ ਕਰ ਰਹੀ ਹੈ, ਸਗੋਂ ਇਕ ਅੰਦਾਜ਼ੇ ਮੁਤਾਬਕ ਹਰੇਕ ਸਾਲ 20,000 ਤੋਂ 30,000 ਡਾਕਟਰ ਅਤੇ ਨਰਸਾਂ ਵੀ ਤਿਆਰ ਕਰ ਰਹੀ ਹੈ। ਬਾਜ਼ਾਰ ਦੀ ਵਰਤਮਾਨ ਵਿਕਾਸ ਦਰ ਸਾਲਾਨਾ 30 ਪ੍ਰਤਿਸ਼ਤ ਦੇ ਲਗਭਗ ਹੈ ਅਤੇ ਦੇਸ਼ ਪ੍ਰਮੁੱਖ ਦੇਸ਼ਾਂ ਜਿਵੇਂ ਸਿੰਗਾਪੁਰ ਅਤੇ ਥਾਈਲੈਂਡ ਦੇ ਬਰਾਬਰ ਪਹੁੰਚ ਰਿਹਾ ਹੈ। ਡਾਕਟਰੀ ਸੈਰ-ਸਪਾਟਾ ਆਉਣ ਵਾਲੇ ਕੁਝ ਸਾਲਾਂ ਵਿਚ 40 ਮਿਲੀਅਨ ਨਵੀਆਂ ਨੌਕਰੀਆਂ ਪੈਦਾ ਕਰਨ ਵਿਚ ਮਦਦ ਕਰੇਗਾ। ਉਹ ਖੇਤਰ, ਜਿਨ੍ਹਾਂ 'ਚ ਆਉਣ ਵਾਲੇ ਸਾਲਾਂ ਵਿਚ ਵੱਡਾ ਵਿਕਾਸ ਵੇਖਿਆ ਜਾ ਸਕਦਾ ਹੈ, ਉਨ੍ਹਾਂ ਵਿਚ ਸ਼ਾਮਿਲ ਹਨ :

***ਬਾਜ਼ਾਰੀਕਰਨ :*** ਡਾਕਟਰੀ ਸੈਰ-ਸਪਾਟਾ ਪ੍ਰਦਾਨ ਕਰਨ ਵਾਲੇ ਮੋਹਰੀ ਹਸਪਤਾਲ ਇਹ ਸੇਵਾਵਾਂ ਇੰਟਰਨੈੱਟ, ਸਿਹਤ ਸੇਵਾਵਾਂ ਦੁਆਉਣ ਵਾਲਿਆਂ ਅਤੇ ਕਦੇ-ਕਦਾਈਂ ਵਿਦੇਸ਼ ਵਸਦੇ ਮਰੀਜ਼ਾਂ ਕੋਲ ਨਿੱਜੀ ਪਹੁੰਚ ਕਰਕੇ ਪ੍ਰਦਾਨ ਕਰ ਰਹੇ ਹਨ ਜਿਸ ਲਈ ਨਿਪੁੰਨ ਬਾਜ਼ਾਰੀਕਰਨ ਕਰਨ ਵਾਲੇ ਵਿਅਕਤੀਆਂ ਦੀ ਲੋੜ ਹੈ।

***ਭਾਸ਼ਾਈ ਸੇਵਾਵਾਂ :*** ਯੂਰਪੀਨ, ਅਫ਼ਰੀਕੀ ਅਤੇ ਪੱਛਮੀ ਏਸ਼ੀਆਈ ਦੇਸ਼ਾਂ ਦੇ ਗ਼ੈਰ-ਅੰਗਰੇਜ਼ੀ ਭਾਸ਼ੀ ਮਰੀਜ਼ਾਂ ਲਈ ਦੋ-ਭਾਸ਼ੀਏ ਬਹੁਤ ਅਹਿਮ ਹਨ ਕਿਉਂਕਿ ਮਰੀਜ਼ਾਂ ਨੂੰ ਆਪਣੇ ਡਾਕਟਰੀ ਇਲਾਜ ਲਈ ਨਿਯਮਾਂ ਨੂੰ ਸਮਝਣ ਦੀ ਜ਼ਰੂਰਤ ਹੁੰਦੀ ਹੈ।

***ਦਫ਼ਤਰ ਤੋਂ ਇਲਾਵਾ ਕੰਮ :*** ਡਾਕਟਰੀ ਸੈਰ-ਸਪਾਟੇ ਵਿਚ ਦਫ਼ਤਰ ਤੋਂ ਬਾਹਰਲੇ ਕੰਮਾਂ ਲਈ ਵੀ ਯੋਗਤਾ ਦੀ ਉਨੀ ਹੀ ਲੋੜ ਹੈ ਜਿੰਨੀ ਕਿ ਦੂਜੀਆਂ ਸੇਵਾਵਾਂ ਦੇਣ ਵਾਲੇ ਉਦਯੋਗਾਂ ਵਿਚ ਜਿਥੇ ਗੱਲਬਾਤ ਅਤੇ ਨਿੱਜੀ ਸੰਵਾਦ ਦਾ ਹੁਨਰ ਬੁਨਿਆਦੀ ਜ਼ਰੂਰਤ ਹੁੰਦੀ ਹੈ।

***ਪ੍ਰਾਹੁਣਚਾਰੀ ਪੇਸ਼ਾਵਰ :*** ਜਦ ਕਿ ਉੱਚ ਪੱਧਰੀ ਕਲਿਨੀਕਲ ਸੂਝਬੂਝ ਚੰਗੀ ਸਿਹਤ ਸੰਭਾਲ ਪ੍ਰਣਾਲੀ ਦੀ ਬੁਨਿਆਦ ਹੈ, ਸੇਵਾ ਅਤੇ ਪ੍ਰਬੰਧਕੀ ਯੋਗਤਾ ਦੀ ਵੀ ਬਹੁਤ ਜ਼ਿਆਦਾ ਮੰਗ ਹੈ।

ਭਾਰਤ ਨੂੰ ਡਾਕਟਰੀ ਸੈਰ-ਸਪਾਟਾ ਵਜੋਂ ਪ੍ਰਾਥਮਿਕਤਾ ਦੇਣ ਪਿੱਛੇ ਵੱਡਾ ਕਾਰਨ ਇਸ ਦੀ ਸਿਹਤ ਸੰਭਾਲ ਸੱਨਅਤ ਦੇ ਵਿਰਾਸਤੀ ਫ਼ਾਇਦੇ ਹਨ। ਅੱਜ ਭਾਰਤੀ ਸਿਹਤ ਸੇਵਾ ਖੇਤਰ ਨੂੰ ਦੁਨੀਆਂ ਦੇ ਪੱਧਰ ਦੇ ਬਰਾਬਰ ਦਾ ਸਮਝਿਆ ਜਾਂਦਾ ਹੈ। ਭਾਰਤ ਦੇ ਕੁਝ ਨਾਮੀ ਹਸਪਤਾਲ ਅਤੇ ਡਾਕਟਰਾਂ ਦੀ ਮਜ਼ਬੂਤ ਵਿਸ਼ਵੀ ਪਛਾਣ ਹੈ। ਪਰ ਭਾਰਤ ਵਿਚ ਡਾਕਟਰੀ ਸੈਰ-ਸਪਾਟਾ ਲਈ ਆਉਣ ਪਿੱਛੇ ਸਭ ਤੋਂ ਵੱਡਾ ਕਾਰਨ ਘੱਟ ਲਾਗਤ ਦਾ ਲਾਭ ਹੈ। ਬਹੁ-ਗਿਣਤੀ ਵਿਦੇਸ਼ੀ ਮਰੀਜ਼ ਮੁੱਖ ਤੌਰ ਤੇ ਪਹਿਲੀ ਦੁਨੀਆਂ ਦੀ ਸੇਵਾ ਤੀਜੀ ਦੁਨੀਆਂ ਦੀ ਕੀਮਤ 'ਤੇ ਲੈਣ ਲਈ ਹੀ ਭਾਰਤ ਆਉਂਦੇ ਹਨ।

## ਡਾਕਟਰੀ ਸੈਰ-ਸਪਾਟਾ ਦੇ ਲਾਭ

• ਵਿਦੇਸ਼ੀ ਸਿੱਕੇ ਦੀ ਕਮਾਈ ਜੋ ਕਿਸੇ ਰਾਸ਼ਟਰ ਦੀ ਆਰਥਿਕ ਦੌਲਤ ਵਿਚ ਵਾਧਾ ਕਰਦੀ ਹੈ। • ਵਿਕਸਤ ਦੇਸ਼ਾਂ ਦੇ ਮੁਕਾਬਲੇ ਕੀਮਤਾਂ ਘੱਟ ਹੋਣ ਦਾ ਲਾਭ। • ਬੇਹਤਰ ਜਾਣਕਾਰੀ ਅਦਾਨ-ਪ੍ਰਦਾਨ। • ਮਰੀਜ਼ ਸੰਭਾਲ ਪ੍ਰਕਿਰਿਆ ਦੀ ਨਿਪੁੰਨਤਾ ਵਿਚ ਵਾਧਾ, ਵਿਸ਼ਵ ਪੱਧਰ ਦਾ ਇਲਾਜ। • ਹਸਪਤਾਲ ਪੂਰਤੀ ਲੜੀ ਨਿਪੁੰਨਤਾ ਵਿਚ ਸੁਧਾਰ। • ਦੇਸ਼ ਦੇ ਅੰਦਰ ਅਤੇ ਬਾਹਰ ਵਪਾਰਕ ਭਾਈਵਾਲਾਂ ਨਾਲ ਰਣਨੀਤਕ

ਗਠਜੋੜ। • ਤਕਨੀਕ ਅਤੇ ਗਿਆਨ ਦੀ ਤਬਦੀਲੀ। • ਅੰਦਰੂਨੀ ਅਤੇ ਬਾਹਰੀ ਦੋਵਾਂ ਵਿਚ ਪ੍ਰਚਲਨ ਤੰਤਰ ਦੀ ਬੇਹਤਰ ਕਾਰਗੁਜ਼ਾਰੀ। • ਸੱਨਅਤ 'ਚ ਰੁਜ਼ਗਾਰ ਦੇ ਮੌਕੇ ਪੈਦਾ ਹੋਣਾ। • ਬੁਨਿਆਦੀ ਢਾਂਚੇ ਅਤੇ ਹੁਨਰਮੰਦ ਮਨੁੱਖੀ ਸ਼ਕਤੀ ਦਾ ਬੇਹਤਰ ਇਸਤੇਮਾਲ। • ਸਿਹਤ, ਸੈਰ-ਸਪਾਟਾ ਅਤੇ ਯਾਤਰਾ 'ਚ ਬੁਨਿਆਦੀ ਢਾਂਚਾ ਵਿਕਸਤ ਕਰਨ ਦੇ ਮੌਕੇ। • ਵਧੀ ਹੋਈ ਪ੍ਰਤਿ ਵਿਅਕਤੀ ਦੌਲਤ। • ਵਿਆਪਕ ਡਾਕਟਰੀ ਹੱਲ ਲਈ ਖੋਜ ਅਤੇ ਵਿਕਾਸ ਦੀ ਗੁੰਜਾਇਸ਼। • ਵਿਸ਼ਵ ਸਿਹਤ ਸੰਭਾਲ ਦੇਣ ਵਾਲੇ ਦੇਸ਼ ਵਜੋਂ ਅੰਤਰਰਾਸ਼ਟਰੀ ਪ੍ਰਵਾਨਗੀ। • ਸਮਾਜਿਕ ਅਤੇ ਅੰਤਰ-ਸਭਿਆਚਾਰਕ ਅਨੁਭਵ। • ਅੰਤਰਰਾਸ਼ਟਰੀ ਗਾਹਕ ਸੰਬੰਧ। • ਵਿਸ਼ਵ ਬਾਜ਼ਾਰੀਕਰਨ ਅਤੇ ਡਾਕਟਰੀ ਕਿੱਤਾ ਸੰਬੰਧ। • ਵਿਸ਼ਵ ਪੱਧਰੀ ਸਿਹਤ ਸੇਵਾਵਾਂ ਵਾਲੇ ਸਥਾਨ ਵਜੋਂ ਦੇਸ਼ ਦਾ ਬ੍ਰਾਂਡ ਉੱਭਰਨਾ। • ਮੁਕਾਬਲੇਬਾਜ਼ੀ ਦਾ ਲਾਭ। • ਭਾਈਵਾਲਾਂ, ਮਤਲਬ ਹਸਪਤਾਲ ਤੇ ਪ੍ਰਾਹੁਣਚਾਰੀ ਉਦਯੋਗ ਵਿਚਾਲੇ ਬੇਹਤਰ ਤਾਲਮੇਲ। • ਜਨਤਕ ਅਤੇ ਨਿੱਜੀ ਭਾਈਵਾਲੀ। • ਮਰੀਜ਼ ਦੀ ਸੰਤੁਸ਼ਟੀ।

### ਖੱਪੇ ਅਤੇ ਚੁਨੌਤੀਆਂ

• ਡਾਕਟਰੀ ਸੈਰ-ਸਪਾਟਾ ਨੂੰ ਉਤਸ਼ਾਹਿਤ ਕਰਨ ਲਈ ਕੋਈ ਮਜ਼ਬੂਤ ਸਰਕਾਰੀ ਸਹਾਇਤਾ/ ਪਹਿਲਕਦਮੀ ਨਹੀਂ।

• ਸੱਨਅਤ ਦੇ ਵੱਖ-ਵੱਖ ਸੰਚਾਲਕਾਂ ਵਿਚਾਲੇ ਘੱਟ ਤਾਲਮੇਲ – ਹਵਾਈ ਸੇਵਾ ਸੰਚਾਲਕ, ਹੋਟਲ ਅਤੇ ਹਸਪਤਾਲ।

• ਗਾਹਕਾਂ ਦੀ ਮੰਦੀ ਵਾਲੇ ਦੇਸ਼ ਦੀ ਬਣੀ ਧਾਰਨਾ।

• ਹਸਪਤਾਲਾਂ ਵਿਚ ਇਕ ਸਮਾਨ ਕੀਮਤ ਨੀਤੀ ਦੀ ਕਮੀ।

• ਥਾਈਲੈਂਡ, ਮਲੇਸ਼ੀਆ, ਸਿੰਗਾਪੁਰ ਜਿਹੇ ਦੇਸ਼ਾਂ ਵਲੋਂ ਤਕੜੀ ਮੁਕਾਬਲੇਬਾਜ਼ੀ।

• ਸਿਹਤ ਸੰਬੰਧੀ ਬੁਨਿਆਦੀ ਢਾਂਚੇ ਵਿਚ ਘੱਟ ਨਿਵੇਸ਼।

• ਇਸ ਖੇਤਰ ਲਈ ਢੁਕਵੀਆਂ ਬੀਮਾ ਨੀਤੀਆਂ ਦੀ ਘਾਟ।

• ਬਹੁਤ ਸਾਰੇ ਵਿਚੋਲੇ ਜਿਨ੍ਹਾਂ ਨੂੰ ਬਹੁਤ ਘੱਟ ਜਾਣਕਾਰੀ ਹੁੰਦੀ ਹੈ ਕਿਸੇ ਮਰਜ਼ੀ ਦੀ ਇਕ ਇਨਸਾਨ ਵਜੋਂ ਦੇਖਭਾਲ ਕਰਨ ਦੀ, ਜੋ ਬਹੁਤ ਨੁਕਸਾਨਦੇਹ ਸਾਬਤ ਹੋ ਰਹੀ ਹੈ।

### ਅਗਲੇਰਾ ਰਸਤਾ

• ਇਸ ਖੇਤਰ ਵਿਚ ਇਕ ਤੋਂ ਜ਼ਿਆਦਾ ਖਿਡਾਰੀ ਹੋਣ ਕਰਕੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਨੂੰ ਭਾਰਤ ਸਰਕਾਰ ਦੇ ਸੈਰ-ਸਪਾਟਾ ਮੰਤਰਾਲਾ ਨਾਲ ਮਿਲ ਕੇ ਇਕ ਟਾਸਕ ਫੋਰਸ ਗਠਿਤ ਕਰਨੀ ਚਾਹੀਦੀ ਹੈ।

• ਪ੍ਰਮੁੱਖ ਅਧਿਕਾਰੀਆਂ ਨਾਲ ਸਲਾਹਕਾਰੀ ਮੁਲਾਕਾਤ ਦਾ ਆਯੋਜਨ ਕਰਨਾ ਚਾਹੀਦਾ ਹੈ ਤਾਂ ਕਿ ਖੱਪਿਆਂ, ਚੁਨੌਤੀਆਂ ਅਤੇ ਇਨ੍ਹਾਂ ਦੇ ਹੱਲ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।

• ਟਾਸਕ ਫੋਰਸ ਨੂੰ ਇਸ ਸੱਨਅਤ ਅੰਦਰ ਮੌਕਿਆਂ ਦਾ ਮੁੱਲਾਂਕਣ ਕਰਕੇ ਦੇਸ਼ ਅੰਦਰ ਸਿਹਤ ਸੰਭਾਲ ਸੰਸਥਾਨਾਂ ਨੂੰ ਮਾਨਤਾ ਦੇਣ ਲਈ ਇਕ ਨੀਤੀ ਬਣਾਉਣੀ ਚਾਹੀਦੀ ਹੈ।

• ਮਿਆਰੀ ਪ੍ਰਕਿਰਿਆਵਾਂ ਨੂੰ ਅਪਨਾਉਣ ਅਤੇ ਵਿਦੇਸ਼ੀ ਮਰੀਜ਼ਾਂ ਦੀ ਸਰਵੋਤਮ ਹਸਪਤਾਲ ਚੁਣਨ ਵਿਚ ਸਹਾਇਤਾ ਕਰਨੀ।

• ਸੱਨਅਤ ਲਈ ਚੰਗੇ ਮੌਕੇ ਪ੍ਰਦਾਨ ਕਰਨਾ, ਹਸਪਤਾਲ ਵੀ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕਰ ਸਕਦੇ ਹਨ, ਰਵਾਇਤੀ ਅਤੇ ਕਲਿਨੀਕਲ ਇਲਾਜ ਨੂੰ ਸੰਗਠਿਤ ਕਰ ਸਕਦੇ ਹਨ ਤੇ ਲਾਭ ਵਾਲੀਆਂ ਉੱਚ ਸੇਵਾਵਾਂ ਪ੍ਰਦਾਨ ਕਰ ਸਕਦੇ ਹਨ।

• ਮੁਕਾਬਲੇਬਾਜ਼ੀ ਵਾਲੇ ਫ਼ਾਇਦੇ ਨੂੰ ਵਧਾਉਣਾ ਜਿਥੇ ਇਲਾਜ ਲਈ ਉਡੀਕ ਦਾ ਸਮਾਂ ਘੱਟ ਤੋਂ ਘੱਟ ਹੋਵੇ।

• ਮੇਜ਼ਬਾਨ ਦੇਸ਼ ਨਾਲ ਬੇਹਤਰ ਸੰਪਰਕ।

• ਭਾਰਤੀ ਡਾਕਟਰੀ ਸੈਰ-ਸਪਾਟਾ ਭੂਗੋਲ ਅਤੇ ਡਾਕਟਰੀ ਸਹਾਇਤਾ ਲਈ ਯਾਤਰੀਆਂ ਦੀ ਸਹਾਇਤਾ ਕਰਨ ਵਾਲਿਆਂ ਦਾ ਨੈੱਟਵਰਕ ਖ਼ਾਕਾ ਤਿਆਰ ਕਰਨਾ।

• ਭਾਰਤ ਆਉਣ ਵਾਲੇ ਡਾਕਟਰੀ ਯਾਤਰੀਆਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਚੁਨੌਤੀਆਂ ਨੂੰ ਸਮਝਣਾ।

• ਅੰਤਰ-ਸਭਿਆਚਾਰਕ ਸੰਵੇਦਨਸ਼ੀਲਤਾਵਾਂ ਦੇਣ ਵਾਲੇ ਪੈਰਾਮੈਡੀਕਲ ਅਤੇ ਗ਼ੈਰ-ਕੁਦਰਤੀ ਅਮਲੇ ਦੀ ਸਿਖਲਾਈ ਲਈ ਸਰਕਾਰ ਵਲੋਂ ਸਮਰਥਾ ਵਿਕਸਤ ਕਰਨ ਦੇ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ।

• ਚੋਣਵੇਂ ਦੇਸ਼ਾਂ ਲਈ ਭਾਸ਼ਾ ਸਿਖਲਾਈ 'ਤੇ ਧਿਆਨ ਦੇਣਾ ਜਿਥੋਂ ਵੱਡੀ ਗਿਣਤੀ ਵਿਚ ਯਾਤਰੀ ਆਉਂਦੇ ਹਨ।

### ਸਿੱਟਾ

ਡਾਕਟਰੀ ਅਤੇ ਮਨਪ੍ਰਚਾਵੇ ਦੇ ਮੰਤਵ ਲਈ ਅੰਤਰਰਾਸ਼ਟਰੀ ਯਾਤਰਾ ਕਰਨ ਦੀ ਨਵੀਂ ਉਪਜੀ ਲੋੜ ਨੂੰ 'ਡਾਕਟਰੀ/ਸਿਹਤ ਸੈਰ-ਸਪਾਟਾ' ਦੇ ਨਾਮ ਨਾਲ ਜਾਣਿਆ ਜਾ ਰਿਹਾ ਹੈ। ਜ਼ਿਆਦਾ ਤੋਂ ਜ਼ਿਆਦਾ ਲੋਕ ਆਪਣੀਆਂ ਬੀਮਾਰੀਆਂ ਦੇ ਇਲਾਜ ਲਈ ਆਪਣੇ ਦੇਸ਼ ਤੋਂ ਬਾਹਰ ਯਾਤਰਾ ਕਰ ਰਹੇ ਹਨ। ਕਾਸਮੈਟਿਕ/ਸੁੰਦਰਤਾ ਸੰਬੰਧੀ ਆਪਰੇਸ਼ਨ ਵੀ ਲੋਕਾਂ ਵਲੋਂ ਯਾਤਰਾ ਕਰਨ ਦਾ ਇਕ ਅਹਿਮ ਕਾਰਨ ਬਣ ਗਏ ਹਨ, ਇਕ ਅਜਿਹੀ ਹਾਲਤ ਜੋ ਅਲਾਮਤ ਜਾਂ ਬੀਮਾਰੀ ਦੇ ਦਾਇਰੇ ਵਿਚ ਨਹੀਂ ਆਉਂਦੀ, ਉਹ ਵੀ ਡਾਕਟਰੀ/ਸਿਹਤ ਪ੍ਰੋਗਰਾਮ ਦੀ ਛਤਰੀ ਥੱਲੇ ਆ ਗਈ ਹੈ।

ਡਾਕਟਰੀ ਸੈਰ-ਸਪਾਟਾ ਡਾਲਰ ਕਮਾਉਣ ਦਾ ਇਕ ਵੱਡਾ ਸਰੋਤ ਹੈ, ਇਲਾਜ ਦੇ ਇਲਾਵਾ/ ਸਿਹਤ ਲੈਣ ਵਾਲੇ ਖਪਤਕਾਰ ਨੂੰ ਬਹੁਤ ਸਾਰੀਆਂ ਬੀਮਾਰੀਆਂ ਦੀ ਹਾਲਤ ਵਿਚ ਹਸਪਤਾਲ ਤੋਂ ਬਾਹਰ ਠਹਿਰਨਾ ਪੈਂਦਾ ਹੈ ਜਿਸ ਨਾਲ ਹੋਟਲ ਅਤੇ ਖਾਣਾ ਉਦਯੋਗ ਨੂੰ ਮਦਦ ਮਿਲਦੀ ਹੈ। ਘਰ ਵਾਪਸ ਜਾਣ ਸਮੇਂ ਮਰੀਜ਼ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਖਰੀਦਾਰੀ ਕਰਨਾ ਵੀ ਪਸੰਦ ਕਰਦੇ ਹਨ ਜਿਸ ਨਾਲ ਉਹ ਆਰਥਿਕਤਾ ਵਿਚ ਵੀ ਵੱਡਾ ਯੋਗਦਾਨ ਪਾਉਂਦੇ ਹਨ। ਸੰਖੇਪ ਵਿਚ, ਡਾਕਟਰੀ ਸੈਰ-ਸਪਾਟਾ ਨਾ ਕੇਵਲ ਵਿਦੇਸ਼ੀ ਸਿੱਕਾ ਪੈਦਾ ਕਰਨ ਵਿਚ ਮਦਦ ਕਰਦਾ ਹੈ ਸਗੋਂ ਦੂਜੇ ਦੇਸ਼ਾਂ ਦੇ ਨਾਗਰਿਕਾਂ ਤਕ ਦੇਸ਼ ਦਾ ਅਕਸ ਪੁੱਜਦਾ ਕਰਨ ਦਾ ਇਕ ਵੱਡਾ ਜ਼ਰੀਆ ਵੀ ਹੈ। ਮਰੀਜ਼ ਅਤੇ ਉਸ ਦੇ ਸਹਾਇਕਾਂ ਦਾ ਸੰਤੁਸ਼ਟੀ ਭਰਿਆ ਅਨੁਭਵ ਦੂਜਿਆਂ ਨੂੰ ਸਾਡੇ ਦੇਸ਼ ਵਿਚ ਆਉਣ ਲਈ ਸੱਦਾ ਦਿੰਦਾ ਅਤੇ ਪ੍ਰੇਰਿਤ ਕਰਦਾ ਹੈ।

ਘੱਟ ਤੋਂ ਘੱਟ ਸੰਭਵ ਕੀਮਤਾਂ 'ਤੇ ਵਿਸ਼ਵ ਪੱਧਰ ਦੀਆਂ ਡਾਕਟਰੀ ਸੇਵਾਵਾਂ ਪੇਸ਼ ਕਰਕੇ ਭਾਰਤ ਨੇ ਡਾਕਟਰੀ ਸੈਰ-ਸਪਾਟਾ ਖੇਤਰ ਅੰਦਰ ਆਪਣੀ ਮਜ਼ਬੂਤ ਥਾਂ ਬਣਾਈ ਹੈ। ਭਾਰਤ ਕੋਲ ਵਿਸ਼ਵ ਪੱਧਰ ਦੀਆਂ ਸਿਹਤ ਸੇਵਾਵਾਂ ਅਤੇ ਡਾਕਟਰੀ ਪੇਸ਼ਾਵਰਾਂ ਦਾ ਇਕ ਵੱਡਾ ਭੰਡਾਰ ਹੈ,

*ਬਾਕੀ ਸਫ਼ਾ 25 ਉੱਤੇ*

# ਭਾਰਤ ਦੇ ਆਰਥਿਕ ਵਿਕਾਸ ਵਿਚ ਸੈਰ-ਸਪਾਟਾ ਸੱਨਅਤ ਦੀ ਭੂਮਿਕਾ

ਪ੍ਰੇਮ ਸੁਬਰਾਮਨੀਅਮ

ਦੇਸ਼ ਦੇ ਆਰਥਿਕ ਵਿਕਾਸ ਵਿਚ ਸਮੁੱਚਿਤ ਵਿਕਾਸ ਰਾਹੀ ਭਰਵਾਂ ਯੋਗਦਾਨ ਪਾਉਣ ਲਈ ਭਾਰਤ ਆਪਣੇ ਸੈਰ-ਸਪਾਟੇ ਦੇ ਅਸਾਸਿਆਂ ਦੀਆਂ ਅਸੀਮ ਸੰਭਾਵਨਾਵਾਂ ਤੋਂ ਲਾਭ ਉਠਾਉਣ ਵਿਚ ਸਮਰੱਥ ਸਾਬਤ ਨਹੀਂ ਹੋਇਆ। 12ਵੀਂ ਯੋਜਨਾ ਦੇ ਦਸਤਾਵੇਜ਼ ਵਿਚ ਪ੍ਰਮੁੱਖ ਧਿਆਨ ਕੇਂਦਰ ਤੋਂ ਲਾਂਭੇ ਜਾਣਾ ਵਿਖਾਈ ਦੇ ਰਿਹਾ ਹੈ। ਜਿਸ ਤਹਿਤ ਵਧੇਰੇ ਜ਼ੋਰ ਅੰਤਰਰਾਸ਼ਟਰੀ ਯਾਤਰੀਆਂ ਦੀ ਆਮਦ ਅਤੇ ਵਿਦੇਸ਼ੀ ਸਿੱਕੇ ਦੀ ਕਮਾਈ 'ਤੇ ਰਿਹਾ ਹੈ। ਸੈਰ-ਸਪਾਟੇ ਦੀ ਭੂਮਿਕਾ ਨੂੰ ਦਹਿ-ਸਦੀ ਵਿਕਾਸ ਟੀਚਿਆਂ ਨਾਲ ਸੰਗਠਿਤ ਕਰਨ ਅਤੇ ਸੰਯੁਕਤ ਰਾਸ਼ਟਰ ਵਿਸ਼ਵ ਸੈਰ-ਸਪਾਟਾ ਸੰਗਠਨ ਵਲੋਂ ਧਾਰਣਾਗਤ ਸਥਾਈ ਵਿਕਾਸ ਟੀਚਿਆਂ ਨੂੰ ਹਾਸਲ ਕਰਨ ਲਈ ਕੋਸ਼ਿਸ਼ਾਂ ਮੁੱਖ ਉਦੇਸ਼ ਹਨ।

12ਵੀਂ ਯੋਜਨਾ ਦੇ ਦਸਤਾਵੇਜ਼ ਮੁਤਾਬਕ, ਸੈਰ-ਸਪਾਟੇ ਵਿਚ ਤੇਜ਼, ਜ਼ਿਆਦਾ ਸੰਮਿਲਤ ਅਤੇ ਸਥਾਈ ਵਿਕਾਸ ਦੇ ਟੀਚੇ ਹਾਸਲ ਕਰਨ ਲਈ ਅਪਾਰ ਸੰਭਾਵਨਾਵਾਂ ਹਨ। ਹੋਰ ਜ਼ਿਆਦਾ ਅਹਿਮ, ਇਹ ਗਰੀਬੀ ਦਾ ਸ਼ਕਤੀਸ਼ਾਲੀ ਇਲਾਜ ਹੈ। ਇਹ ਗਰੀਬਾਂ ਨੂੰ ਦਰਪੇਸ਼ ਬਾਜ਼ਾਰ ਤਕ ਪਹੁੰਚ ਨਾ ਹੋਣ ਦੇ ਨੁਕਸਾਨ ਨੂੰ ਦੂਰ ਕਰਦਾ ਹੈ ਕਿਉਂਕਿ ਖਪਤਕਾਰ ਉਨ੍ਹਾਂ ਦੀਆਂ ਸੇਵਾਵਾਂ ਅਤੇ ਵਸਤਾਂ ਪ੍ਰਾਪਤ ਕਰਨ ਲਈ ਗਰੀਬ ਦੀਆਂ ਬਰੂਹਾਂ 'ਤੇ ਪਹੁੰਚ ਜਾਂਦਾ ਹੈ। ਇਸ ਨਾਲ ਵਿਚੋਲਗਿਰੀ ਨੂੰ ਠੱਲ੍ਹ ਪੈਂਦੀ ਹੈ ਅਤੇ ਵਸੂਲੀ ਵਿਚ ਸੁਧਾਰ ਆਉਂਦਾ ਹੈ। ਪਰ, ਇਸ ਸੰਭਾਵਨਾ ਤੋਂ ਪੂਰਾ ਲਾਭ ਤਾਂ ਹੀ ਉਠਾਇਆ ਜਾ ਸਕਦਾ ਹੈ ਜੇ ਪੂਰਤੀ ਅਤੇ ਮੰਗ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਕੇ ਭਾਰਤੀ ਸੈਰ-ਸਪਾਟਾ ਸੱਨਅਤ ਦੀ ਅੰਤਰ-ਰਾਸ਼ਟਰੀ ਮੁਕਾਬਲੇਬਾਜ਼ੀ ਵਿਚ ਚੋਖਾ ਸੁਧਾਰ ਕੀਤਾ ਜਾਵੇ। ਭਾਰਤ ਕੋਲ ਅੰਤਰਰਾਸ਼ਟਰੀ ਯਾਤਰੀਆਂ ਦੇ ਨਾਲ-ਨਾਲ ਘਰੇਲੂ ਸੈਰ-ਸਪਾਟਾ ਦਾ ਵੀ ਵੱਡਾ ਬਾਜ਼ਾਰ ਹੈ। ਦੇਸ਼ ਦੀ ਵੱਡੀ ਘਰੇਲੂ ਸੈਰ-ਸਪਾਟਾ ਸੰਭਾਵਨਾ ਦੀ ਪੂਰਤੀ ਲਈ ਵੱਖ-ਵੱਖ ਤਰ੍ਹਾਂ ਦੇ ਉਤਪਾਦ ਅਤੇ ਕੀਮਤ ਨੁਕਤੇ ਵਿਕਸਤ ਕੀਤੇ ਜਾਣ ਦੀ ਜ਼ਰੂਰਤ ਹੈ। ਆਮ ਅਤੇ ਅੰਤਰਰਾਸ਼ਟਰੀ ਉਤਪਾਦ ਇਸ ਬਾਜ਼ਾਰ ਨੂੰ ਖੋਲ੍ਹਣ ਦੇ ਕਾਬਲ ਨਹੀਂ ਹੋਣਗੇ। ਅਸਲ ਵਿਚ, ਵਿਦੇਸ਼ੀ ਯਾਤਰੀ ਵੀ ਭਾਰਤ ਵਿਚ ਵੱਖ-ਵੱਖ ਤਜਰਬਿਆਂ ਲਈ ਆਉਂਦੇ ਹਨ ਜਿਸ ਵਿਚ ਵਿਲਾਸਤਾ ਤੋਂ ਲੈ ਕੇ ਸਾਦਗੀ ਅਤੇ ਅਧਿਆਤਮ ਸ਼ਾਮਿਲ ਹੁੰਦੇ ਹਨ। ਇਸ ਦੇ ਲਈ ਉਤਪਾਦਾਂ ਵਿਚ ਨਵੀਨਤਾ ਲਿਆਉਣੀ ਪਵੇਗੀ। ਇਸ ਕਰਕੇ, ਪੂਰਤੀ ਪੱਖ ਤੋਂ ਇਹ ਜ਼ਰੂਰੀ ਹੈ ਕਿ ਨਵੇਂ ਸੈਰ-ਸਪਾਟਾ ਉਤਪਾਦਾਂ ਦੀ ਪਛਾਣ ਕਰਕੇ ਉਨ੍ਹਾਂ ਦੁਆਲੇ ਮੰਜ਼ਿਲਾਂ ਅਤੇ ਸਰਕਟ ਬਣਾਏ ਜਾਣ ਜੋ ਵਿਆਪਕ ਭੌਤਿਕ ਅਤੇ ਵਿੱਤੀ ਯੋਜਨਾ ਨਾਲ ਸਮਾਜਿਕ ਭਾਗੀਦਾਰੀ ਪ੍ਰਕਿਰਿਆ ਦੁਆਰਾ ਕੀਤਾ ਜਾ ਸਕਦਾ ਹੈ। ਇਸ ਨੂੰ ਹੁਲਾਰਾ ਦੇਣ ਲਈ ਯਾਤਰੂਆਂ ਦੀ ਸੇਵਾ ਵਾਸਤੇ ਜ਼ਰੂਰੀ ਮਨੁੱਖੀ ਸਰੋਤ ਹੁਨਰ ਦਾ ਨਿਰਮਾਣ ਕਰਨਾ ਪਵੇਗਾ। ਇਸੇ ਤਰ੍ਹਾਂ ਹੀ, ਮੰਗ ਵਾਲੇ ਪੱਖ ਤੋਂ, ਜਾਣਕਾਰੀ ਦੀ ਕਮੀ ਨੂੰ ਖ਼ਤਮ ਕਰਨ ਅਤੇ ਭਾਰਤ ਦਾ ਬਰਾਂਡ ਬਣਾਉਣ ਲਈ ਪ੍ਰਭਾਵੀ ਸੈਰ-ਸਪਾਟਾ ਬਾਜ਼ਾਰੀ ਕਰਨ ਦੀ ਬਹੁ-ਵਿਧ ਰਣਨੀਤੀ ਬਣਾਉਣ ਦੀ ਲੋੜ ਪਵੇਗੀ। ਕਿਉਂਕਿ ਕਿਸੇ ਵੀ ਅੰਤਰਰਾਸ਼ਟਰੀ ਮੰਜ਼ਿਲ ਦੀ ਚੋਣ ਕਰਨ ਵਿਚ ਕੀਮਤ ਇਕ ਅਹਿਮ ਕਾਰਕ ਹੈ, ਯਾਤਰੀਆਂ 'ਤੇ ਕਾਨੂੰਨੀ ਵਸੂਲੀਆਂ ਅਤੇ ਕਰਾਂ ਦਾ ਜ਼ਿਆਦਾ ਬੋਝ ਨਹੀਂ ਪਾਇਆ ਜਾ ਸਕਦਾ। ਇਸ ਲਈ, ਸਰਵੋਤਮ ਅੰਤਰਰਾਸ਼ਟਰੀ ਪ੍ਰਥਾ ਅਨੁਸਾਰ ਸੈਰ-ਸਪਾਟਾ ਸੱਨਅਤ ਦੀ ਕਰ-ਪ੍ਰਣਾਲੀ ਨੂੰ ਵੀ ਤਰਕਸੰਗਤ ਬਣਾਇਆ ਜਾਣਾ ਚਾਹੀਦਾ ਹੈ। ਯਾਤਰੀਆਂ ਲਈ ਸੈਰ-ਸਪਾਟਾ ਸਰਕਟ ਅਤੇ ਭਾਰਤ ਦਾ ਬ੍ਰਾਂਡ ਵਿਕਸਤ ਕਰਨ ਲਈ ਵਿਆਪਕ ਯੋਜਨਾ ਨੂੰ ਲਾਗੂ ਕਰਨ ਦੀਆਂ ਜ਼ਿੰਮੇਵਾਰੀਆਂ ਸਰਕਾਰ ਦੇ ਵੱਖ-ਵੱਖ ਸੁਧਾਰਾਂ ਵਿਚ ਉੱਤੋਂ ਹੇਠਾਂ ਅਤੇ ਨਿੱਜੀ ਅਤੇ ਜਨਤਕ ਖੇਤਰਾਂ ਵਿਚ ਖੱਬਿਉਂ ਸੱਜੇ ਵੰਡਣ ਦੀ ਲੋੜ ਹੈ। ਸੋ, ਪਾਰਦਰਸ਼ੀ ਅਤੇ ਪ੍ਰਭਾਵੀ ਨੀਤੀ ਅਤੇ ਨਿਯਮਨ ਢਾਂਚਾ ਸਥਾਪਤ ਕਰਨਾ, ਢੁਕਵਾਂ ਉੱਨਤ ਢਾਂਚਾ ਬਣਾਉਣਾ ਅਤੇ ਵੱਖ-ਵੱਖ ਧਿਰਾਂ ਦੀਆਂ ਸਰਗਰਮੀਆਂ ਵਿਚ ਤਾਲਮੇਲ ਬਿਠਾਉਣ ਲਈ ਸਹਿਯੋਗ ਦਾ ਤੰਤਰ ਗਠਿਤ ਕਰਨਾ ਜ਼ਰੂਰੀ ਹੋ ਜਾਂਦਾ ਹੈ।

12ਵੀਂ ਪੰਜ ਸਾਲਾ ਯੋਜਨਾ (2012-17) ਵਿਚ ਸੈਰ-ਸਪਾਟਾ ਮੰਤਰਾਲਾ ਲਈ ਕੁੱਲ ਬਜਟ ਸਹਾਇਤਾ 15,190 ਕਰੋੜ ਰੁਪਏ ਹੈ ਜਿਸ ਵਿਚ ਆਈ ਈ ਬੀ ਆਰ ਦੇ 155 ਕਰੋੜ ਰੁਪਏ ਸ਼ਾਮਿਲ ਨਹੀਂ ਹਨ। ਭਾਵੇਂ ਕਿ ਸਾਡੀ ਯੋਜਨਾਬੰਦੀ ਪ੍ਰਕਿਰਿਆ ਦਾ ਮਿਆਰ ਵਿਸ਼ਵ ਮਾਨਕਾਂ ਦੀ ਪ੍ਰਵਾਨਗੀ ਵਾਲਾ ਹੈ ਪਰ ਅਸੀਂ ਸੈਰ-ਸਪਾਟੇ ਲਈ ਕੀਤੇ ਵਾਅਦਿਆਂ ਨੂੰ ਪੁਗਾਉਣ ਵਿਚ ਘੱਟ ਹੀ ਸਮਰੱਥ ਹੋਏ ਹਾਂ ਕਿਉਂਕਿ ਇਸ 'ਤੇ ਅਮਲ ਬਹੁਤ ਹੀ ਨਿਰਾਸ਼ਾਜਨਕ ਹੈ।

ਸੁਸ਼ਾਸਨ ਦਾ ਵਿਸ਼ਵ ਪ੍ਰਸਿੱਧ ਮੰਤਰ ਹੈ ਮਾਪ ਅਤੇ ਮੁੱਲੰਕਣ ਦਾ ਵਿਸ਼ਾਲ ਮਾਪਦੰਡ ਹੋਣਾ, ਅਤੇ ਸਪੱਸ਼ਟ ਤੌਰ ਤੇ ਅਸੀਂ ਇਸ 'ਤੇ ਗੌਰ ਨਹੀਂ ਕੀਤਾ, "ਜੋ ਮਾਪਿਆ ਨਹੀਂ ਜਾ ਸਕਦਾ, ਉਸ ਦਾ ਪ੍ਰਬੰਧਨ ਵੀ ਨਹੀਂ ਹੋ ਸਕਦਾ।" ਆਓ, ਪ੍ਰਵਾਨਤ ਹੋਟਲਾਂ ਅੰਦਰ ਕਮਰਿਆਂ ਦੀਆਂ ਰਾਤਾਂ ਅਤੇ ਸੈਰ-ਸਪਾਟਾ ਮੰਤਰਾਲਾ ਵਲੋਂ ਯਾਤਰੀਆਂ ਦੇ ਅੰਕੜਿਆਂ ਦੇ ਸਹਿ-ਸੰਬੰਧ ਦੀ ਉਦਾਹਰਣ ਲਈਏ।

2013 ਦੇ ਅਖੀਰ ਵਿਚ ਭਾਰਤ ਵਿਚ ਪ੍ਰਾਵਨਤ 1242 ਹੋਟਲਾਂ ਦੇ ਕਮਰਿਆਂ ਦੀ ਗਿਣਤੀ ਮਹਿਜ਼ 76858 ਸੀ। ਸੋ ਪੂਰੀ ਸਮਰੱਥਾ ਵਿਚ ਭਰ ਜਾਣ ਦੇ ਉਪਲਬਧ ਕਮਰਿਆਂ ਦੀਆਂ ਰਾਤਾਂ 76858×365 ਦੇ ਹਿਸਾਬ ਨਾਲ 28 ਮਿਲੀਅਨ ਬਣਦੀਆਂ ਹਨ। ਕਿਹਾ ਜਾਂਦਾ ਹੈ ਕਿ ਸਾਡੇ ਦੇਸ਼ ਵਿਚ 7 ਮਿਲੀਅਨ ਵਿਦੇਸ਼ੀ 1147 ਮਿਲੀਅਨ ਘਰੇਲੂ ਯਾਤਰੀਆਂ ਦੀ ਆਮਦ ਹੋਈ।

ਅੰਤਰਰਾਸ਼ਟਰੀ ਯਾਤਰੀਆਂ ਨੇ 51,587 ਕਰੋੜ ਰੁਪਏ ਖਰਚੇ ਜੋ ਪ੍ਰਤਿ ਯਾਤਰੀ 73,700 ਰੁਪਏ ਬੈਠਦੇ ਹਨ (ਭਾਰਤੀ ਸੈਰ-ਸਪਾਟਾ ਦੇ 2013 ਦੇ ਅੰਕੜਿਆਂ 'ਤੇ ਇਕ ਝਾਤ)।

ਜੇ ਅਸੀਂ ਇਨ੍ਹਾਂ ਅੰਕੜਿਆਂ ਤੋਂ ਨਤੀਜਾ ਕੱਢੀਏ ਅਤੇ ਐੱਚ ਵੀ ਐੱਸ ਐਫ ਐੱਚ ਆਰ ਏ ਆਈ ਦੇ ਸਾਲਾਨਾ ਸਰਵੇਖਣ ਨਾਲ ਮਿਲਾਨ ਕਰੀਏ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਸੰਗਠਿਤ ਹੋਟਲ ਖੇਤਰ ਅੰਤਰਰਾਸ਼ਟਰੀ ਆਮਦ ਦਾ 20 ਪ੍ਰਤਿਸ਼ਤ ਤੋਂ ਘੱਟ ਅਤੇ ਘਰੇਲੂ ਬਾਜ਼ਾਰ ਦੇ 0.05 ਪ੍ਰਤਿਸ਼ਤ ਨਾਲ ਹੀ ਨਜਿੱਠਦਾ ਹੈ।

ਜੇ ਇਹ ਸੱਚ ਹੈ ਤਾਂ ਅਸੰਗਠਿਤ ਖੇਤਰ ਨੂੰ ਨਿਯਮਨ ਢਾਂਚੇ ਦੇ ਦਾਇਰੇ ਵਿਚ ਲਿਆਉਣਾ ਸਾਡੀ ਸੈਰ-ਸਪਾਟਾ ਪ੍ਰਕਿਰਿਆ ਦਾ ਇਕ ਅਹਿਮ ਅੰਗ ਹੋਣਾ ਚਾਹੀਦਾ ਹੈ।

ਜੇ ਅਸੀਂ ਵੇਖੀਏ ਕਿ ਦੂਜੇ ਦੇਸ਼ ਆਪਣੇ ਸੈਰ-ਸਪਾਟਾ ਦੇ ਅੰਕੜੇ ਕਿਸ ਤਰੀਕੇ ਨਾਲ ਪੇਸ਼ ਕਰਦੇ ਹਨ ਤਾਂ ਸਾਨੂੰ ਹਾਲੇ ਬਹੁਤ ਲੰਮਾ ਪੈਂਡਾ ਤੈਅ ਕਰਨ ਦੀ ਲੋੜ ਹੈ। ਭਾਵੇਂ ਕਿ ਅੰਤਰਰਾਸ਼ਟਰੀ ਸੈਰ-ਸਪਾਟਾ ਅੰਕੜੇ ਇਕੱਤਰ ਕਰਨ ਵਿਚ ਜਾਇਜ਼ ਸੁਧਾਰ ਹੋਇਆ ਹੈ। ਅਸੀਂ ਯਾਤਰੀਆਂ ਦੀ ਯਾਤਰਾ ਦੇ ਵੱਖ-ਵੱਖ ਪੜਾਵਾਂ 'ਤੇ ਕਾਫ਼ੀ ਜਾਣਕਾਰੀ ਇਕੱਠੀ ਕਰਦੇ ਹਾਂ, ਪਰ ਇਹ ਸਮੁੱਚਿਤ ਨਹੀਂ ਹੁੰਦੀ ਜਿਸ ਨਾਲ ਇਸ ਖੇਤਰ ਦੀ ਸਥਿਤੀ ਦਾ ਸਹੀ ਮੁੱਲੰਕਣ ਕੀਤਾ ਜਾ ਸਕੇ। ਅਸੀਂ ਜ਼ਾਹਰ ਕਰਨ ਤੋਂ ਜ਼ਿਆਦਾ ਛੁਪਾਉਂਦੇ ਹਾਂ। ਭਾਰਤੀ ਪੁਰਾਤੱਤਵ ਵਿਭਾਗ ਤਹਿਤ ਆਉਂਦੇ 120 ਦੇ ਲਗਭਗ ਸਮਾਰਕ ਜਿਨ੍ਹਾਂ ਨੂੰ ਵੇਖਣ ਲਈ ਟਿਕਟ ਲਗਦੀ ਹੈ, ਇਥੇ 3 ਮਿਲੀਅਨ ਦੇ ਲਗਭਗ ਅੰਤਰਰਾਸ਼ਟਰੀ ਅਤੇ 46 ਮਿਲੀਅਨ ਦੇ ਆਸਪਾਸ ਘਰੇਲੂ ਯਾਤਰੂ ਆਉਂਦੇ ਹਨ (2012 ਦੇ ਅੰਕੜੇ)। ਵਿਦੇਸ਼ੀ ਯਾਤਰੀਆਂ ਵਲੋਂ ਸਭ ਤੋਂ ਵੱਧ ਵੇਖੇ ਜਾਣ ਵਾਲੇ 10 ਸਮਾਰਕਾਂ ਵਿਚੋਂ 7 ਆਗਰਾ ਅਤੇ ਦਿੱਲੀ ਵਿਚ ਹਨ ਜਿਥੇ ਟਿਕਟਾਂ ਦੀ ਕੁੱਲ ਵਿਕਰੀ ਦਾ 65 ਪ੍ਰਤਿਸ਼ਤ ਹੁੰਦਾ ਹੈ। ਇਹ ਮੰਨਣਾ ਸਹਿਜ ਹੋਵੇਗਾ ਕਿ ਪਹਿਲੀ ਵਾਰ ਦਿੱਲੀ ਅਤੇ ਆਗਰਾ ਜਾਣ ਵਾਲਾ ਯਾਤਰੀ ਇਨ੍ਹਾਂ 7 ਵਿਚੋਂ ਘੱਟੋ-ਘੱਟ 5 ਸਮਾਰਕਾਂ 'ਤੇ ਜਾਣਾ ਜ਼ਰੂਰ ਪਸੰਦ ਕਰੇਗਾ। ਜੇ ਅਸੀਂ ਤਾਜ ਮਹਿਲ ਦੇ ਅੰਕੜਿਆਂ ਦਾ ਇਸਤੇਮਾਲ ਕਰੀਏ, ਤਾਂ ਨਿਚੋੜ ਇਹ ਨਿਕਲੇਗਾ ਕਿ ਅੰਤਰਰਾਸ਼ਟਰੀ ਆਮਦੋ ਰਫਤ ਵਿਚੋਂ ਅੱਧੇ ਮਿਲੀਅਨ ਤੋਂ ਵੀ ਘੱਟ, ਘੱਟ ਤੋਂ ਘੱਟ ਇਕ ਸਮਾਰਕ 'ਤੇ ਜ਼ਰੂਰ ਜਾਣਗੇ। ਮੌਜ ਮਸਤੀ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਦੀ ਦਿੱਲੀ ਤੋਂ ਆਗਰਾ ਜਾਣ ਵਾਲਿਆਂ ਦੀ ਸੰਖਿਆ 0.4 ਮਿਲੀਅਨ ਤੋਂ ਵੱਧ ਨਹੀਂ, ਹੋਰ 0.3 ਮਿਲੀਅਨ ਆਗਰਾ ਸਿਰਫ਼ ਵਪਾਰਕ ਫੇਰੀ ਵਾਸਤੇ ਹੀ ਜਾਂਦੇ ਹਨ। ਸੋ, ਜੇ ਸਾਡਾ ਮਿਆਰ/ਮੰਤਰ ਉਸਾਰੇ ਹੋਏ ਵਿਰਾਸਤੀ ਸਮਾਰਕ ਹੀ ਹਨ ਤਾਂ ਆਮਦੋ ਰਫਤ ਏਨੀ ਘੱਟ ਕਿਉਂ ਹੈ? ਸਾਨੂੰ ਮਿਲਣ ਵਾਲੇ ਠੋਸ ਜਵਾਬ ਵਿਚ ਹੋਵੇਗਾ ਕਿ ਵਿਆਖਿਆ ਬਹੁਤ ਘਿਸੀ-ਪਿਟੀ ਹੈ, ਖਾਣਾ, ਖਰੀਦਾਰੀ, ਮਨਪ੍ਰਚਾਵਾ ਅਤੇ ਵਿਰਾਸਤੀ ਥਾਵਾਂ 'ਤੇ ਭਾਗੀਦਾਰੀ ਵਾਲੀਆਂ ਸਰਗਰਮੀਆਂ ਦਾ ਅਨੰਦ ਮਾਣਨ ਲਈ ਵਾਧੂ ਪੈਸਾ ਖਰਚ ਕਰਨ ਦੀਆਂ ਸਹੂਲਤਾਂ ਨਦਾਰਦ ਹਨ। ਸਾਡੇ ਕੋਲ ਕੁਝ ਸਰਵੋਤਮ ਗਾਈਡ ਹਨ ਪਰ ਉਨ੍ਹਾਂ ਵਿਚੋਂ ਜ਼ਿਆਦਾਤਰ, ਖ਼ਾਸ ਕਰਕੇ ਦਿੱਲੀ ਅਤੇ ਆਗਰਾ ਵਿਚ ਖਰੀਦਾਰੀ ਦੇ ਕਮਿਸ਼ਨ 'ਤੇ ਨਿਰਭਰ ਕਰਦੇ ਹਨ। ਸਿੱਟੇ ਵਜੋਂ ਯਾਤਰੀਆਂ ਨੂੰ ਬਹੁਤ ਮਾੜਾ ਤਜਰਬਾ ਹੁੰਦਾ ਹੈ।ਭਾਰਤੀ ਪੁਰਾਤੱਤਵ ਵਿਭਾਗ ਇਕ ਨਿਯਮਕ ਦਾ ਕੰਮ ਕਰਦਾ ਹੈ ਜੋ ਸੌ ਸਾਲ ਤੋਂ ਵੱਧ ਪਹਿਲਾਂ ਸਥਾਪਤ ਦਿਸ਼ਾ ਨਿਰਦੇਸ਼ਾਂ ਤਹਿਤ ਕੰਮ ਕਰਦਾ ਹੈ। ਜਿਸ ਦਾ ਝੁਕਾਅ ਬਨਾਉਟੀ ਹਰੇ ਮੈਦਾਨਾਂ ਲਈ ਵਲਗਣ ਕਰਨ ਵੱਲ ਹੈ, ਬਿਨਾਂ ਉਸ ਦੀਆਂ ਵਿਸ਼ੇਸ਼ਤਾਵਾਂ ਜਾਣਿਆਂ। ਕੀ ਤਕਨੀਕ ਦੀ ਖੋਜ ਨਾਲ ਵਿਆਖਿਆ ਵਿਚ ਸੁਧਾਰ ਹੋਇਆ ਹੈ? ਦਿੱਲੀ ਦਾ ਰਾਸ਼ਟਰੀ ਅਜਾਇਬਘਰ ਅਤੇ ਜੋਧਪੁਰ ਦਾ ਮਹਿਰਾਨਗੜ੍ਹ ਕਿਲਾ ਵਿਰਲੇ ਹਨ ਜੋ ਦੂਜਿਆਂ ਲਈ ਪ੍ਰੇਰਨਾ ਸਰੋਤ ਨਹੀਂ ਬਣ ਸਕੇ।

ਜੇ ਭਾਰਤ ਦੇ ਇਕ ਔਸਤ ਨਾਗਰਿਕ ਨੂੰ ਪੁੱਛਿਆ ਜਾਵੇ ਕਿ ਉਹ ਆਪਣੇ ਸ਼ਹਿਰ ਦੇ ਅਜਾਇਬਘਰ ਵਿਚ ਆਖਰੀ ਵਾਰ ਕਦੋਂ ਗਏ ਸਨ, ਸੰਭਵ ਹੈ ਕਿ ਜਵਾਬ ਹੋਵੇਗਾ 'ਸਕੂਲ ਤੋਂ ਬਾਅਦ ਨਹੀਂ, ਜਾਂ ਜਦੋਂ ਉਹ ਕਿਸੇ ਯਾਤਰੀ ਨਾਲ ਗਏ ਸਨ।' ਤਾਂ ਵੀ, ਦਿੱਲੀ ਦਾ ਅਕਸ਼ਰਧਾਮ ਮੰਦਰ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸੁਚੱਜੇ ਯਾਤਰੀ ਪ੍ਰਬੰਧਨ ਨਾਲ ਦਿੱਲੀ ਦੇ ਨਾਗਰਿਕਾਂ ਦਾ ਧਿਆਨ ਆਕਰਸ਼ਿਤ ਕੀਤਾ ਜਾ ਸਕਦਾ ਹੈ।

ਬਜਟ ਵੰਡ ਦਾ ਇਕ ਵੱਡਾ ਹਿੱਸਾ ਇਸ਼ਤਿਹਾਰਬਾਜ਼ੀ ਤੇ ਪ੍ਰਚਾਰ 'ਤੇ ਖਰਚ ਕੀਤਾ ਜਾਂਦਾ ਹੈ ਜਿਸ ਵਿਚ ਅੰਤਰਰਾਸ਼ਟਰੀ ਯਾਤਰਾ ਕੇਂਦਰਾਂ ਵਿਚ ਸ਼ਮੂਲੀਅਤ ਕਰਨਾ ਅਤੇ ਸਰੋਤ ਬਾਜ਼ਾਰਾਂ ਵਿਚ ਦਫ਼ਤਰ ਬਣਾਉਣਾ ਸ਼ਾਮਿਲ ਹੈ। ਕੀ ਸਾਡੇ ਕੋਲ ਇਸ ਚੀਜ਼ ਨੂੰ ਤੋਲਣ ਦਾ ਪੈਮਾਨਾ ਹੈ ਕਿ ਕੀ ਸਾਡੇ ਪੈਸੇ ਦਾ ਸਹੀ ਮੁੱਲ ਮੁੜ ਰਿਹਾ ਹੈ? ਕਿਸੇ ਯਾਤਰਾ ਬਾਜ਼ਾਰ 'ਤੇ ਜਾਣ ਤੋਂ ਪਹਿਲਾਂ ਤਿਆਰੀ ਕਰਨ ਦਾ ਕੰਮ ਨਾਕਾਫ਼ੀ ਹੈ ਅਤੇ ਕੋਈ ਪ੍ਰਮੁੱਖ ਸਾਜ਼-ਸਾਮਾਨ ਨਹੀਂ ਹਨ ਜਿਸ ਦਾ ਸਿੱਟਾ ਵਡੇਰੇ ਜਨ ਸੰਪਰਕ ਵਿਚ ਨਿਕਲ ਸਕੇ। ਹਰੇਕ ਸਰੋਤ ਬਾਜ਼ਾਰ 'ਚ ਕਿੰਨੇ ਸੈਰ-ਸਪਾਟਾ ਕਰਾਉਣ ਵਾਲੇ ਭਾਰਤ ਬਾਰੇ ਛਪਿਆ ਹੋਇਆ ਯਾਤਰਾ ਬਿਓਰਾ ਪੇਸ਼ ਕਰਦੇ ਹਨ? ਤੈਅਸ਼ੁਦਾ ਉਡਾਨਾਂ ਦੀ ਸੰਖਿਆ? ਸਮੂਹ ਦਾ ਆਕਾਰ? ਯਾਤਰਾ ਬਿਓਰੇ ਦੀ ਸੰਖਿਆ ਵਿਚ ਵਾਧਾ?

ਅਸੀਂ ਟੈਲੀਵੀਜ਼ਨ ਪ੍ਰਚਾਰ ਵਿਚ ਕਿਸ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ? ਕੀ ਇਹ ਬਜਟ ਵੰਡਾਰੇ ਨੂੰ ਖਰਚ ਕਰਨ ਦਾ ਇਕ ਸੌਖਾ ਸਾਧਨ ਹੈ? ਪੁੱਛ-ਗਿੱਛ ਵਿਚ ਕਿੰਨਾ ਵਾਧਾ ਹੋਇਆ? ਇਨ੍ਹਾਂ ਵਿਚੋਂ ਕਿੰਨੀਆਂ ਵਪਾਰ ਵਿਚ ਤਬਦੀਲ ਹੋਈਆਂ?

ਸਾਡੀਆਂ ਵੈੱਬਸਾਈਟਾਂ ਕਿੰਨੀਆਂ ਚੰਗੀਆਂ ਹਨ ਅਤੇ ਕੀ ਬੁਕਿੰਗ ਸਹੂਲਤ ਦਾ ਨਿਰੰਤਰ ਸੰਪਰਕ ਉਪਲਬਧ ਹੈ? ਸਾਡੇ ਸੋਸ਼ਲ ਮੀਡੀਆ ਭਾਈਵਾਲਾਂ ਨੂੰ ਪ੍ਰਾਹੁਣਚਾਰੀ ਦੇਣਾ ਬਲਾਗ ਲਿਖਣ ਵਾਲਿਆਂ ਤਕ ਪੁੱਜਿਆ ਹੈ? ਥਾਈਲੈਂਡ ਵਿਚ ਟੀ ਬੀ ਈ ਐਕਸ ਕਾਨਫਰੰਸ ਯਾਤਰਾ ਬਲਾਗ ਲਿਖਣ ਵਾਲਿਆਂ ਦੀ ਮੇਜ਼ਬਾਨੀ ਕਰੇਗੀ – ਇਹ ਦਰਸਾਉਂਦਾ ਹੈ ਕਿ ਸਾਡੇ ਮੁਕਾਬਲੇਬਾਜ਼ ਸਮੇਂ ਦੇ ਨਾਲ ਬਦਲ ਰਹੇ ਹਨ। ਕੀ ਅਸੀਂ ਸਰੋਤ ਬਾਜ਼ਾਰਾਂ ਅਤੇ ਇਨ੍ਹਾਂ ਵਿਚਲੇ ਖੰਡਾਂ ਬਾਰੇ ਜ਼ਿਆਦਾ ਕੁੱਝ ਜਾਣਦੇ ਹਾਂ ਅਤੇ ਕੀ ਸਾਡੀਆਂ ਕੋਸ਼ਿਸ਼ਾਂ ਵਪਾਰਕ ਅਤੇ ਗ਼ੈਰ-ਸੈਰ-ਸਪਾਟਾ ਭਾਈਵਾਲਾਂ ਨਾਲ ਭਿਆਲੀ ਪਾ ਕੇ ਇਨ੍ਹਾਂ ਖੰਡਾਂ ਵੱਲ ਸੇਧਿਤ ਹਨ? ਸੰਖਿਆ, ਯਾਤਰਾ ਦਾ ਸਾਧਨ, ਸਥਾਨਕ ਰੁਜ਼ਗਾਰ ਅਤੇ ਦੂਜੇ ਅਹਿਮ ਅੰਗਾਂ ਦੇ ਮਾਮਲੇ ਵਿਚ ਕੇਰਲ ਅਤੇ ਗੋਆ ਵਿਚਾਲੇ ਫਰਕ ਚੇਤੰਨ ਆਜ਼ਾਦ ਯਾਤਰੀ ਨੂੰ ਸੰਤੁਸ਼ਟ ਕਰਨ ਦੀ ਲੋੜ ਵੱਲ ਵੱਡਾ ਠੋਸ ਸਬੂਤ ਹੈ ਬਜਾਇ ਕਿ ਤੱਟੀ ਸੈਰ-ਸਪਾਟੇ ਲਈ ਆਮਦੋ ਰਫਤ 'ਤੇ ਹੀ ਨਿਰਭਰ ਕੀਤਾ ਜਾਵੇ। ਗੋਆ ਦੀ ਸਥਾਨਕ ਵਸੋਂ ਵਿਚ ਪੂੰਜੀ ਮੁਖੀ ਹੋਟਲ ਵਿਕਸਤ ਕਰਨ ਬਾਰੇ ਨਰਾਜ਼ਗੀ ਨੂੰ ਸੀਜ਼ਨ ਦੇ ਸਿਖਰ ਵਿਚ ਝੁੱਗੀਆਂ ਪਾਉਣ ਦੀ ਆਗਿਆ ਦੇ ਕੇ ਠੰਢਾ ਕੀਤਾ ਗਿਆ। ਪਰ ਇਸ

ਨੇ ਗੋਆ ਨੂੰ ਇਕ ਸਸਤਾ ਯਾਤਰਾ ਸਥਾਨ ਬਣਾ ਦਿਤਾ ਹੈ ਅਤੇ ਜੁਰਮ, ਨਸ਼ੇ ਅਤੇ ਵੇਸਵਾਗਮਨੀ ਵਿਚ ਵਾਧੇ ਨਾਲ ਸੈਰ-ਸਪਾਟਾ ਸੱਨਅਤ ਦੇ ਨਾਂਹ ਪੱਖੀ ਪ੍ਰਭਾਵ ਨੂੰ ਵਧਾਇਆ ਹੈ। ਵਿਸ਼ਾਲ ਭਾਰਤ ਯਾਤਰਾ ਬਿਓਰੋ ਦੇ ਸੰਦਰਭ ਵਿਚ ਕੇਰਲ ਦਾ ਦੋ ਦਿਨਾਂ ਤੋਂ ਨਿਕਲ ਕੇ ਰਾਜ ਅੰਦਰ ਸੰਮਿਲਤ ਯਾਤਰਾ ਵਿਚ ਬਦਲਨਾ ਅਤੇ ਆਮਦੋ ਰਫਤ ਦਾ ਵਿਸਤਾਰ ਇਸ ਗੱਲ ਦੀ ਸ਼ਾਨਦਾਰ ਮਿਸਾਲ ਹੈ ਕਿ ਖੇਤਰੀ ਵਿਸਤਾਰ ਅਤੇ ਮੌਸਮੀ ਵਿਸਤਾਰ ਦੇ ਮੁੱਦਿਆਂ ਨਾਲ ਕਿਵੇਂ ਨਜਿੱਠਿਆ ਜਾਂਦਾ ਹੈ। ਕੇਰਲ ਦਾ ਯਾਤਰਾ ਬਾਜ਼ਾਰ ਇਸ਼ਤਿਹਾਰਬਾਜ਼ੀ ਸਰਗਰਮੀ ਲਈ ਭਾਈਵਾਲੀ ਦੀ ਇਕ ਵਧੀਆ ਉਦਾਹਰਣ ਹੈ ਜਿਸ ਦਾ ਮੰਤਵ ਸਮੁੰਦਰੋਂ ਪਾਰਲੇ ਵਪਾਰਕ ਭਾਈਵਾਲਾਂ ਨੂੰ ਪ੍ਰਭਾਵਿਤ ਕਰਨਾ ਹੈ। ਮੀਡੀਆ ਵਿਚ 'ਮਾਨਸੂਨ ਦਾ ਪਿੱਛਾ ਕਰਨ' ਦਾ ਉੱਦਮ ਜੋ ਖਾਲੀ ਮੌਸਮ ਵਿਚ ਸੈਰ-ਸਪਾਟਾ ਨੂੰ ਉਤਸ਼ਾਹਿਤ ਕਰਨ ਲਈ ਬਣਾਇਆ ਗਿਆ ਸੀ, ਇਕ ਵਧੀਆ ਕਦਮ ਹੈ।

ਜੇ ਚੀਨ ਨੰਬਰ ਇਕ ਸਰੋਤ ਬਾਜ਼ਾਰ ਵਜੋਂ ਉੱਭਰ ਕੇ ਸਾਹਮਣੇ ਆ ਰਿਹਾ ਹੈ, ਤਾਂ ਇਸ ਬਾਜ਼ਾਰ ਵਿਚ ਹਿੱਸੇਦਾਰੀ ਪ੍ਰਾਪਤ ਕਰਨ ਲਈ ਕਿਹੜੇ ਖ਼ਾਸ ਕਦਮ ਉਠਾਏ ਹਨ? ਇੰਟਰਵੀਊ: ਡਿਸਕਵਰ ਲਾਸ ਏਂਜਲਸ ਦੇ ਸੀ ਟੀ ਓ ਦੀਆਂ ਦੇਸ਼ ਅਤੇ ਵਿਦੇਸ਼ ਵਿਚ ਸਫਲਤਾ ਲਈ ਰਣਨੀਤੀਆਂ ਅਤੇ http://www.news /sri-lanka/item/6860-sri-lanka-tourism-strategy-china-2015 ਦਰਸਾਉਂਦੀ ਹੈ ਕਿ ਦੂਸਰੇ ਕਿਵੇਂ ਇਕ ਕੇਂਦਰਿਤ/ਸੇਧਿਤ ਪਹੁੰਚ ਲੈ ਕੇ ਚੱਲ ਰਹੇ ਹਨ। ਅਸਲ ਵਿਚ, ਸ੍ਰੀਲੰਕਾ ਕੋਲ ਰਾਮਾਇਣ ਕਾਲ ਦੇ ਪੁਰਾਤੱਤਵ ਸਥਾਨਾਂ ਨੂੰ ਉੰਨਤ ਕਰਨ ਲਈ ਇਕ ਸਪੱਸ਼ਟ ਯੋਜਨਾ ਹੈ ਜੋ ਸਾਡੇ ਪ੍ਰਧਾਨ ਮੰਤਰੀ ਦੇ ਹਾਲੀਆ ਦੌਰੇ ਦੌਰਾਨ ਐਲਾਨੀ ਗਈ। ਸਾਡੀ ਯੋਜਨਾਬੰਦੀ ਉਤਪਾਦ ਆਧਾਰਿਤ ਹੈ ਨਾ ਕਿ ਬਾਜ਼ਾਰ ਆਧਾਰਿਤ।

ਪਿਛਲੇ ਕੁਝ ਸਾਲਾਂ ਵਿਚ ਭਾਰਤ ਅੰਦਰ ਸੁਰੱਖਿਆ ਸੰਬੰਧੀ ਧਾਰਨਾਵਾਂ ਵਿਚ ਨਿਘਾਰ ਆਇਆ ਹੈ। ਜਿਸ ਦਾ ਸਿੱਟਾ ਦਿੱਲੀ ਅਤੇ ਆਸ ਪਾਸ ਦੇ ਖੇਤਰਾਂ ਵਿਚ ਮੌਜ ਮਸਤੀ ਕਰਨ ਆਉਣ ਵਾਲੇ ਯਾਤਰੀਆਂ ਦੀ ਸੰਖਿਆ ਵਿਚ ਵੱਡੀ ਗਿਰਾਵਟ ਦੇ ਰੂਪ ਵਿਚ ਨਿਕਲਿਆ ਹੈ। ਸਾਫ਼-ਸਫ਼ਾਈ ਅਤੇ ਸਵੱਛਤਾ ਬਾਰੇ ਸਰੋਕਾਰ ਹਨ ਅਤੇ 12ਵੀਂ ਯੋਜਨਾ ਦੇ ਦਸਤਾਵੇਜ਼ ਵਿਚ ਵੀ ਇਨ੍ਹਾਂ ਦੇ ਹੱਲ ਦੀ ਲੋੜ 'ਤੇ ਜ਼ੋਰ ਦਿਤਾ ਗਿਆ ਹੈ। ਫੁਆਡ ਲੋਹਖੰਡਵਾਲਾ ਦੀਆਂ, ਸ਼ਹਿਰ ਮਿਊਂਸੀਪਲ ਵਿਭਾਗਾਂ ਨਾਲ ਮਿਲ ਕੇ ਕੀਤੀਆਂ ਅਣਥੱਕ ਕੋਸ਼ਿਸ਼ਾਂ ਨਾਲ ਦਿੱਲੀ ਵਿਚ ਜਨਤਕ ਪਖ਼ਾਨਿਆਂ ਦਾ ਪੱਧਰ ਉੱਚਾ ਚੁੱਕਣ ਲਈ ਉੱਦਮ ਦੀ ਇਕ ਸ਼ਾਨਦਾਰ ਮਿਸਾਲ ਸਾਹਮਣੇ ਹੈ। ਜਦ ਕਿ ਆਮਿਰ ਖ਼ਾਨ ਰਾਹੀਂ ਯਾਤਰੀਆਂ ਦੇ ਵਿਹਾਰ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਟੈਲੀਵੀਜ਼ਨ ਮੁਹਿੰਮ ਪ੍ਰਭਾਵੀ ਰਹੀ ਹੈ। ਇਸ ਦੇ ਅਮਲ ਵਿਵਹਾਰ ਵਿਚ ਵੱਡੇ ਵਾਧੇ ਦੀ ਅਪਾਰ ਗੁੰਜਾਇਸ਼ ਹੈ, ਅਜਿਹਾ ਸੋਸ਼ਲ ਮੀਡੀਆ 'ਤੇ ਸੰਬੰਧ ਬਣਾ ਕੇ ਹੀ ਕੀਤਾ ਜਾ ਸਕਦਾ ਹੈ।

ਸਾਡੀ ਪੂਰਤੀ ਲੜੀ ਏਕੀਕਰਨ ਨੂੰ ਵੀ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਖੇਤੀਬਾੜੀ ਖੇਤਰ ਨੂੰ ਸੈਰ-ਸਪਾਟੇ ਦੇ ਫ਼ਾਇਦਿਆਂ ਬਾਰੇ ਜਾਣੂ ਕਰਵਾਇਆ ਜਾ ਸਕੇ। ਅਜਿਹਾ ਕੇਰਲ ਵਿਚ ਕੁਦੁੰਮਬਸ਼੍ਰੀ ਉੱਦਮ ਨਾਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਰੋਜ਼ਰ ਲੈਂਗਬਰ ਦੇ ਫਰੈਂਚ ਫਾਰਮ, ਸੁਰਿੰਦਰ ਭੂ ਦੇ ਫਲੈਂਡਰਜ਼ ਦੁਕਾਨਦਾਰੀ ਦੀਆਂ ਵਧੀਆ ਮਿਸਾਲਾਂ ਹਨ ਪਰ ਇਨ੍ਹਾਂ ਦਾ ਹੋਰ ਵਿਸਤਾਰ ਕਰਨ ਦੀ ਲੋੜ ਹੈ। ਸੈਰ-ਸਪਾਟਾ ਦਾ ਫ਼ਾਇਦਾ ਹੈ ਕਿ ਇਹ ਨਾਜ਼ਕ, ਦੂਰ-ਦੁਰਾਡੇ, ਕਮਜ਼ੋਰ ਬੁਨਿਆਦੀ ਢਾਂਚੇ ਵਾਲੇ ਖੇਤਰਾਂ ਵਿਚ ਆਰਥਿਕ ਸਰਗਰਮੀ ਪੈਦਾ ਕਰ ਸਕਦਾ ਹੈ ਅਤੇ ਵੱਖ-ਵੱਖ ਹੁਨਰਮੰਦ ਲੋਕਾਂ ਲਈ ਸਥਾਨਕ ਪੱਧਰ 'ਤੇ ਰੁਜ਼ਗਾਰ ਪੈਦਾ ਕਰ ਸਕਦਾ ਹੈ। ਇਸ ਬਾਰੇ ਵੀ 12ਵੀਂ ਯੋਜਨਾ ਦੇ ਦਸਤਾਵੇਜ਼ ਵਿਚ ਵਿਸਤਾਰ ਨਾਲ ਜ਼ਿਕਰ ਹੈ ਜਿਸ ਵਿਚ ਸੰਸਥਾਗਤ ਪੱਧਰ 'ਤੇ ਹੁਨਰ ਦੇ ਵਿਕਾਸ ਦੀਆਂ ਸਹੂਲਤਾਂ ਸ਼ਾਮਿਲ ਹਨ। 'ਹੁਨਰ ਸੇ ਰੁਜ਼ਗਾਰ' ਸਕੀਮ ਤਹਿਤ ਗਰਾਂਟਾਂ ਉਪਲਬਧ ਕਰਵਾਈਆਂ ਗਈਆਂ ਹਨ ਅਤੇ ਇਸ ਨੂੰ ਵੱਡੇ ਪੱਧਰ ਤੇ ਸ਼ੁਰੂ ਕਰਨਾ ਖੇਤੀਬਾੜੀ ਆਮਦਨ ਵਿਚ ਵਾਧੇ ਲਈ ਇਕ ਵਰਦਾਨ ਹੋਵੇਗਾ। ਸੈਰ-ਸਪਾਟਾ ਮੰਤਰਾਲਾ ਵਲੋਂ ਯੂ ਐੱਨ ਡੀ ਪੀ ਤਹਿਤ ਇਕ ਪ੍ਰੋਗਰਾਮ ਜ਼ਰੂਰ ਸ਼ੁਰੂ ਕੀਤਾ ਗਿਆ ਹੈ ਜੋ 39 ਪੇਂਡੂ ਥਾਵਾਂ 'ਤੇ ਹੈ ਪਰ ਇਨ੍ਹਾਂ ਵਿਚੋਂ 15 ਪ੍ਰਤਿਸ਼ਤ ਤੋਂ ਵੀ ਘੱਟ, ਗਰਾਂਟਾਂ ਖਤਮ ਹੋਣ ਉਪਰੰਤ, ਚਾਲੂ ਰਹਿਣ ਦੇ ਕਾਬਲ ਸਾਬਤ ਹੋਏ ਹਨ।

ਸੈਰ-ਸਪਾਟਾ ਤਕੜੀ ਮੁਕਾਬਲੇਬਾਜ਼ੀ ਵਾਲਾ ਵਪਾਰ ਹੈ। ਸੈਰ-ਸਪਾਟਾ ਨੂੰ ਗਰੀਬੀ ਦੇ ਸਮੁੰਦਰ ਵਿਚ ਵਿਲਾਸਤਾ ਦਾ ਟਾਪੂ ਸਮਝਿਆ ਜਾਂਦਾ ਹੈ ਜਿਸ ਨਾਲ ਹਰੇਕ ਪੱਧਰ 'ਤੇ ਉੱਚੇ ਕਰ ਲਾਏ ਗਏ ਹਨ ਅਤੇ ਅਲਪਕਾਲ ਵਿਚ ਇਹ ਤਰਕਸੰਗਤ ਨਹੀਂ ਹੋਇਆ। ਉਦਾਹਰਣ ਵਜੋਂ, ਸਿੱਧਾ ਮਨੋਰੰਜਨ ਪ੍ਰਦਾਨ ਕਰਨ ਵਾਲੇ ਪੰਜ ਤਾਰਾ ਹੋਟਲ ਵਿਚ ਖਾਣੇ 'ਤੇ ਲਾਏ ਜਾਣ ਵਾਲੇ ਕਰ ਆਦਿ ਲਗਭਗ 40 ਪ੍ਰਤਿਸ਼ਤ ਹਨ ਜਿਸ ਵਿਚ ਊਰਜਾ, ਪਾਣੀ, ਰਹਿੰਦ-ਖੂਹੰਦ ਪ੍ਰਬੰਧਨ ਆਦਿ ਦੇ ਲਾਭ ਸ਼ਾਮਿਲ ਨਹੀਂ ਹਨ। ਇਸੇ ਤਰ੍ਹਾਂ ਹੀ, ਯਾਤਰੀ ਗੱਡੀਆਂ 'ਤੇ ਉੱਚ ਅੰਤਰਰਾਜ ਕਰਾਂ ਦੇ ਬਾਵਜੂਦ ਰਾਸ਼ਟਰੀ ਰਾਜਮਾਰਗਾਂ 'ਤੇ ਦਿਤੀਆਂ ਜਾਣ ਵਾਲੀਆਂ ਸਹੂਲਤਾਂ ਢੁਕਵੀਆਂ ਨਹੀਂ ਹਨ। ਜਾਪਾਨੀ ਔਰਤਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਭਾਰਤ ਯਾਤਰਾ ਸਮੇਂ ਉਹ ਜ਼ਿਆਦਾ ਪਾਣੀ ਨਾ ਪੀਣ ਅਤੇ ਪਾਣੀ ਦੀ ਕਮੀ ਨੂੰ ਬਰਦਾਸ਼ਤ ਕਰ ਲੈਣ ਬਜਾਇ ਕਿ ਜਨਤਕ ਪਖ਼ਾਨੇ ਦੇ ਇਸਤੇਮਾਲ ਦੇ।

ਨਵੇਂ ਉੱਭਰ ਰਹੇ ਯਾਤਰੀਆਂ ਦੀਆਂ ਆਸ਼ਾਵਾਂ ਪੂਰੀਆਂ ਕਰਨ ਅਤੇ ਇਸ ਸਚਾਈ ਦੇ ਮੱਦੇਨਜ਼ਰ ਕਿ ਬਾਹਰਮੁਖੀ ਬਾਜ਼ਾਰ ਵਧ ਰਹੇ ਹਨ, ਮਾਨਕਾਂ ਵਿਚ ਮਿਸਾਲੀ ਬਦਲਾਅ ਦੀ ਲੋੜ ਹੈ ਕਿਉਂਕਿ ਸ਼ਹਿਰਾਂ ਵਿਚ ਵਸਣ ਵਾਲੇ ਭਾਰਤੀ ਭਾਰਤ ਅੰਦਰ ਯਾਤਰਾ ਕਰਨ ਸਮੇਂ ਅੰਤਰਰਾਸ਼ਟਰੀ ਪੱਧਰ ਦੇ ਸਥਾਨਾਂ 'ਤੇ ਜਾਣ ਨੂੰ ਤਰਜੀਹ ਦਿੰਦੇ ਹਨ। ਹੁਨਰ ਦਾ ਵਿਕਾਸ, ਸਮਰਥਾ ਦਾ ਵਿਕਾਸ ਅਤੇ ਗੁਣਵੱਤਾ ਦੇ ਪ੍ਰੋਗਰਾਮ ਵੀ ਉਨੇ ਹੀ ਅਹਿਮ ਹਨ ਜਿੰਨਾ ਪ੍ਰਸੰਗਿਕ ਬੁਨਿਆਦੀ ਢਾਂਚਾ ਹੈ। ਬੁਨਿਆਦੀ ਢਾਂਚੇ ਨੂੰ ਇਕ ਸਵੀਕਾਰ ਕਰਨ ਯੋਗ ਪੱਧਰ ਦੇਣ ਦੀ ਨਜ਼ਰ ਤੋਂ ਦੇਖਣਾ ਬਣਦਾ ਹੈ ਬਜਾਇ ਕਿ 'ਵਿਸ਼ਵ ਪੱਧਰ' ਦੇ ਕਾਲਪਨਿਕ ਵਰਗ ਵਜੋਂ।

ਸਥਾਨਕ ਅਤੇ ਵਿਦੇਸ਼ੀ ਉੱਦਮੀਆਂ ਨੂੰ ਆਕਰਸ਼ਿਤ ਕਰਨ ਲਈ ਨਿਵੇਸ਼ ਵਾਤਾਵਰਨ ਵਿਚ ਵੀ ਸੁਧਾਰ ਦੀ ਗੁੰਜਾਇਸ਼ ਹੈ। ਵਰਤਮਾਨ ਸਮੇਂ ਪ੍ਰਮੁੱਖ ਸ਼ਹਿਰਾਂ ਅੰਦਰ ਆਈ ਟੀ ਝੁਕਾਅ ਰੱਖਣ ਵਾਲੇ ਵਪਾਰਕ ਹੋਟਲਾਂ ਵਿਚ ਹੀ ਦਿਲਚਸਪੀ ਹੈ। ਭੋਇੰ ਬੈਂਕ ਜੋ ਉਪਲਬਧ ਕਰਵਾਏ ਗਏ ਹਨ, ਉਹ ਬਿਖਰੇ ਹੋਏ ਹਨ। ਸਭ ਤੋਂ ਵੱਧ ਯੋਜਨਾਬੰਦੀ ਵਾਲੇ ਸ਼ਹਿਰ ਸੱਭਿਆਚਾਰ, ਖਾਣਾ, ਹੱਥ-ਕਲਾਵਾਂ ਦਾ ਸੰਗਮ ਕੈਂਪਸ ਵਾਤਾਵਰਨ ਵਿਚ ਸੰਗਠਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਆਮ ਸੇਵਾਵਾਂ ਜਿਵੇਂ ਪਾਰਕਿੰਗ, ਰਹਿੰਦ-ਖੂੰਹਦ ਪ੍ਰਬੰਧਨ, ਬਿਜਲੀ ਦਾ ਬੈਕਅਪ ਅਤੇ ਪੀਣ ਵਾਲੇ ਪਾਣੀ ਦੀ ਉਪਲਬਧਤਾ ਵੀ ਲਾਏ ਜਾਣ ਵਾਲੇ ਕਰਾਂ ਨੂੰ ਜਾਇਜ਼ ਠਹਿਰਾ ਸਕਦੀ ਹੈ। ਇਸ ਨਾਲ ਪੂਰਵ ਵਿਵਹਾਰਕਤਾ ਰਿਪੋਰਟ ਦਾ ਕੰਮ ਵੀ ਅਸਾਨ ਹੋ

ਜਾਵੇਗਾ। ਕਾਨੂੰਨੀ ਲੋੜਾਂ ਪੂਰੀਆਂ ਕਰਨ ਲਈ ਮਨਜ਼ੂਰੀਆਂ ਅਗਾਊਂ ਲਈਆਂ ਜਾ ਸਕਦੀਆਂ ਹਨ। ਇਸ ਨਾਲ ਪ੍ਰਾਜੈਕਟ ਸੰਪੂਰਨ ਹੋਣ ਦੇ ਸਮੇਂ ਵਿਚ 25 ਪ੍ਰਤਿਸ਼ਤ ਕਮੀ ਆ ਸਕਦੀ ਹੈ ਅਤੇ ਵਿਵਹਾਰਕਤਾ ਵਿਚ ਸੁਧਾਰ ਹੋ ਸਕਦਾ ਹੈ।

ਕਿਸੇ ਵੀ ਰਣਨੀਤੀ ਨੂੰ ਲਾਗੂ ਕਰਨ ਲਈ ਢੁਕਵੇਂ ਸੰਸਥਾਗਤ ਢਾਂਚੇ ਦੀ ਲੋੜ ਪੈਂਦੀ ਹੈ। ਬਦਕਿਸਮਤੀ ਨੂੰ ਭਾਰਤ ਵਿਚ ਅਜਿਹਾ ਨਹੀਂ ਹੋਇਆ। ਭਾਵੇਂ ਕਿ ਕੇਂਦਰ ਅਤੇ ਰਾਜਾਂ ਦੇ ਰਿਸ਼ਤਿਆਂ ਦੀ ਸਪੱਸ਼ਟ ਵਿਆਖਿਆ ਹੈ, ਪਰ ਜ਼ਿਲ੍ਹਾ ਪੱਧਰ 'ਤੇ ਢੁਕਵੀਂ ਪਾਰਦਰਸ਼ਤਾ ਨਾਲ ਸੈਰ-ਸਪਾਟਾ ਸਭਾਵਾਂ ਗਠਿਤ ਨਹੀਂ ਕੀਤੀਆਂ ਗਈਆਂ। ਭਾਰਤ ਉਨ੍ਹਾਂ ਕੁਝ ਦੇਸ਼ਾਂ ਵਿਚੋਂ ਇਕ ਹੈ ਜਿਥੇ ਕੋਈ ਕੰਮ ਕਰ ਰਿਹਾ ਢਾਂਚਾ ਨਹੀਂ ਅਤੇ ਪੇਸ਼ਾਵਰਾਂ ਨੂੰ ਠੇਕੇ 'ਤੇ ਭਰਤੀ ਕੀਤਾ ਜਾਂਦਾ ਹੈ। ਨੌਕਰਸ਼ਾਹ ਜੋ ਇਕ ਮੰਤਰਾਲਾ ਤੋਂ ਦੂਜੇ ਮੰਤਰਾਲੇ ਵਿਚ ਬਦਲੀ ਕੀਤੇ ਜਾਂਦੇ ਹਨ, ਸੈਰ-ਸਪਾਟਾ ਨੂੰ ਕਰ ਦੇਣ ਵਾਲਿਆਂ ਦੇ ਖਰਚੇ 'ਤੇ ਦੁਨੀਆਂ ਘੁੰਮਣ ਦਾ ਇਕ ਕਾਰਜਕਾਰੀ ਅਧਿਕਾਰ ਸਮਝਦੇ ਹਨ ਜਿਸ ਵਿਚ ਕੋਈ ਜਵਾਬਦੇਹੀ ਜਾਂ ਜ਼ਿੰਮੇਵਾਰੀ ਨਹੀਂ ਹੁੰਦੀ। ਸੈਰ-ਸਪਾਟਾ ਅੰਤਰ-ਮੰਤਰਾਲਾ ਪੱਧਰ 'ਤੇ ਮਜ਼ਬੂਤ ਤਾਲਮੇਲ ਦੀ ਮੰਗ ਕਰਦਾ ਹੈ ਕਿਉਂਕਿ ਗਾਹਕ ਦਾ ਅਨੁਭਵ ਵੀਜ਼ਾ, ਹਵਾਈ ਯਾਤਰਾ, ਸਿਹਤ ਨਿਯਮਾਂ, ਆਯਾਤ ਪ੍ਰਤਿਬੰਧਾਂ 'ਤੇ ਨਿਰਭਰ ਕਰਦਾ ਹੈ ਜੋ ਗ੍ਰਹਿ, ਸ਼ਹਿਰੀ ਹਵਾਬਾਜ਼ੀ, ਸਿਹਤ, ਵਿੱਤ, ਵਾਤਾਵਰਨ ਅਤੇ ਵਣਜ ਮੰਤਰਾਲਿਆਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ। ਪਹੁੰਚਣ 'ਤੇ ਵੀਜ਼ਾ ਦੇਣਾ ਤਾਲਮੇਲ ਵਾਲੀ ਕੋਸ਼ਿਸ਼ ਦਾ ਇਕ ਸਵਾਗਤਯੋਗ ਪ੍ਰਦਰਸ਼ਨ ਹੈ ਜਿਸ ਵਿਚ ਅਤਿਵਾਦੀਆਂ ਦੀਆਂ ਧਮਕੀਆਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਂਦਾ, ਬਜਾਇ ਕਿ ਯਾਤਰੀਆਂ ਦੇ। ਦਿਲਚਸਪੀ ਵਾਲੀ ਗੱਲ ਹੈ ਜੇ ਤੁਸੀਂ ਟੈਰਿਸਟ ਵਿਚੋਂ ਐਰਰ ਹਟਾ ਕੇ ਅਵਰ ਜੋੜ ਦਿਓ ਤਾਂ ਤੁਹਾਨੂੰ ਯਾਤਰੀ ਮਿਲਣਗੇ। ਕਸ਼ਮੀਰ ਵਿਚ ਅਸੀਂ ਇਸ ਤੋਂ ਉਲਟਾ ਕੀਤਾ ਹੈ ਜਿਸ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਪਿਛਲੇ ਸਮੇਂ ਵਿਚ ਨਵੇਂ-ਨਵੇਂ ਵਿਸ਼ੇ ਬਣਾਉਣ ਦਾ ਰੁਝਾਨ ਦੇਖਣ ਨੂੰ ਮਿਲਿਆ ਹੈ ਜਿਸ ਲਈ ਸਰੋਤ ਬਾਜ਼ਾਰ, ਮੁਕਾਬਲੇਬਾਜ਼ੀ ਵਾਲਾ ਵਾਤਾਵਰਨ, ਅਖੀਰੀ ਖਪਤਕਾਰ ਤਕ ਪਹੁੰਚਣ ਦੀ ਲਾਗਤ ਅਤੇ ਸੰਚਾਰ ਜ਼ਿੰਦਗੀ ਚੱਕਰ ਨਾਲ ਉਨ੍ਹਾਂ ਨੂੰ ਤੋਰਨ ਦੀ ਸਮਰੱਥਾ ਦੀ ਪਿੱਠਭੂਮੀ ਪਛਾਣਨ ਲਈ ਕੰਮ ਨਹੀਂ ਕੀਤਾ ਗਿਆ। ਇਸ ਬਾਜ਼ਾਰੀਕਰਨ ਦਾ ਇਕ ਅਹਿਮ ਅੰਗ ਹੈ ਜਿਸ ਵਾਸਤੇ ਜਾਗਰੂਕਤਾ ਪੈਦਾ ਕਰਨ, ਇੱਛਾ ਅਤੇ ਦਿਲਚਸਪੀ ਪੈਦਾ ਕਰਨ, ਤੁਰੰਤ ਕੰਮ ਅਤੇ ਦੁਬਾਰਾ ਯਾਤਰਾਵਾਂ ਨੂੰ ਉਤਸ਼ਾਹਿਤ ਕਰਨ ਲਈ ਬੇਮਿਸਾਲ ਤਜਰਬਾ ਕਰਨ ਅਤੇ ਯਾਤਰਾ ਸਥਾਨਾਂ ਦੀ ਜ਼ੋਰ ਨਾਲ ਸਿਫ਼ਾਰਸ਼ ਕਰਨ ਲਈ ਸੋਚੀ ਸਮਝੀ ਰਣਨੀਤੀ ਦੀ ਲੋੜ ਹੁੰਦੀ ਹੈ। 'ਅਸਚਰਜ ਭਾਰਤ ਮੁਹਿੰਮ' ਨੇ ਜਾਗਰੂਕਤਾ ਪੈਦਾ ਕਰਨ ਨੂੰ ਬਹੁਤ ਵਧੀਆ ਤਰੀਕੇ ਨਾਲ ਪੂਰਾ ਕੀਤਾ ਅਤੇ ਸਮਾਂ ਹੈ ਕਿ ਬਾਕੀ ਦੇ ਸੀ ਐੱਲ ਸੀ ਵੀ ਢੁਕਵਾਂ ਵਪਾਰ ਪ੍ਰਾਪਤ ਕਰਨ ਲਈ ਪੂਰੇ ਕੀਤੇ ਜਾਣੇ। ਇਨਾਮ ਜਿੱਤਣਾ ਪ੍ਰਸ਼ੰਸਾਯੋਗ ਹੈ ਪਰ ਪ੍ਰਸੰਗਿਕ ਵਪਾਰ ਪ੍ਰਾਪਤ ਕਰਨਾ ਜ਼ਿਆਦਾ ਵਧੀਆ ਹੈ।

ਕ੍ਰਿਕਟ ਅਤੇ ਸਿਨੇਮਾ ਵਾਂਗ, ਸੈਰ-ਸਪਾਟਾ ਵਿਚ ਵੀ ਭਾਰਤ ਅੰਦਰ ਬਹੁਤ ਸਾਰੇ ਆਪੇ ਬਣੇ ਮਾਹਰ ਹਨ ਜਿਨ੍ਹਾਂ ਦੇ ਸ਼ੋਰ-ਸ਼ਰਾਬੇ ਵਿਚ ਜਾਣਕਾਰੀ ਰੱਖਣ ਵਾਲੇ ਪੇਸ਼ਾਵਰਾਂ ਦੇ ਵਿਚਾਰ ਗੁਆਚ ਜਾਂਦੇ ਹਨ। ਉੱਚਿਤ ਹੋਵੇਗਾ ਜੇ ਇਹ ਮੰਚ ਨਿੱਜੀ ਵਿਅਕਤੀਆਂ ਦੇ ਸਮੂਹ ਵਿਚਾਲੇ ਸੰਵਾਦ ਨੂੰ ਹੁਲਾਰਾ ਦੇਵੇ ਜਿਨ੍ਹਾਂ ਦੀਆਂ ਪਿੱਠ-ਭੂਮੀਆਂ ਵੱਖ-ਵੱਖ ਹੋਣ ਤਾਂ ਕਿ 12ਵੀਂ ਯੋਜਨਾ ਦੇ ਦਸਤਾਵੇਜ਼ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਰਣਨੀਤੀ ਉਲੀਕੀ ਜਾ ਸਕੇ।

*(ਲੇਖਕ ਇਸ ਵੇਲੇ ਅਰਨਸਟ ਐਂਡ ਯੰਗ ਨਾਲ ਸਵਰਨ ਆਂਧਰਾ 2029, ਦਾ ਸਲਾਹਕਾਰ ਹੈ।)*

*e-mail :premsubramaniam@yahoo.com*

***ਸਫ਼ਾ 21 ਦੀ ਬਾਕੀ***

ਨਾਲ ਦੀ ਨਾਲ ਉੱਚ ਸਿੱਖਿਅਤ ਅਤੇ ਹਮਦਰਦ ਸਹਾਇਕ ਮਾਮਲਾ ਵੀ ਹੈ। ਦੇਸ਼ ਸਰਵੋਤਮ ਇਲਾਜ ਉਸ ਕੀਮਤ 'ਤੇ ਮੁਹੱਈਆ ਕਰਵਾਉਂਦਾ ਹੈ ਜੋ ਬਹੁਤ ਸਾਰੇ ਮਾਮਲਿਆਂ ਵਿਚ ਯੂਰਪ ਤੇ ਅਮਰੀਕਾ ਵਿਚ ਕਿਸੇ ਵਲੋਂ ਕੀਤੇ ਜਾਣ ਵਾਲੇ ਖਰਚ ਦਾ 25 ਪ੍ਰਤਿਸ਼ਤ ਤੋਂ ਵੀ ਘੱਟ ਹੁੰਦਾ ਹੈ। ਅੱਜ ਇਕ ਔਸਤ ਕਾਰਪੋਰੇਟ ਖੇਤਰ ਦਾ ਹਸਪਤਾਲ ਹਰੇਕ ਸਾਲ ਕੁੱਲ ਮਰੀਜ਼ਾਂ ਵਿਚੋਂ 15 ਪ੍ਰਤਿਸ਼ਤ ਵਿਦੇਸ਼ੀ ਮਰੀਜ਼ਾਂ ਦਾ ਇਲਾਜ ਕਰਦਾ ਹੈ। ਇਹ ਗਿਣਤੀ ਹਜ਼ਾਰਾਂ-ਲੱਖਾਂ ਵਿਚ ਪਹੁੰਚ ਜਾਂਦੀ ਹੈ ਜਿਸ ਸਦਕਾ ਸ਼ਿੱਦਤ ਨਾਲ ਲੋੜੀਂਦੀ ਵਿਦੇਸ਼ੀ ਸਿੱਕੇ ਦੀ ਮੰਗ ਪੂਰੀ ਹੁੰਦੀ ਹੈ ਜੋ ਕਈ ਬਿਲੀਅਨ ਡਾਲਰ ਤਕ ਪਹੁੰਚ ਜਾਂਦੀ ਹੈ।

ਹਸਪਤਾਲਾਂ ਦੀਆਂ ਲੜੀਆਂ ਜਿਵੇਂ ਅਪੋਲੋ, ਫੋਰਟੀਸ, ਮੈਕਸ, ਨਾਰਾਇਣ ਹ੍ਰਿਦਾਲਾ, ਸੈਵਨ ਹਿੱਲਜ਼, ਵੋਕਹਾਰਟ, ਮੇਦਾਂਤਾ, ਬੀ ਐੱਲ ਕੇ, ਪੁਸ਼ਪਾਂਜਲੀ ਕ੍ਰਾਸਲੇ, ਵਿਜਯਾ ਹਾਸਪਿਟਲਜ਼, ਮਨੀਪਾਲ, ਮਾਲਿਆ ਆਦਿ ਕੁੱਝ ਨਾਮ ਹਨ ਜੋ ਦੁਨੀਆਂ ਭਰ ਤੋਂ ਮਰੀਜ਼ਾਂ ਨੂੰ ਆਕਰਸ਼ਿਤ ਕਰ ਕੇ ਦੇਸ਼ ਦੀ ਨਿਰਸਵਾਰਥ ਸੇਵਾ ਕਰ ਰਹੇ ਹਨ ਅਤੇ ਦੁਨੀਆਂ ਦੇ ਪੱਧਰ ਦੀਆਂ ਡਾਕਟਰੀ ਸੇਵਾਵਾਂ, ਮੁਹੱਈਆ ਕਰਵਾ ਰਹੇ ਹਨ।

ਭਾਰਤ ਵਿਚ ਡਾਕਟਰੀ ਸੈਰ-ਸਪਾਟਾ ਦੇ ਤੇਜ਼ ਰਫ਼ਤਾਰ ਨਾਲ ਵਿਕਾਸ ਕਰਨ ਦੇ ਬਾਵਜੂਦ, ਇਹ ਹਾਲੇ ਵੀ ਇਕ ਵੱਡਾ ਅਸੰਗਠਿਤ ਖੇਤਰ ਹੈ ਜਿਥੇ ਬਹੁਤ ਸਾਰੇ ਦਲਾਲ, ਜਿਨ੍ਹਾਂ ਕੋਲ ਬਹੁਤ ਹੀ ਘੱਟ ਜਾਣਕਾਰੀ ਅਤੇ ਸਿਖਲਾਈ ਹੁੰਦੀ ਹੈ, ਮਰੀਜ਼ਾਂ ਨਾਲ ਖਿਲਵਾੜ ਕਰਦੇ ਹਨ। ਇਨ੍ਹਾਂ ਵਿਚੋਲਿਆਂ ਵਿਚੋਂ ਬਹੁ-ਗਿਣਤੀ ਦਲਾਲ ਹਨ ਜੋ ਮਰੀਜ਼ਾਂ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਦਿਤੀ ਜਾਣ ਵਾਲੀ ਹਰੇਕ ਸੇਵਾ ਲਈ ਉਨ੍ਹਾਂ ਦੀ ਲੁੱਟ ਕਰਦੇ ਹਨ ਜਿਸ ਕਰਕੇ ਯਾਤਰੀ ਨੂੰ ਹਸਪਤਾਲ ਦੁਆਰਾ ਸਰਵੋਤਮ ਇਲਾਜ ਦੀ ਸਹੂਲਤ ਦੇਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਮਾਲੀ ਅਤੇ ਮਾਨਸਿਕ ਪੀੜਾ ਝੱਲਣੀ ਪੈਂਦੀ ਹੈ। ਯਾਤਰੀਆਂ ਦਾ ਕੁੱਲ ਮਿਲਾ ਕੇ ਅਨੁਭਵ ਹਾਂ-ਪੱਖੀ ਨਹੀਂ ਹੁੰਦਾ ਜੋ ਉਨ੍ਹਾਂ ਨੂੰ ਮਾਯੂਸ ਕਰ ਦਿੰਦਾ ਹੈ।

ਸੰਖੇਪ ਵਿਚ, ਭਾਰਤ ਵਿਚ ਡਾਕਟਰੀ ਸੈਰ-ਸਪਾਟੇ ਨੂੰ ਸੱਨਅਤ ਐਲਾਨਣ ਦਾ ਇਹ ਢੁਕਵਾਂ ਸਮਾਂ ਹੈ ਜਿਸ ਦੇ ਚੰਗੀ ਤਰ੍ਹਾਂ ਵਿਆਖਿਆ ਕੀਤੇ ਦਿਸ਼ਾ-ਨਿਰਦੇਸ਼ ਹੋਣ ਅਤੇ ਜਿਸ ਦਾ ਟੀਚਾ ਯਾਤਰੀਆਂ ਨੂੰ 'ਜੇਤੂ ਅਨੁਭਵ' ਮੁਹੱਈਆ ਕਰਵਾਉਣਾ ਹੋਵੇ। ਨਹੀਂ ਤਾਂ, ਇਹ 'ਉੱਭਰਦੀ ਹੋਈ ਸੱਨਅਤ' ਜਿਸ ਦੇ 100 ਬਿਲੀਅਨ ਡਾਲਰ ਤੋਂ ਉੱਤੇ ਜਾਣ ਦੀ ਸੰਭਾਵਨਾ ਹੈ, ਇਕ 'ਗੁਆਚਾ ਮੌਕਾ' ਬਣ ਕੇ ਰਹਿ ਜਾਵੇਗੀ ਜੋ ਨਾ ਸਿਰਫ਼ ਸਿੱਧੇ ਅਤੇ ਅਸਿੱਧੇ ਵਿੱਤੀ ਸਰੋਤ ਮੁਹੱਈਆ ਕਰਾਉਂਦੀ ਹੈ ਸਗੋਂ ਰੁਜ਼ਗਾਰ ਵੀ ਪ੍ਰਦਾਨ ਕਰਦੀ ਹੈ ਅਤੇ ਦੇਸ਼ ਦੀ ਸਾਖ ਨੂੰ ਪ੍ਰਚਾਰਨ ਦਾ ਇਕ ਸ਼ਾਨਦਾਰ ਯੰਤਰ ਹੈ।

*(ਲੇਖਕ ਕੋਲ 34 ਵਰ੍ਹਿਆਂ ਦਾ ਡਾਕਟਰੀ ਪੇਸ਼ੇ ਦਾ ਅਨੁਭਵ ਹੈ। ਉਹ ਚੀਫ ਐਗਜ਼ੀਕਿਊਟਿਵ ਇੰਡੀਅਨ ਅਲਕੋਹਲ ਪਾਲਿਸੀ ਅਲਾਇੰਸ ਰਹਿ ਚੁੱਕਾ ਹੈ।)*

*e-mail :hariharandr56@gmail.com*

# ਬੁਨਿਆਦੀ ਢਾਂਚਾ ਤੇ ਸੈਰ-ਸਪਾਟਾ ਵਿਕਾਸ

✍ ਮਨੋਜ ਦੀਕਸ਼ਿਤ


ਸੈਰ-ਸਪਾਟਾ ਉਤਪਾਦ ਇਕ ਭਰਵਾਂ ਅਨੁਭਵ ਹੈ ਜੋ ਉਸ ਅਮਲ ਵਿਚੋਂ ਨਿਕਲਦਾ ਹੈ ਜਿਥੇ ਸੈਲਾਨੀ ਬਹੁ-ਪੱਖੀ ਸੇਵਾਵਾਂ (ਸੂਚਨਾ, ਵੱਖ-ਵੱਖ ਕੀਮਤਾਂ, ਆਵਾਜਾਈ, ਰਿਹਾਇਸ਼ਾਂ, ਅਤੇ ਸੰਬੰਧਿਤ ਸੇਵਾਵਾਂ ਦੀ ਵਰਤੋਂ ਕਰਦੇ ਹਨ (ਗੁੰਨ-1988)। ਸੈਲਾਨੀਆਂ ਦੇ ਅਨੁਭਵ ਆਰਥਿਕ ਅਤੇ ਰਾਜਨੀਤਕ ਸਥਿਤੀਆਂ ਅਤੇ ਸੰਰਚਨਾਤਮਕ ਵਿਸ਼ੇਸ਼ਤਾਵਾਂ ਵਲੋਂ ਵੀ ਘੜੇ ਜਾਂਦੇ ਹਨ ਜੋ ਕਿ ਅੰਤਮ ਉਤਪਾਦ ਦੀ ਦਿੱਖ ਲਈ ਜ਼ਿੰਮੇਵਾਰ ਹੁੰਦੇ ਹਨ। ਮਰਫ਼ੀ (2000) ਨੇ ਇਸ ਭਾਂਤ ਦੇ ਉਤਪਾਦ ਨੂੰ ਪੂਰਤੀ ਅਤੇ ਮੰਗ ਵਿਸ਼ਲੇਸ਼ਣ ਨਾਲ ਜੋੜਿਆ ਹੈ ਅਤੇ ਦੱਸਿਆ ਹੈ ਕਿ ਕਿਵੇਂ ਕਿਸੇ ਸਥਾਨ ਦੀਆਂ ਵੱਖ ਵਿਸ਼ੇਸ਼ਤਾਵਾਂ ਸੈਲਾਨੀਆਂ ਨੂੰ ਫੇਰੀ ਦੌਰਾਨ ਪ੍ਰਭਾਵਤ ਕਰਦੀਆਂ ਹਨ।

ਸਮਿਥ ਕਿਸੇ ਉਤਪਾਦ ਅਨੁਭਵ ਵਿਚ ਸੇਵਾ ਬੁਨਿਆਦੀ ਢਾਂਚੇ ਦੀ ਭੂਮਿਕਾ ਨੂੰ ਸਵੀਕਾਰ ਕਰਨ ਵਾਲਿਆਂ ਵਿਚ ਮੋਹਰੀ ਸੀ (1994)। ਉਸ ਨੇ ਸੁਝਾਅ ਪੇਸ਼ ਕੀਤਾ ਕਿ ਸੇਵਾ ਬੁਨਿਆਦੀ ਢਾਂਚਾ ਕਿਸੇ ਅਸਥਾਨ ਦੇ ਵਡੇਰੇ ਦੀਰਘ ਵਾਤਾਵਰਨ ਜਾਂ ਭੂਗੋਲਿਕ ਆਕਾਰ ਵਿਚ ਸਥਿਤ ਹੁੰਦਾ ਹੈ (ਸਮਿਥ 1994), ਉਸ ਨੇ ਇਸ ਤੱਥ 'ਤੇ ਵੀ ਜ਼ੋਰ ਦਿਤਾ ਕਿ ਕਿਸੇ ਸੈਰ-ਸਪਾਟਾ ਅਸਥਾਨ ਦੇ ਬੁਨਿਆਦੀ ਢਾਂਚੇ ਤੇ ਤਕਨਾਲੋਜੀ ਪੱਧਰ, ਵਰਤੋਂ ਤੇ ਕਮੀ ਵੀ ਉਸ ਵਿਚ ਸਪੱਸ਼ਟ ਨਜ਼ਰ ਆਉਂਦੇ ਨਿਰਧਾਰਕ ਤੱਤ ਹਨ ਜੋ ਕਿ ਸੈਲਾਨੀ ਅਨੁਭਵ ਨੂੰ ਵਧਾ-ਘਟਾ ਸਕਣ ਵਿਚ ਭੂਮਿਕਾ ਨਿਭਾਉਂਦੇ ਹਨ। ਉਸ ਦੇ ਮਤ ਦੀ ਚੋਏ (1992) ਬੁਹਾਰੀ (2000) ਅਤੇ ਕਰਾਊਚ ਅਤੇ ਰਿਚੀ (2000) ਨੇ ਪੋੜ੍ਹਤਾ ਕੀਤੀ, ਤੇ ਸਿੱਟਾ ਕੱਢਿਆ ਕਿ ਸੈਲਾਨੀ ਦਾ ਸਮੁੱਚਾ ਪ੍ਰਭਾਵ ਕਿਸੇ ਸੈਲਾਨੀ ਅਸਥਾਨ 'ਤੇ ਪਹੁੰਚਣ ਤੋਂ ਬਾਅਦ ਵਿਕਸਤ ਹੁੰਦਾ ਹੈ ਅਤੇ ਬੁਨਿਆਦੀ ਢਾਂਚਾ ਉਸ ਸਮੇਂ ਬੜੀ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਸੈਲਾਨੀ ਅਸਥਾਨ ਉਤਪਾਦ ਨੂੰ ਤੁਲਨਾਤਮਕ ਅਤੇ ਮੁਕਾਬਲੇਬਾਜ਼ੀ ਦੇ ਪ੍ਰਸੰਗ ਵਿਚ ਬਿਹਤਰ ਢੰਗ ਨਾਲ ਸਮਝਿਆ ਜਾ ਸਕਦਾ ਹੈ। ਚਿੱਤਰ-1 ਜਿਸ ਨੂੰ ਕਿ ਕਰਾਊਚ ਅਤੇ ਰਿਚੀ ਦੇ ਆਰੰਭਕ ਅਧਿਐਨਾਂ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ, ਕਿਸੇ ਸੈਲਾਨੀ ਸਥਾਨ ਦੀ ਮੁਕਾਬਲੇਬਾਜ਼ੀ ਦੇ ਨਿਰਧਾਰਕ ਤੱਤਾਂ ਦੀ ਵਿਸ਼ਵੀ ਤਸਵੀਰ ਪੇਸ਼ ਕਰਦਾ ਹੈ।

ਹਰ ਤੱਤ ਦਾ ਮੁੱਖ ਆਕਰਸ਼ਣ ਅਤੇ ਸਹਾਇਕ ਤੱਤਾਂ ਹੇਠ ਵਰਗੀਕਰਨ ਕੀਤਾ ਗਿਆ ਹੈ। ਅਸਥਾਨ ਦੀਆਂ ਆਮ ਬੁਨਿਆਦੀ ਸੇਵਾਵਾਂ ਨੂੰ ਇਸ ਵਰਗ ਵਿਚ ਸਭ ਤੋਂ ਮਹੱਤਵਪੂਰਨ ਤੱਤਾਂ ਵਿਚੋਂ ਇਕ ਮੰਨਿਆ ਗਿਆ ਹੈ। ਸੈਰ-ਸਪਾਟਾ ਅਮਲ ਵੱਡੇ ਪੱਧਰ 'ਤੇ ਜਨਤਕ ਸਹੂਲਤਾਂ ਅਤੇ ਬੁਨਿਆਦੀ ਢਾਂਚੇ ਉਪਰ ਨਿਰਭਰ ਕਰਦਾ ਹੈ। ਸੜਕਾਂ, ਹਵਾਈ ਅੱਡਿਆਂ, ਬੰਦਰਗਾਹਾਂ, ਬਿਜਲੀ, ਸੀਵਰੇਜ਼ ਤੇ ਪੀਣ ਯੋਗ ਪਾਣੀ ਜਿਹੀਆਂ ਬੁਨਿਆਦੀ ਸਹੂਲਤਾਂ ਤੋਂ ਬਿਨਾਂ ਸੈਰ-ਸਪਾਟਾ ਯੋਜਨਾਬੰਦੀ ਅਤੇ ਵਿਕਾਸ ਸੰਭਵ ਨਹੀਂ ਹੋਵੇਗਾ।

ਚਿੱਤਰ-1 : ਸੈਲਾਨੀ ਟਿਕਾਣੇ ਅਨੁਭਵ





ਆਮ ਤੌਰ ਤੇ ਬੁਨਿਆਦੀ ਢਾਂਚੇ ਨੂੰ ਅਮਲੀ ਕਾਰਜਾਂ ਵਿਚ ਸ਼ਾਮਿਲ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਸੋਚ ਲਿਆ ਜਾਂਦਾ ਹੈ ਕਿ ਇਹ ਸੈਲਾਨੀ ਸਥਾਨ 'ਤੇ ਉਪਲਬਧ ਹੈ ਅਤੇ ਇਸ ਲਈ ਉਸ ਨੂੰ ਆਕਰਸ਼ਣ ਤੱਤ ਵਜੋਂ ਪੇਸ਼ ਨਹੀਂ ਕੀਤਾ ਜਾਂਦਾ। ਸਮਿਥ (1994) ਅਤੇ ਕਰਾਊਚ ਅਤੇ ਰਿਚੀ (1999) ਕਿਸੇ ਸੈਰ-ਸਪਾਟਾ ਉਤਪਾਦ ਅਨੁਭਵ ਦੀ ਉਸਾਰੀ ਵਿਚ ਸੇਵਾ ਬੁਨਿਆਦੀ ਢਾਂਚੇ ਦੀ ਭੂਮਿਕਾ ਦਾ ਵਧੀਆ ਧਾਰਨਾਗਤ ਖ਼ਾਕਾ ਪੇਸ਼ ਕਰਦੇ ਹਨ :

### ਭਾਰਤੀ ਬੁਨਿਆਦੀ ਢਾਂਚਾ ਤੇ ਸੈਰ-ਸਪਾਟਾ

ਸੈਰ-ਸਪਾਟਾ ਬੁਨਿਆਦੀ ਢਾਂਚਾ ਆਵਾਜਾਈ ਸਮਾਜਿਕ ਅਤੇ ਵਾਤਾਵਰਨ ਸਥਾਪਤ ਬੁਨਿਆਦੀ ਢਾਂਚੇ ਦੀ ਲਗਾਤਾਰ ਪੂਰਤੀ ਹੈ ਜੋ ਖੇਤਰੀ ਪੱਧਰ 'ਤੇ ਸਹਿਭਾਗਤਾ ਨਾਲ ਚੱਲਦਾ ਹੈ :

- *ਆਵਾਜਾਈ ਬੁਨਿਆਦੀ* ਢਾਂਚੇ ਵਿਚ ਹਵਾਈ ਅੱਡਿਆਂ, ਮਹੱਤਵਪੂਰਨ ਸੜਕਾਂ ਅਤੇ ਰੇਲ ਸੰਪਰਕ ਸ਼ਾਮਿਲ ਹੈ, ਰਾਹੀਂ ਸੈਲਾਨੀ ਅੰਤਰਰਾਸ਼ਟਰੀ ਜਾਂ ਘਰੇਲੂ ਪੱਧਰ 'ਤੇ ਸੈਲਾਨੀ ਸਥਾਨਾਂ ਤਕ ਪਹੁੰਚਦੇ ਹਨ।
- *ਸਮਾਜਿਕ ਬੁਨਿਆਦੀ* ਢਾਂਚਾ ਸੈਲਾਨੀਆਂ ਨੂੰ ਠਹਿਰਾਉਣ ਲਈ ਕਮਰਿਆਂ ਆਦਿ ਦੀ ਬਹੁਤਾਤ ਅਤੇ ਨੁਮਾਇਸ਼ ਪ੍ਰੋਗਰਾਮਾਂ ਤੇ ਸੇਵਾਵਾਂ ਦੀ ਭਰਮਾਰ ਹੈ ਜੋ ਸੈਲਾਨੀਆਂ ਨੂੰ ਆਕਰਸ਼ਤ ਕਰਦਾ ਹੈ। ਇਸ ਬੁਨਿਆਦੀ ਢਾਂਚੇ ਵਿਚ ਹੋਟਲ, ਸਮਾਗਮ ਕੇਂਦਰ, ਸਟੇਡੀਅਮ, ਗੈਲਰੀਆਂ ਅਤੇ ਸੈਲਾਨੀ ਹੋਟਲ ਸ਼ਾਮਿਲ ਹਨ।
- ਵਾਤਾਵਰਨ ਬੁਨਿਆਦੀ ਢਾਂਚਾ ਰਾਸ਼ਟਰੀ ਪਾਰਕਾਂ, ਜਲ ਪਾਰਕਾਂ, ਰੱਖਾਂ ਅਤੇ ਸੈਲਾਨੀ ਸਹੂਲਤਾਂ ਆਦਿ ਨੂੰ ਮਿਲਾ ਕੇ ਬਣਦਾ ਹੈ।
- ਸਾਂਝਾ ਬੁਨਿਆਦੀ ਢਾਂਚਾ ਖੇਤਰੀ, ਰਾਜ

ਚਿੱਤਰ-2 : ਸੈਰ-ਸਪਾਟਾ ਅਸਥਾਨ ਮੁਕਾਬਲੇਬਾਜ਼ੀ ਤੇ ਜਾਰੀ ਰਹਿਣਯੋਗਤਾ





ਪਧਰੀ ਅਤੇ ਰਾਸ਼ਟਰੀ ਸੈਰ-ਸਪਾਟਾ ਸੰਸਥਾ ਦਾ ਤੰਤਰ ਜਾਲ (ਨੈੱਟਵਰਕ) ਹੈ ਜੋ ਸੈਲਾਨੀ ਕੇਂਦਰਾਂ ਦਾ ਬਾਜ਼ਾਰੀਕਰਨ ਕਰਦਾ ਅਤੇ ਸੈਰ-ਸਪਾਟਾ ਉਤਪਾਦ ਦੀ ਵੰਡ ਕਰਦਾ ਹੈ।

ਸੈਰ-ਸਪਾਟਾ ਬੁਨਿਆਦੀ ਢਾਂਚੇ ਅਤੇ ਉਤਪਾਦ ਨੂੰ ਚਿੱਤਰ-1 ਵਿਚ ਦਰਸਾਇਆ ਗਿਆ ਹੈ। ਇਸ ਖੇਤਰ ਵਿਚ ਮੁੱਖ ਤੌਰ ਤੇ ਨਿੱਜੀ ਪੱਧਰ 'ਤੇ ਨਿਵੇਸ਼ ਕੀਤਾ ਗਿਆ ਹੈ ਜੋ ਕਿ ਕੁੱਲ ਨਿਵੇਸ਼ ਦਾ 78 ਪ੍ਰਤਿਸ਼ਤ ਹੈ। ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਰਿਹਾਇਸ਼ੀ ਅਸਥਾਨ ਨਿੱਜੀ ਬੁਨਿਆਦੀ ਢਾਂਚੇ ਹੇਠ ਆਉਂਦੇ ਹਨ। ਸੜਕ, ਰੇਲ ਤੇ ਬੰਦਰਗਾਹ ਜਨਤਕ ਬੁਨਿਆਦੀ ਢਾਂਚੇ ਦਾ ਹਿੱਸਾ ਹਨ। ਸਮਾਗਮ ਕੇਂਦਰ ਅਤੇ ਰਾਸ਼ਟਰੀ ਪਾਰਕ ਵੀ ਸਰਕਾਰੀ ਅਸਾਸਿਆਂ ਵਿਚ ਆਉਂਦੇ ਹਨ। ਹੇਠਾਂ ਦਿਤੇ ਅੰਕੜਿਆਂ ਰਾਹੀਂ ਸੈਰ-ਸਪਾਟੇ ਨਾਲ ਸੰਬੰਧਿਤ ਬੁਨਿਆਦੀ ਢਾਂਚੇ ਅਤੇ ਇਸ ਦੀ ਮਦਦ ਨਾਲ ਸੈਰ-ਸਪਾਟਾ ਉਤਪਾਦ ਨੂੰ ਹੋਣ ਵਾਲੀ ਬਰਾਮਦੀ ਆਮਦਨ ਦਾ ਵੇਰਵਾ ਦਿਤਾ ਗਿਆ ਹੈ।

ਭਾਰਤ ਸ਼ਾਇਦ ਇਕੋ ਇਕ ਅਜਿਹਾ ਦੇਸ਼ ਹੈ ਜੋ ਸੈਰ-ਸਪਾਟੇ ਦੀਆਂ ਵੱਖ-ਵੱਖ ਵੰਨਗੀਆਂ ਉਪਲਬਧ ਕਰਾਉਂਦਾ ਹੈ। ਇਸ ਵਿਚ ਪਰਬਤਾਂ ਤੇ ਚੜ੍ਹਨਾ, ਜੰਗਲਾਂ ਵਿਚ ਜਾਣਾ, ਇਤਿਹਾਸਕ ਸਥਾਨ, ਜੋਖਮ ਵਾਲਾ ਸੈਰ-ਸਪਾਟਾ, ਡਾਕਟਰੀ ਸੈਰ-ਸਪਾਟਾ (ਜਿਸ ਵਿਚ ਆਯੁਰਵੈਦ ਸਮੇਤ ਭਾਰਤੀ ਇਲਾਜ ਪੱਧਤੀਆਂ ਸ਼ਾਮਿਲ ਹਨ) ਅਧਿਆਤਮਕ ਸੈਰ-ਸਪਾਟਾ ਅਤੇ ਸਮੁੰਦਰੀ ਤੱਟ ਦਾ ਸੈਰ-ਸਪਾਟਾ (ਭਾਰਤ ਕੋਲ ਪੂਰਬ ਵਿਚ ਸਭ ਤੋਂ ਲੰਮਾ ਤੱਟੀ ਇਲਾਕਾ ਹੈ) ਆਦਿ ਸ਼ਾਮਿਲ ਹਨ।

ਇਹ ਕਿਹਾ ਗਿਆ ਹੈ ਕਿ ਭਾਰਤ ਵਿਚਲੇ ਸੈਰ-ਸਪਾਟਾ ਅਸਥਾਨ ਕਿਸੇ ਹੋਰ ਦੇਸ਼ ਨਾਲੋਂ ਵਧੇਰੇ ਵੰਨ-ਸੁਵੰਨਤਾ ਵਾਲੇ ਹਨ। ਭਾਰਤ ਦੇ ਹਰ ਖਿੱਤੇ ਦੀ ਸਭਿਆਚਾਰਕ, ਪੁਸ਼ਾਕ/ਮੇਲੇ, ਇਤਿਹਾਸਕ ਅਸਥਾਨ ਅਤੇ ਬੌਧਿਕ ਵਿਰਾਸਤ ਪੱਖੋਂ ਨਿਵੇਕਲੀ ਪਛਾਣ ਹੈ।

ਚਿੱਤਰ-3




ਸੈਲਾਨੀ ਪੂਰਤੀ ਕੜੀ

*ਕੌਂਡੇ ਨਾਸਟ ਨੇ ਭਾਰਤ ਨੂੰ ਚੋਟੀ ਦੇ 10 ਸੈਲਾਨੀ ਪਸੰਦੀਦਾ ਅਸਥਾਨਾਂ ਵਿਚ ਰੱਖਿਆ ਹੈ।*

1990ਵਿਆਂ ਦੇ ਸ਼ੁਰੂ ਤਕ ਭਾਰਤੀ ਸੈਰ-ਸਪਾਟਾ ਉਦਯੋਗ ਨੇ ਬਹੁਤ ਚੰਗੀ ਕਾਰਗੁਜ਼ਾਰੀ ਨਹੀਂ ਵਿਖਾਈ ਸੀ। ਭਾਰਤੀ ਆਰਥਿਕਤਾ ਭਾਵੇਂ ਧੀਮੀ ਹੋਈ ਹੈ ਪਰ ਇਹ ਅਜੇ ਵੀ ਬਾਕੀ ਦੀ ਦੁਨੀਆਂ ਤੋਂ ਅੱਗੇ ਚੱਲ ਰਹੀ ਹੈ। 5 ਪ੍ਰਤਿਸ਼ਤ ਸਾਲਾਨਾ ਵਿਕਾਸ ਦਰ ਅਤੇ ਭਾਰਤੀ ਲੋਕਾਂ ਦੀ ਖਰਚਣ ਯੋਗ ਆਮਦਨ ਵਿਚ ਵਾਧੇ ਨਾਲ ਕਾਫ਼ੀ ਗਿਣਤੀ ਵਿਚ ਲੋਕ ਦੇਸ਼ ਅੰਦਰ ਅਤੇ ਵਿਦੇਸ਼ਾਂ ਵਿਚ ਛੁੱਟੀਆਂ ਦੌਰਾਨ ਸੈਰ-ਸਪਾਟੇ ਲਈ ਜਾ ਰਹੇ ਹਨ। ਜਿਸ ਦੇ ਨਤੀਜੇ ਵਜੋਂ ਸੈਰ-ਸਪਾਟਾ ਉਦਯੋਗ ਤੇਜ਼ੀ ਨਾਲ ਵਧ-ਫੁੱਲ ਰਿਹਾ ਹੈ। ਭਾਰਤ ਕੋਲ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਭਵਿੱਖ ਵਿਚ ਸੈਰ-ਸਪਾਟਾ ਉਦਯੋਗ ਭਾਰਤ ਦੀ ਆਰਥਿਕਤਾ ਦੀ ਬਿਹਤਰੀ ਲਈ ਵੱਡੀ ਭੂਮਿਕਾ ਨਿਭਾ ਸਕਦਾ ਹੈ।

ਅਨੇਕ ਸਮੱਸਿਆਵਾਂ ਦੇ ਬਾਵਜੂਦ, ਭਾਰਤੀ ਸੈਰ-ਸਪਾਟਾ ਉਦਯੋਗ ਭਾਰਤ ਲਈ ਵਿਦੇਸ਼ੀ ਮੁਦਰਾ ਕਮਾਉਣ ਵਿਚ ਦੂਜੇ ਨੰਬਰ 'ਤੇ ਸੀ।

| ਤਾਲਿਕਾ-4 : ਵਿਦੇਸ਼ੀ ਸੈਲਾਨੀਆਂ ਦੀ ਭਾਰਤ ਵਿਚ ਆਮਦ : 2001-13 | | |
|---|---|---|
| ਸਾਲ | ਵਿਦੇਸ਼ੀ ਸੈਲਾਨੀ ਆਮਦ | ਸਾਲਾਨਾ ਵਿਕਾਸ ਪ੍ਰਤਿਸ਼ਤ |
| 2001 | 2537282 | -4.2 |
| 2002 | 2384364 | -6.0 |
| 2003 | 2726214 | 14.3 |
| 2004 | 3457477 | 26.8 |
| 2005 | 3918610 | 13.3 |
| 2006 | 4447167 | 13.5 |
| 2007 | 5081504 | 14.3 |
| 2008 | 5282603 | 4.0 |
| 2009 | 5167699 | -2.2 |
| 2010 | 5775692 | 11.8 |
| 2011 | 6309222 | 9.2 |
| 2012 | 6577745 | 4.3 |
| 2013 | 6967601 | 5,9 |

*ਸਰੋਤ : ਬਿਓਰੋ ਆਫ਼ ਇਮੀਗ੍ਰੇਸ਼ਨ, ਭਾਰਤ*

| ਤਾਲਿਕਾ-5 : ਭਾਰਤ ਵਿਚ ਘਰੇਲੂ ਤੇ ਵਿਦੇਸ਼ੀ ਸੈਰ-ਸਪਾਟਾ (2012-13) | | | | | | |
|---|---|---|---|---|---|---|
| | 2012 | | 2013 | | ਵਿਕਾਸ ਦਰ | |
| | ਘਰੇਲੂ | ਵਿਦੇਸ਼ | ਘਰੇਲੂ | ਵਿਦੇਸ਼ | ਘਰੇਲੂ | ਵਿਦੇਸ਼ |
| ਅੰਡੇਮਾਨ ਨਿਕੋਬਾਰ ਦੀਪ ਸਮੂਹ | 238669 | 17538 | 243703 | 14742 | 2.10 | -15.94 |
| ਆਂਧਰ ਪ੍ਰਦੇਸ਼ | 207217952 | 292822 | 152102150 | 223518 | -26.60 | -23.67 |
| ਅਰੁਣਾਚਲ ਪ੍ਰਦੇਸ਼ | 132243 | 5135 | 125461 | 10846 | -5.13 | 111.22 |
| ਅਸਮ | 4511407 | 17543 | 4684527 | 17638 | 3.84 | 0.54 |
| ਬਿਹਾਰ | 21447099 | 1096933 | 21588306 | 765835 | 0.66 | -30.18 |
| ਚੰਡੀਗੜ੍ਹ | 924589 | 34130 | 22801031 | 936922 | 1.33 | 17.56 |
| ਛੱਤੀਸਗੜ੍ਹ | 15036530 | 4172 | 22801031 | 3886 | 51.64 | -6.86 |
| ਦਾਦਰ ਤੇ ਨਗਰ ਹਵੇਲੀ | 469213 | 1234 | 481618 | 1582 | 2.64 | 28.20 |
| ਦਮਨ ਤੇ ਦਿਊ | 803963 | 4607 | 819947 | 4814 | 1.99 | 4.49 |
| ਦਿੱਲੀ | 18495139 | 2345980 | 20215187 | 2301395 | 9.30 | -1.90 |
| ਗੋਆ | 2337499 | 450530 | 2629151 | 492322 | 12.48 | 9.28 |
| ਗੁਜਰਾਤ | 24379023 | 174150 | 27412517 | 198773 | 12.44 | 14.14 |
| ਹਰਿਆਣਾ | 6799242 | 233002 | 7128027 | 228200 | 4.84 | -2.06 |
| ਹਿਮਾਚਲ ਪ੍ਰਦੇਸ਼ | 15646048 | 500284 | 14715586 | 414249 | -5.95 | -17.20 |
| ਜੰਮੂ-ਕਸ਼ਮੀਰ | 12427122 | 78802 | 13642402 | 60845 | 9.78 | -22.79 |
| ਝਾਰਖੰਡ | 20421016 | 31909 | 20511160 | 45995 | 0.44 | 44.14 |
| ਕਰਨਾਟਕ | 94052729 | 595359 | 98010140 | 636378 | 4.21 | 6.89 |
| ਕੇਰਲ | 10076854 | 793696 | 10857811 | 858143 | 7.75 | 8.12 |
| ਲਕਸ਼ਦੀਪ | 4417 | 580 | 4784 | 371 | 8.31 | -36.03 |
| ਮੱਧ ਪ੍ਰਦੇਸ਼ | 53197209 | 275930 | 63110709 | 280333 | 18.64 | 1.60 |
| ਮਹਾਂਰਾਸ਼ਟਰ | 74816051 | 2651889 | 82700556 | 4156343 | 10.54 | 56.73 |
| ਮਣੀਪੁਰ | 134541 | 749 | 140673 | 1908 | 4.56 | 154.74 |
| ਮੇਘਾਲਿਆ | 680254 | 5313 | 691269 | 6773 | 1.62 | 27.48 |
| ਮਿਜ਼ੋਰਮ | 64249 | 744 | 63377 | 800 | -1.36 | 7.53 |
| ਨਾਗਾਲੈਂਡ | 35915 | 2489 | 35638 | 3304 | -0.77 | 32.74 |
| ਓਡੀਸ਼ਾ | 9052871 | 64719 | 9800135 | 66675 | 8.25 | 3.02 |
| ਪੁੱਡੂਚੇਰੀ | 981714 | 52931 | 1000277 | 42624 | 1.89 | -19.47 |
| ਪੰਜਾਬ | 19056143 | 143805 | 21340888 | 204074 | 11.99 | 41.91 |
| ਰਾਜਸਥਾਨ | 28611831 | 1451370 | 30298150 | 1437162 | 5.89 | -0.98 |
| ਸਿੱਕਮ | 558538 | 26489 | 576749 | 31698 | 3.26 | 19.66 |
| ਤਮਿਲਨਾਡੂ | 184136840 | 3561740 | 244232487 | 3990490 | 32.64 | 12.04 |
| ਤ੍ਰਿਪੁਰਾ | 361786 | 7840 | 359586 | 11853 | -0.61 | 51.19 |
| ਉੱਤਰ ਪ੍ਰਦੇਸ਼ | 168381276 | 1994495 | 226531091 | 2054420 | 34.53 | 3.00 |
| ਉੱਤਰਾਖੰਡ | 26827329 | 124555 | 19941128 | 97683 | -25.67 | -21.57 |
| ਪੱਛਮੀ ਬੰਗਾਲ | 22730205 | 1219610 | 25547300 | 1245230 | 12.39 | 2.10 |
| ਕੁੱਲ | 1045047536 | 18263074 | 1145280443 | 19951026 | 9.59 | 9.24 |

*ਸਰੋਤ : ਸੈਰ-ਸਪਾਟਾ ਮੰਤਰਾਲਾ, ਭਾਰਤ ਸਰਕਾਰ, ਟੂਰਿਜ਼ਮ ਸਟੈਟਿਸਟਿਕ 2013*

2012 ਵਿਚ ਸੈਰ-ਸਪਾਟਾ ਉਦਯੋਗ ਦਾ ਕੁੱਲ ਘਰੇਲੂ ਉਤਪਾਦ ਵਿਚ ਯੋਗਦਾਨ 6.6 ਪ੍ਰਤਿਸ਼ਤ ਸੀ ਅਤੇ ਇਸ ਰਾਹੀਂ 39.5 ਮਿਲੀਅਨ ਰੁਜ਼ਗਾਰ ਦੇ ਮੌਕੇ ਪੈਦਾ ਹੋਏ। ਪਿਛਲੇ ਪੰਜ ਸਾਲਾਂ ਤੋਂ ਭਾਰਤ ਵਿਚ ਸੈਲਾਨੀਆਂ ਦੀ ਆਮਦ 16 ਪ੍ਰਤਿਸ਼ਤ ਦੀ ਦਰ 'ਤੇ ਵਧੀ ਹੈ ਅਤੇ ਅਗਲੇ ਦਹਾਕੇ ਵਿਚ ਇਸ ਦੇ 12 ਪ੍ਰਤਿਸ਼ਤ ਰਹਿਣ ਦਾ ਅਨੁਮਾਨ ਹੈ। 2013 ਦੌਰਾਨ ਸੈਰ-ਸਪਾਟਾ ਉਦਯੋਗ ਨੇ ਆਰਥਿਕਤਾ ਵਿਚ 63,160 ਕਰੋੜ ਰੁਪਏ ਦਾ ਯੋਗਦਾਨ ਪਾਇਆ। ਅੰਤਰਰਾਸ਼ਟਰੀ ਸੈਲਾਨੀਆਂ ਦੀ ਗਿਣਤੀ 5 ਮਿਲੀਅਨ ਦੇ ਲਗਭਗ ਤੇ ਘਰੇਲੂ ਸੈਲਾਨੀਆਂ ਦੀ ਗਿਣਤੀ 500 ਮਿਲੀਅਨ ਤੋਂ ਵੱਧ ਰਹੀ।

ਵਿਕਾਸ ਦਾ ਇਹ ਨਮੂਨਾ ਦਰਸਾਉਂਦਾ ਹੈ ਕਿ ਭਾਰਤ ਦੇ ਸੈਰ-ਸਪਾਟਾ ਉਦਯੋਗ ਦਾ ਵਿਕਾਸ ਨਿਰੋਲ ਰੂਪ ਵਿਚ ਵਿਦੇਸ਼ੀ ਸੈਲਾਨੀਆਂ ਦੀ ਆਮਦ ਨਾਲ ਹੀ ਜੁੜਿਆ ਹੋਇਆ ਨਹੀਂ ਹੈ ਕਿਉਂਕਿ ਅੰਤਰਰਾਸ਼ਟਰੀ ਕਾਰਨਾਂ ਅਤੇ ਅੜਿੱਕਿਆਂ ਕਰਕੇ ਇਸ ਉਪਰ ਹਮੇਸ਼ਾ ਨਾਂਹ ਪੱਖੀ ਅਸਰ ਪੈਂਦਾ ਹੈ। ਪਰ ਘਰੇਲੂ ਸੈਰ-ਸਪਾਟਾ ਉਦਯੋਗ ਇਕ ਤੈਅਸ਼ੁਦਾ ਸਥਿਰ ਰਫ਼ਤਾਰ ਨਾਲ ਵਿਕਾਸ ਕਰ ਰਿਹਾ ਹੈ। ਭਾਰਤ ਦੇ ਮੇਲੇ ਅਤੇ ਤਿਉਹਾਰ ਪੂਰਾ ਸਾਲ ਚੱਲਦੇ ਰਹਿੰਦੇ ਹਨ। ਉੱਤਰੀ ਭਾਰਤ ਵਿਚ ਕੁੰਭ ਤੇ ਦੱਖਣੀ ਭਾਰਤ ਵਿਚ ਓਨਮ ਅਤੇ ਮਹਾਂਮਸਤਕਾਭਿਸ਼ੇਕ ਜਿਹੇ ਤਿਉਹਾਰਾਂ 'ਚ ਹਰ ਸਾਲ ਵੱਡੀ ਗਿਣਤੀ ਵਿਚ ਸੈਲਾਨੀ ਆਉਂਦੇ ਹਨ।

ਉੱਪਰ ਦਿਤੀ ਤਾਲਿਕਾ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਕੁਦਰਤੀ ਸੁੰਦਰਤਾ ਦੀ ਭਰਪੂਰਤਾ ਅਤੇ ਸੈਰ-ਸਪਾਟੇ ਦੀਆਂ ਵੱਡੀਆਂ ਸੰਭਾਵਨਾਵਾਂ ਦੇ ਬਾਵਜੂਦ, ਲਖਕਦੀਪ ਅਤੇ ਛੱਤੀਸਗੜ੍ਹ ਵਰਗੇ ਉੱਤਰ-ਪੂਰਬੀ ਰਾਜ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਣ ਵਿਚ ਅਸਫਲ ਰਹੇ – ਜਿਸ ਦਾ ਕਾਰਨ ਹੋਰ ਕੁਝ ਨਹੀਂ ਸਗੋਂ ਸੈਰ-ਸਪਾਟਾ ਬਾਰੇ ਬੁਨਿਆਦੀ ਢਾਂਚੇ ਦੀ ਘਾਟ ਹੈ।

ਵਿਸ਼ਵ ਯਾਤਰਾ ਤੇ ਸੈਰ-ਸਪਾਟਾ ਕੌਂਸਲ ਦੀ ਇਕ ਰਿਪੋਰਟ ਵਿਚ ਭਾਰਤ ਵਿਚ ਸੈਰ-ਸਪਾਟੇ ਦੀ ਆਰਥਿਕ ਵਿਕਾਸ ਦੀ ਦਰ 2014 ਵਿਚ 7.3 ਪ੍ਰਤਿਸ਼ਤ ਅਨੁਮਾਨੀ ਗਈ ਸੀ। ਡਿਲੋਇੱਟ ਟੱਚੇ ਮੁਤਾਬਕ ਭਾਰਤੀ ਸੈਰ-ਸਪਾਟਾ ਖੇਤਰ ਵਲੋਂ 2017 ਤਕ ਲਗਭਗ 42.8 ਅਰਬ ਅਮਰੀਕੀ ਡਾਲਰ ਦਾ ਆਰਥਿਕ ਯੋਗਦਾਨ ਪਾਉਣ ਦੀ ਸੰਭਾਵਨਾ ਹੈ। ਮੱਠੀ ਆਰਥਿਕਤਾ, ਘੱਟ ਮੰਗ ਅਤੇ ਸੁਰੱਖਿਆ ਖਦਸ਼ਿਆਂ ਦੇ ਬਾਵਜੂਦ ਦੇਸ਼ ਸੈਰ-ਸਪਾਟਾ ਵਿਚ ਆਪਣੇ ਸਥਿਤੀ ਸੁਧਾਰਨ ਦੇ ਜਤਨ ਵਿਚ ਹੈ

| ਤਾਲਿਕਾ-6 : | |
|---|---|
| 15 ਚੋਟੀ ਦੇ ਬਾਜ਼ਾਰਾਂ ਤੋਂ ਵਿਦੇਸ਼ੀ ਸੈਲਾਨੀਆਂ ਦੀ ਆਮਦ (2013) ਨੰਬਰ ਮਿਲੀਅਨ ਤੇ ਪ੍ਰਤਿਸ਼ਤ ਹਿੱਸੇ ਰਾਹੀਂ | |
| ਦੇਸ਼ | ਨੰਬਰ ਤੇ ਹਿੱਸਾ ਪ੍ਰਤਿਸ਼ਤ |
| ਅਮਰੀਕਾ | 1.085 (15.58 ਪ੍ਰਤਿਸ਼ਤ) |
| ਇੰਗਲੈਂਡ | 0.809 (11.62 ਪ੍ਰਤਿਸ਼ਤ) |
| ਬੰਗਲਾਦੇਸ਼ | 0.525 (7.53 ਪ੍ਰਤਿਸ਼ਤ) |
| ਸ੍ਰੀਲੰਕਾ | 0.262 (3.77 ਪ੍ਰਤਿਸ਼ਤ) |
| ਰੂਸੀ ਸੰਘ | 0.259 (3.72 ਪ੍ਰਤਿਸ਼ਤ) |
| ਕੈਨੇਡਾ | 0.255 (3.66 ਪ੍ਰਤਿਸ਼ਤ) |
| ਜਰਮਨੀ | 0.252 (3.62 ਪ੍ਰਤਿਸ਼ਤ) |
| ਫ਼ਰਾਂਸ | 0.248 (3.56 ਪ੍ਰਤਿਸ਼ਤ) |
| ਮਲੇਸ਼ੀਆ | 0.243 (3.48 ਪ੍ਰਤਿਸ਼ਤ) |
| ਜਾਪਾਨ | 0.220 (3.16 ਪ੍ਰਤਿਸ਼ਤ) |
| ਅਸਟ੍ਰੇਲੀਆ | 0.219 (3.14 ਪ੍ਰਤਿਸ਼ਤ) |
| ਚੀਨ | 0.175 (2.51 ਪ੍ਰਤਿਸ਼ਤ) |
| ਸਿੰਗਾਪੁਰ | 0.143 (2.05 ਪ੍ਰਤਿਸ਼ਤ) |
| ਥਾਈਲੈਂਡ | 0.117 (1.68 ਪ੍ਰਤਿਸ਼ਤ) |
| ਨੇਪਾਲ | 0.114 (1.63 ਪ੍ਰਤਿਸ਼ਤ) |
| ਚੋਟੀ ਦੇ 10 ਦੇਸ਼ਾਂ ਦਾ ਹਿੱਸਾ | 4.160 (59.70 ਪ੍ਰਤਿਸ਼ਤ) |
| ਚੋਟੀ ਦੇ 15 ਦੇਸ਼ਾਂ ਦਾ ਹਿੱਸਾ | 4.927 (70.72 ਪ੍ਰਤਿਸ਼ਤ) |

*ਸਰੋਤ: ਸੈਰ-ਸਪਾਟਾ ਮੰਤਰਾਲਾ, ਭਾਰਤ ਸਰਕਾਰ 2013*

**ਟੂਰਿਜ਼ਮ ਸਟੈਟਿਸਟਿਕ 2013*

| ਤਾਲਿਕਾ-7 : ਸੈਰ-ਸਪਾਟਾ ਤੋਂ ਵਸੂਲੀ, ਰੁਪਏ, ਮਿਲੀਅਨ, 1972-2005 | | | | |
|---|---|---|---|---|
| ਸਾਲ | ਰੁਪਏ ਕਰੋੜ | ਪਿਛਲੇ ਸਾਲ ਦੇ ਮੁਕਾਬਲੇ ਪ੍ਰਤਿਸ਼ਤ ਬਦਲਾਅ | ਅਮਰੀਕੀ ਡਾਲਰ | ਪਿਛਲੇ ਸਾਲ ਤੋਂ ਪ੍ਰਤਿਸ਼ਤ ਬਦਲਾਅ |
| 2009 | 63700 | 4.5 | 11136 | -3.7 |
| 2010 | 64889 | 20.8 | 14193 | 27.6 |
| 2011 | 77591 | 19.6 | 16564 | 16.7 |
| 2012 | 94487 | 21.8 | 17737 | 7.1 |
| 2013 | 107671 | 14.0 | 18445 | 4.0 |

*ਸਰੋਤ: ਸੈਰ-ਸਪਾਟਾ ਮੰਤਰਾਲਾ, ਭਾਰਤ ਸਰਕਾਰ 2013*

| ਤਾਲਿਕਾ-8 : ਭਾਰਤ ਵਿਚ ਹੋਟਲ ਤੇ ਹੋਟਲਾਂ ਦੇ ਕਮਰੇ (ਮਨਜ਼ੂਰਸ਼ੁਦਾ ਹੋਟਲਾਂ ਦੀ ਗਿਣਤੀ ਤੇ ਕਮਰਿਆਂ ਦੀ ਉਪਲਬਧਤਾ) 2013 | | |
|---|---|---|
| **ਹੋਟਲ ਦੀ ਸ਼੍ਰੇਣੀ** | **ਨੰਬਰ** | **ਕਮਰੇ** |
| ਇਕ ਸਿਤਾਰਾ | 82 | 2086 |
| ਦੋ ਸਿਤਾਰਾ | 121 | 3154 |
| ਤਿੰਨ ਸਿਤਾਰਾ | 637 | 26617 |
| ਚਾਰ ਸਿਤਾਰਾ | 111 | 7738 |
| ਪੰਜ ਸਿਤਾਰਾ | 85 | 10128 |
| ਪੰਜ ਸਿਤਾਰਾ (ਡੀਲਕਸ) | 106 | 21820 |
| ਆਪਰਟਮੈਂਟ ਹੋਟਲ | 3 | 249 |
| ਟਾਈਮ ਸ਼ੇਅਰ ਰੀਸਾਰਟਸ | 1 | 31 |
| ਹੈਰੀਏਜ ਹੋਟਲ | 46 | 1322 |
| ਬੀ ਐਂਡ ਬੀ ਐਸਟੈਬਲਿਸ਼ਮੈਂਟਸ | 31 | 158 |
| ਗੈਸਟ ਹਾਊਸ | 4 | 61 |
| ਅਨਕਲਾਸੀਫਾਈਡ | 30 | 1989 |

*ਸਰੋਤ: ਸੈਰ-ਸਪਾਟਾ ਮੰਤਰਾਲਾ, ਭਾਰਤ ਸਰਕਾਰ 2013*

| ਤਾਲਿਕਾ-9 : ਭਾਰਤੀ ਸੜਕਾਂ | |
|---|---|
| ਰਾਸ਼ਟਰੀ ਸ਼ਾਹ ਰਾਹ/ਐਕਸਪ੍ਰੈੱਸ ਵੇ | 65,590 ਕਿ.ਮੀ. |
| ਰਾਜ ਸ਼ਾਹ ਰਾਹ | 1,28,000 ਕਿ.ਮੀ. |
| ਹੋਰ ਮੁੱਖ ਅਤੇ ਜ਼ਿਲ੍ਹਾ ਸੜਕਾਂ | 4,70,000 ਕਿ.ਮੀ. |
| ਦਿਹਾਤੀ ਸੜਕਾਂ | 26,50,000 ਕਿ.ਮੀ. |

ਸਰੋਤ: http://www.ibef.org/industry/roads-india.aspx

| | |
|---|---|
| ਸਿੰਗਲ ਲੇਨ | 32 ਪ੍ਰਤਿਸ਼ਤ |
| ਡਬਲ/ਇੰਟਰਮੀਡੀਏਟ ਲੇਨ | 56 ਪ੍ਰਤਿਸ਼ਤ |
| ਫੋਰ ਲੇਨ/ਸਿਕਸ ਲੇਨ/ਏਟ ਲੇਨ | 12 |

ਸਰੋਤ: http://www.ibef.org/industry/roads-india.aspx

| ਤਾਲਿਕਾ-10 : ਭਾਰਤ ਵਿਚ ਰੇਵਲੇ | | |
|---|---|---|
| ਗੇਜ | ਰੂਟ ਟਰੈਕ ਕਿ.ਮੀ. | ਕੁੱਲ ਟਰੈਕ ਕਿ.ਮੀ. |
| ਬਰਾਡ ਗੇਜ (1.676 ਐੱਮ ਐੱਮ) | 49,820 71,015 | 93,386 |
| ਮੀਟਰ ਗੇਜ (1.000 ਐੱਮ ਐੱਮ) | 10,621 11,487 | 13,412 |
| ਨਾਰੋ ਗੇਜ (762 ਐੱਮ ਐੱਮ ਤੇ 610 ਐੱਮ ਐੱਮ) | 2,886 2,888 | 3,198 |

ਸਰੋਤ: http://www.ibef.org/industry/roads-india.aspx

ਰੂਟ ਕਿਲੋਮੀਟਰ ਦਾ ਲਗਭਗ 28 ਪ੍ਰਤਿਸ਼ਤ ਰਨਿੰਗ ਟਰੈਕ ਦਾ ਲਗਭਗ 39 ਪ੍ਰਤਿਸ਼ਤ ਅਤੇ ਕੁੱਲ ਟਰੈਕ ਦਾ 41 ਪ੍ਰਤਿਸ਼ਤ ਦਾ ਬਿਜਲੀਕਰਨ ਹੋ ਚੁੱਕਾ ਹੈ।

ਅਤੇ ਸੈਰ-ਸਪਾਟਾ ਸਰਗਰਮੀਆਂ ਜਾਰੀ ਹਨ। ਵਿਸ਼ਵ ਆਰਥਿਕ ਮੰਦਵਾੜੇ ਦੇ ਬਾਵਜੂਦ, ਭਾਰਤੀ ਆਰਥਿਕਤਾ ਸਹੀ ਸਥਿਤੀ ਵਿਚ ਹੈ ਤੇ ਅਜੇ ਵੀ ਬਾਕੀ ਦੁਨੀਆਂ ਦੇ ਮੁਕਾਬਲੇ ਕਈ ਮਾਮਲਿਆਂ ਵਿਚ ਮਜ਼ਬੂਤ ਵਿਕਾਸ ਦਰ ਦਿਖਾ ਰਹੀ ਹੈ। ਗਿਣਾਤਮਕ ਪੱਖੋਂ ਵਾਧਾ ਹੋ ਰਿਹਾ ਹੈ ਜਿਸ ਨਾਲ ਉਦਯੋਗਿਕ ਨੁਮਾਇੰਦਿਆਂ ਜਿਵੇਂ ਕਿ ਹੋਟਲ, ਟੂਰ ਅਪਰੇਟਰ, ਏਅਰਲਾਈਨਜ਼, ਸਿਟੰਗ ਵਾਈਨਜ਼ ਆਦਿ ਆਪਣਾ ਨਿਵੇਸ਼ ਵਧਾ ਰਹੇ ਹਨ। ਇਸ ਨਾਲ ਰਿਹਾਇਸ਼ੀ ਕਰਾਇਆਂ ਦੇ ਕਿਰਾਏ ਦੇ ਦਿਤੇ ਜਾਣ ਦੀ ਔਸਤ ਵਧੇਗੀ ਤੇ ਅਜਿਹਾ ਹੋ ਵੀ ਰਿਹਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਸੈਰ-ਸਪਾਟਾ ਉਦਯੋਗ ਵਲੋਂ ਭਵਿੱਖ ਵਿਚ ਚੰਗੀ ਕਾਰਗੁਜ਼ਾਰੀ ਦਿਖਾਉਣ ਦੀ ਸੰਭਾਵਨਾ ਹੈ ਅਤੇ ਇਹ ਉਦਯੋਗ ਲਮੇਂ ਸਮੇਂ ਦੇ ਨਿਵੇਸ਼ਕਾਂ ਲਈ ਦਿਲਚਸਪੀ ਵਾਲਾ ਖੇਤਰ ਹੈ। ਭਾਰਤ ਵਿਚ ਇਸ ਦੀਆਂ ਸੰਭਾਵਨਾਵਾਂ ਨੂੰ ਦੇਖਦਿਆਂ ਅੰਤਰਰਾਸ਼ਟਰੀ ਅਤੇ ਘਰੇਲੂ ਹੋਟਲ ਪ੍ਰਬੰਧਕ ਤੇਜ਼ੀ ਨਾਲ ਇਸ ਦਾ ਲਾਹਾ ਲੈਣ ਲਈ ਉਤਰ ਰਹੇ ਹਨ। ਡਾਕਟਰੀ ਸੰਬੰਧੀ ਸੈਰ-ਸਪਾਟੇ ਦੀ ਵੀ ਭਵਿੱਖ ਵਿਚ ਵਾਧੇ ਦੀ ਸੰਭਾਵਨਾ ਹੈ ਅਤੇ ਭਾਰਤ ਲੱਖਾਂ ਡਾਲਰ ਦੀ ਆਮਦਨ ਵਾਲੇ ਉਹ ਖੇਤਰ ਦਾ ਫ਼ਾਇਦਾ ਲੈਣ ਲਈ ਅਵੱਲ ਦਰਜੇ ਦੀਆਂ ਆਧੁਨਿਕ ਸਹੂਲਤਾਂ ਵਿਕਸਤ ਕਰਨ ਵਿਚ ਲੱਗਾ ਹੋਇਆ ਹੈ।

ਰਿਹਾਇਸ਼, ਆਵਾਜਾਈ ਵਸੀਲੇ ਅਤੇ ਮਨੋਰੰਜਨ ਆਦਿ ਸਹੂਲਤਾਂ ਕਿਸੇ ਅਹਿਮ ਸੈਰ-ਸਪਾਟਾ ਸਥਾਨ ਦੇ ਮੁੱਖ ਤੱਤ ਹਨ। ਇਨ੍ਹਾਂ ਸਹੂਲਤਾਂ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲੇਬਾਜ਼ੀ ਹੀ ਇਹ ਨਿਰਧਾਰਤ ਕਰਦੀ ਹੈ ਕਿ ਇਹ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਵਿਚ ਸਹਾਇਕ ਸਿੱਧ ਹੋਣਗੀਆਂ ਜਾਂ ਰੁਕਾਵਟ ਬਣਨਗੀਆਂ। ਕਿਸੇ ਸੈਰ-ਸਪਾਟਾ ਸਥਾਨ ਦੇ ਸਮੁੱਚੇ ਆਕਰਸ਼ਣ ਵਿਚ ਸੁਧਾਰ ਲਈ ਯੋਜਨਾਬੰਦੀ ਕਰਨ ਲੱਗਿਆਂ ਅਜਿਹੇ ਬੁਨਿਆਦੀ ਢਾਂਚੇ ਦੀ ਮੌਜੂਦਾ ਰਾਸ਼ਟਰੀ ਅੰਤਰ-ਰਾਸ਼ਟਰੀ ਮਿਆਰ ਦੀ ਸਥਿਤੀ ਦਾ ਵੇਰਵੇ ਨਾਲ ਅਧਿਐਨ ਕਰ ਲਿਆ ਜਾਣਾ ਚਾਹੀਦਾ ਹੈ।

ਭਾਰਤ ਦੇ ਸੈਰ-ਸਪਾਟਾ ਖੇਤਰ ਵਿਚ ਆਏ ਅਚਾਨਕ ਉਛਾਲੇ ਨਾਲ ਇਸ ਖੇਤਰ ਵਿਚ ਸਰਗਰਮੀ ਵਧੀ ਹੈ ਅਤੇ ਇਸ ਦੀ ਵਿਕਾਸ ਦਰ ਬਰਕਰਾਰ ਰੱਖਣ ਲਈ ਕੋਸ਼ਿਸ਼ਾਂ ਜਾਰੀ ਹਨ। ਤੱਥ ਇਹ ਹੈ ਕਿ ਸੈਰ-ਸਪਾਟਾ ਉਦਯੋਗ ਟ੍ਰਿਲੀਅਨ ਡਾਲਰ ਦਾ ਵਿਸ਼ਾਲ ਉਦਯੋਗ ਹੈ। ਇਸੇ ਲਈ ਭਾਰਤ ਇਸ ਖੇਤਰ ਤੋਂ ਦੁਨੀਆਂ ਦੇ ਸਭ ਤੋਂ ਵੱਧ ਵਿਦੇਸ਼ੀ ਮੁਦਰਾ ਕਮਾਉਣ ਵਾਲੇ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਦੇਸ਼ਾਂ ਵਿਚੋਂ ਇਕ ਦੇਸ਼ ਹੈ।

ਇਹ ਮੰਨਣ ਵਾਲੀ ਗੱਲ ਹੈ ਕਿ ਭਾਰਤ ਕੋਲ ਚੰਗੀਆਂ ਸੜਕਾਂ ਨਹੀਂ ਹਨ ਅਤੇ ਸਿਰਫ਼ 12 ਪ੍ਰਤਿਸ਼ਤ ਹੀ ਅੰਤਰਰਾਸ਼ਟਰੀ ਮਾਨਕਾਂ 'ਤੇ ਖਰੀਆਂ ਉਤਰਦੀਆਂ ਹਨ ਤੇ ਇਹੀ ਕਾਰਨ ਸੈਲਾਨੀਆਂ ਦੀ ਆਮਦ ਵਿਚ ਰੁਕਾਵਟ ਬਣਦਾ ਹੈ। ਯੂਰਪ ਦੇ ਸੈਲਾਨੀ ਸੜਕਾਂ ਰਾਹੀਂ ਸੈਰ-ਸਪਾਟਾ ਕਰਨਾ ਪਸੰਦ ਕਰਦੇ ਹਨ। ਗ਼ੈਰ ਜ਼ਿੰਮੇਵਾਰ ਡਰਾਈਵਿੰਗ ਅਤੇ ਸੜਕੀ ਹਾਦਸਿਆਂ ਵਿਚ ਸਭ ਤੋਂ ਉਪਰ ਦੇਸ਼ ਹੋਣ ਦਾ ਵੀ ਨਾਂਹ ਪੱਖੀ ਅਸਰ ਪੈਂਦਾ ਹੈ।

## ਜਲ ਆਵਾਜਾਈ

ਭਾਰਤ ਕੋਲ 14,500 ਕਿਲੋਮੀਟਰ ਦਾ ਜਲ ਮਾਰਗ ਹੈ। 2006-07 ਵਿਚ 50 ਮਿਲੀਅਨ ਟਨ ਮਾਲ ਅਸਬਾਬ ਜਲ ਮਾਰਗ ਰਾਹੀਂ ਭੇਜਿਆ ਗਿਆ। ਇਸ ਸਮੇਂ ਇਸ ਦੀਆਂ ਸਰਗਰਮੀਆਂ ਗੰਗਾ - ਭਾਗੀਰਥੀ - ਹੁਗਲੀ ਦਰਿਆਵਾਂ, ਬ੍ਰਹਮਪੁਤਰਾ, ਬਰਾਕ ਦਰਿਆ, ਗੋਆ ਵਿਚਲੇ ਦਰਿਆਵਾਂ, ਕੇਰਲ, ਮੁੰਬਈ ਅਤੇ ਗੋਦਾਵਰੀ-

ਕ੍ਰਿਸ਼ਨਾ ਦਰਿਆਵਾਂ ਦੇ ਤਾਸ ਵਾਲੇ ਇਲਾਕਿਆਂ ਤਕ ਸੀਮਤ ਹੈ। ਅਸੰਗਠਿਤ ਖੇਤਰ (ਸਥਾਨਕ ਬੇੜੀਆਂ ਆਦਿ) ਵਿਚ ਵੀ ਕਾਫ਼ੀ ਮਾਲ ਅਸਬਾਬ ਤੇ ਯਾਤਰੀਆਂ ਦੀ ਢੋ-ਢੁਆਈ ਕੀਤੀ ਜਾਂਦੀ ਹੈ।

## ਭਾਰਤ ਵਿਚ ਹਵਾਈ ਅੱਡੇ

ਹਥਲੀ ਸੂਚੀ ਤਹਿਤ ਭਾਰਤ ਦੇ 46 ਹਵਾਈ ਅੱਡੇ ਹਨ ਅਤੇ ਅਜਿਹੇ ਹਵਾਈ ਅੱਡੇ ਬਹੁਤ ਘੱਟ ਹਨ ਜੋ ਬਾਕੀ ਦੇ ਦੇਸ਼ ਨਾਲ ਜੁੜੇ ਹੋਣਾ, ਇਸ ਕਾਰਨ ਕਈ ਵਾਰ ਕਿਤੇ ਵਿਸ਼ੇਸ਼ ਅਸਥਾਨ 'ਤੇ ਹਵਾਈ ਮਾਰਗ ਰਾਹੀਂ ਪਹੁੰਚਣ ਵਿਚ ਰੇਲ ਮਾਰਗ ਤੋਂ ਵੀ ਵੱਧ ਸਮਾਂ ਲਗਦਾ ਹੈ। ਜਿਵੇਂ ਜੇ ਕੋਈ ਵਿਅਕਤੀ ਆਗਰਾ ਤੋਂ ਵਾਰਾਣਸੀ ਜਾਂ ਜੈਪੁਰ ਹਵਾਈ ਮਾਰਗ ਰਾਹੀਂ ਜਾਣਾ ਚਾਹੇ ਤਾਂ ਉਸ ਨੂੰ ਪਹਿਲਾਂ ਦਿੱਲੀ ਆਉਣਾ ਹੋਵੇਗਾ।

ਸੈਰ-ਸਪਾਟੇ ਵਿਚ ਆਏ ਇਨਕਲਾਬ ਦਾ ਲਾਹਾ ਨਾ ਲੈਣ ਦਾ ਦੋਸ਼ ਭਾਰਤ ਨੂੰ ਹੀ ਜਾਵੇਗਾ। ਕੁਝ ਪਹਿਲਕਦਮੀਆਂ ਨਾਲ ਦੇਸ਼ ਇਸ ਤੇਜ਼ੀ ਨਾਲ ਉੱਭਰ ਰਹੇ ਖੇਤਰ ਦਾ ਫ਼ਾਇਦਾ ਲੈ ਸਕਦਾ ਹੈ। ਹਵਾਈ ਅੱਡਿਆਂ, ਰੇਲਵੇ, ਜ਼ਮੀਨੀ ਆਵਾਜਾਈ, ਰਿਹਾਇਸ਼, ਸਿਖਲਾਈ ਹਾਸਲ ਮਨੁੱਖੀ ਸ਼ਕਤੀ, ਖਰੀਦਾਰੀ ਆਸਾਨੀ ਨਾਲ ਕਰ ਸਕਣ ਦੀ ਸਹੂਲਤ, ਡਾਕਟਰੀ ਸੈਰ-ਸਪਾਟਾ, ਸਿੱਖਿਆ ਸੈਰ-ਸਪਾਟਾ, ਲਗਾਤਾਰਤਾ ਵਾਲੇ ਵਿਕਾਸ ਨੇਮ ਇਨ੍ਹਾਂ ਸਾਰੇ ਖੇਤਰਾਂ ਵਿਚ ਬੁਨਿਆਦੀ ਢਾਂਚੇ ਵਿਚ ਸੁਧਾਰ ਦੀ ਵੱਡੀ ਗੁੰਜਾਇਸ਼ ਹੈ।

ਸੈਰ-ਸਪਾਟਾ ਉਦਯੋਗ ਨਿੱਜੀ ਖੇਤਰ ਨੂੰ ਸੈਰ-ਸਪਾਟਾ ਟੈਕਸ ਅਤੇ ਹੋਰ ਫ਼ਾਇਦਿਆ ਨੂੰ ਦੇ ਕੇ ਵਿਦੇਸ਼ੀ ਨਿਵੇਸ਼ ਅਰਜ਼ੀਆਂ ਨੂੰ ਮਨਜ਼ੂਰੀ ਲਈ ਸਿੰਗਲ ਵਿੰਡੋ ਨੇਮ ਬਣਾ ਕੇ ਜ਼ਮੀਨ, ਬੈਂਕ ਕਰਜ਼ਾ ਸਹਾਇਤਾ ਕਰਕੇ ਦੇਸ਼ ਵਿਚ ਵਿਦੇਸ਼ੀ ਸਿੱਕੇ ਦਾ ਸੁਤੰਤਰ ਵਹਾਅ ਬਣਾ ਕੇ, ਅਤੇ ਨੌਕਰਸ਼ਾਹੀ ਦੇ ਦਖ਼ਲ ਘਟਾ ਕੇ ਭ੍ਰਿਸ਼ਟਾਚਾਰ ਮੁਕਤ ਵਾਤਾਵਰਨ ਦੇ ਕੇ ਅਤੇ ਕਿੱਤੇ ਦੇ ਮਾਹਰਾਂ ਨੂੰ ਸ਼ਾਮਿਲ ਕਰਕੇ ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਵੱਡਾ ਸੁਧਾਰ ਲਿਆ ਸਕਦਾ ਹੈ।

ਚੁਨੌਤੀ ਚੋਣਵੇਂ ਕੇਂਦਰਾਂ ਅਤੇ ਸੰਗਠਿਤ ਵਿਕਾਸ ਲਈ ਕੇਂਦਰਾਂ ਦੀ ਸ਼ਨਾਖਤ ਕਰਨ ਦੀ ਹੈ ਜਿਥੇ ਮਕਬੂਲੀਅਤ ਦੇ ਆਧਾਰ 'ਤੇ ਸਹੂਲਤਾਂ ਕਾਇਮ ਕੀਤੀਆਂ ਜਾਣ ਕਿਉਂਕਿ ਸਾਰੇ ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਆਰਥਿਕ ਸੰਕਟ ਮੁੱਖ ਮੁੱਦਾ ਹੈ।

ਭਾਰਤ ਦੀ ਬੁਨਿਆਦੀ ਢਾਂਚੇ ਦੀ ਸਮੱਸਿਆ ਨਾ ਸਿਰਫ਼ ਰਾਸ਼ਟਰੀ ਸ਼ਾਹ-ਰਾਹ, ਜਰਨੈਲੀ ਸੜਕਾਂ ਦਾ ਵਿਕਾਸ ਪ੍ਰੋਗਰਾਮਾਂ, ਰੇਲਵੇ, ਹਵਾਈ ਅੱਡਾ ਵਿਕਾਸ ਲਈ ਮਹਿੰਗੀਆਂ ਸਕੀਮਾਂ ਜਿਹੀਆਂ ਸਹੂਲਤਾਂ ਕਾਇਮ ਕਰ ਸਕਣ ਦੀ ਅਸਮਰੱਥਾ ਹੈ ਸਗੋਂ ਇਨ੍ਹਾਂ ਬੁਨਿਆਦੀ ਢਾਂਚਾ ਸਕੀਮਾਂ ਦੀਆਂ ਆਖ਼ਰੀ ਮੌਕੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਹੈ ਜੋ ਕਿ ਬਾਅਦ ਵਿਚ ਸਾਂਭੇ ਨਹੀਂ ਜਾ ਸਕਦੇ।

"ਹੈਰਤ ਅੰਗੇਜ਼ ਭਾਰਤ ਮੁਹਿੰਮ" ਰਾਹੀਂ ਵਿਕਲਪ ਵਾਲੇ ਸੈਲਾਨੀ-ਕੇਂਦਰ ਵਜੋਂ ਭਾਰਤ ਨੂੰ ਪੇਸ਼ ਕੀਤੇ ਜਾਣ ਜਾਂ ਜ਼ੋਰਦਾਰ ਕੋਸ਼ਿਸ਼ਾਂ ਦੇ ਬਾਵਜੂਦ, ਭਾਰਤ ਵਰਗੇ ਵੱਡ-ਆਕਾਰੀ ਦੇਸ਼ ਨੂੰ ਦੇਖਦਿਆਂ ਵਿਦੇਸ਼ੀ ਸੈਲਾਨੀਆਂ ਦੀ ਆਮਦ ਬਹੁਤ ਜ਼ਿਆਦਾ ਨਹੀਂ ਹੈ। ਬੁਨਿਆਦੀ ਢਾਂਚੇ ਵਿਚ ਸੁਧਾਰ ਦੀ ਕਮੀ ਲਈ ਜੰਗੀ ਪੱਧਰ ਦੀਆਂ ਕਾਰਵਾਈਆਂ ਨਾ ਕਰਨ 'ਤੇ ਸੈਲਾਨੀਆਂ ਦੀ ਆਮਦ 5 ਜਾਂ 6 ਮਿਲੀਅਨ 'ਤੇ ਸੀਮਤ ਰਹੇਗੀ। ਇਹ ਖ਼ੁਸ਼ੀ ਵਾਲੀ ਗੱਲ ਹੈ ਕਿ ਸੈਰ-ਸਪਾਟੇ ਬਾਰੇ ਕੇਂਦਰੀ ਮੰਤਰੀ ਨੇ ਸੈਰ-ਸਪਾਟਾ ਬੁਨਿਆਦੀ ਢਾਂਚੇ ਬਾਰੇ ਸੇਧਾਂ ਜਾਰੀ ਕੀਤੀਆਂ ਹਨ ਤਾਂ ਕਿ ਸਾਰੇ ਰਾਜ ਅੰਤਰਰਾਸ਼ਟਰੀ ਪੱਧਰ ਦਾ ਸੈਰ-ਸਪਾਟਾ ਬੁਨਿਆਦੀ ਢਾਂਚਾ ਕਾਇਮ ਕਰ ਸਕਣ। ਇਨ੍ਹਾਂ ਸੇਧਾਂ ਵਿਚੋਂ ਕੁਝ ਸਹੀ ਦਿਸ਼ਾ ਵਿਚ ਚੁੱਕੇ ਗਏ ਕਦਮ ਲਗਦੇ ਹਨ।

## ਅਗਵਾਈ ਲੀਹਾਂ

1) ਰਾਜ/ਕੇਂਦਰੀ ਸ਼ਾਸਤ ਪ੍ਰਸ਼ਾਸਨ ਨੂੰ ਜਿਥੋਂ ਤਕ ਹੋ ਸਕੇ ਵਿਸ਼ੇਸ਼ ਸਿਖਲਾਈ ਵਾਲੇ ਭਵਨ-ਨਿਰਮਾਤਾਵਾਂ ਨੂੰ ਕੰਮ 'ਤੇ ਰੱਖਣਾ ਚਾਹੀਦਾ ਹੈ ਅਤੇ ਆਪਣੇ ਵਸੀਲਿਆਂ ਤੋਂ ਉਨ੍ਹਾਂ ਨੂੰ ਤਨਖ਼ਾਹ ਦੇਣੀ ਚਾਹੀਦੀ ਹੈ।

2) ਸੈਰ-ਸਪਾਟਾ ਸੰਬੰਧਿਤ ਸਕੀਮਾਂ ਨੂੰ ਰਾਜਾਂ/ਕੇਂਦਰੀ ਸ਼ਾਸਤ ਪ੍ਰਸ਼ਾਸਨਾਂ ਵਲੋਂ ਸਿੰਗਲ ਵਿੰਡੋ ਮਨਜ਼ੂਰੀ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

3) ਮੇਗਾ ਸੈਲਾਨੀ ਸਥਾਨ ਸਕੀਮਾਂ/ਰਾਜਾਂ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਦੇ ਹਲਕਿਆਂ ਤਹਿਤ ਸਕੀਮਾਂ ਤਿਆਰ ਕਰਨ ਲੱਗਿਆਂ ਇਨ੍ਹਾਂ ਨੂੰ ਜੇ ਐੱਨ ਐੱਨ ਯੂ ਆਰ ਐੱਮ ਦੇ ਘੇਰੇ ਵਿਚ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

## ਸ਼ਹਿਰੀ ਨਾਗਰਿਕ ਸਹੂਲਤਾਂ

1) ਰਾਜਾਂ ਨੂੰ ਸੈਲਾਨੀ ਕੇਂਦਰਾਂ ਵਿਚ ਅਤੇ ਆਲੇ-ਦੁਆਲੇ ਮੌਸਮ ਦੀ ਸਥਿਤੀ ਦੱਸਣ ਅਤੇ ਸੰਪਰਕ ਸਿਲਸਿਲਾ ਕਾਇਮ ਕਰਨ ਸਮੇਤ ਸਾਰੇ ਸੈਲਾਨੀ ਵਰਤੋਂਕਾਰਾਂ ਲਈ ਰੁਕਾਵਟ ਤੋਂ ਮੁਕਤ ਵਾਤਾਵਰਨ ਉਪਲਬਧ ਕਰਾਉਣਾ ਚਾਹੀਦਾ ਹੈ।

2) ਹੇਠ ਲਿਖਤ ਨੁਕਤਿਆਂ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇ :

- ਡਿਜ਼ਾਈਨ ਕੋਡ, ਸਮੱਗਰੀ ਦੀ ਚੋਣ ਫੈਬਰੀਕੇਸ਼ਨ, ਜੀਵਨ ਕਾਲ, ਜਲਵਾਯੂ ਦਾ ਅਸਰ ਅਤੇ ਸਾਂਭ-ਸੰਭਾਲ।
- ਸੜਕੀ ਸੰਕੇਤਾਂ, ਬੋਰਡ ਆਦਿ ਦਾ ਚੋਖੀ ਗਿਣਤੀ ਵਿਚ ਤੇ ਸਹੀ ਥਾਂ ਹੋਣਾ।
- ਕੂੜਾਦਾਨ ਦੀ ਉਪਲਬਧਤਾ।
- ਸੂਚਨਾ/ਮਾਰਗ ਲੱਭ ਸਕਣ ਦੇ ਵਸੀਲੇ।
- ਜਨਤਕ ਸ਼ੌਚ ਸਥਾਨ ਦੀ ਉਪਲਬਧਤਾ।
- ਪਾਰਕਿੰਗ ਅਸਥਾਨ (ਅੰਗਹੀਣਾਂ ਤੇ ਦੋ ਪੱਹੀਆਂ ਲਈ ਵਿਵਸਥਾ ਸਮੇਤ ਪਾਰਕਿੰਗ)।

3. ਰਾਜ/ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਨੂੰ ਉੱਚ ਮਿਆਰੀ ਸੈਲਾਨੀ ਨਕਸ਼ਿਆਂ, ਗਾਈਡਾਂ, ਸੀ ਡੀਆਂ, ਪੋਸਟਰਾਂ, ਸੈਰ-ਸਪਾਟਾ ਕੈਲੰਡਰਾਂ, ਲਪੇਟ ਸਕਣ ਯੋਗ ਅਤੇ ਨਾਲ ਲੈ ਜਾ ਸਕਣ ਯੋਗ ਨਕਸ਼ੇ ਮੁਹੱਈਆ ਕਰਾਉਣੇ ਚਾਹੀਦੇ ਹਨ ਤੇ ਨਾਲ ਦੀ ਨਾਲ ਭਾਰਤ ਦੇ ਅਮੀਰ, ਜੀਵੰਤ ਅਤੇ ਵੰਨ-ਸੁਵੰਨੇ ਸਭਿਆਚਾਰਾਂ ਨੂੰ ਦਰਸਾਉਂਦੀ ਪ੍ਰਚਾਰ ਸਮੱਗਰੀ ਦੀ ਵਰਤੋਂ ਕਰਨੀ ਚਾਹੀਦੀ ਹੈ।

4. ਵੇਰਵੇ ਸਹਿਤ ਪ੍ਰਜੈਕਟ ਰਿਪੋਰਟ (ਡੀ ਪੀ ਆਰ) ਨੂੰ ਇਹ ਪੱਕੇ ਤੌਰ ਤੇ ਸਪੱਸ਼ਟ ਕਰਨਾ ਹੋਵੇਗਾ ਕਿ ਸਕੀਮ ਲਾਗੂ ਕਰਨ ਵਾਲੀ ਏਜੰਸੀ ਨੂੰ ਜ਼ਮੀਨ ਹਾਸਲ ਹੋ ਚੁੱਕੀ ਹੈ। ਜੇ ਕਿਸੇ ਸਕੀਮ ਨੂੰ ਜ਼ਮੀਨ ਦੀ ਉਪਲਬਧਤਾ ਨਾ ਹੋਣ ਕਰਕੇ ਮੰਤਰਾਲਾ ਦੀ ਮਨਜ਼ੂਰੀ ਦੇ ਬਾਵਜੂਦ ਇਸ ਸਾਲ ਵਿਚ ਸ਼ੁਰੂ ਨਹੀਂ ਕੀਤਾ ਜਾ ਸਕਿਆ ਤਾਂ ਸਕੀਮ ਨੂੰ ਰੱਦ ਕਰਕੇ ਪੈਸੇ ਦੀ ਵਸੂਲੀ ਦਾ ਅਮਲ ਸ਼ੁਰੂ ਕਰ ਦਿਤਾ ਜਾਵੇਗਾ।

5. ਸੈਲਾਨੀ ਸੈਰ-ਸਪਾਟਾ ਸਥਾਨ ਵੱਲ ਜਾਂਦੇ ਰਸਤਿਆਂ 'ਤੇ ਕੰਢੇ-ਕੰਢੇ ਹਰ 50 ਕਿਲੋਮੀਟਰ

ਦੀ ਵਿੱਥ 'ਤੇ ਲੋੜੀਂਦੀਆਂ ਸਹੂਲਤਾਂ ਕਾਇਮ ਕੀਤੀਆਂ ਜਾਣ।

6. ਸੜਕੀ ਸੰਕੇਤ ਬੋਰਡ ਆਦਿ ਜਿਥੋਂ ਤਕ ਹੋ ਸਕੇ, ਅੰਤਰਰਾਸ਼ਟਰੀ ਮਾਨਕਾਂ ਮੁਤਾਬਕ ਹੋਣੇ ਚਾਹੀਦੇ ਹਨ।

7. ਰਾਜਾਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਨੂੰ ਆਪਣੇ ਮਾਲੀ ਸਾਧਨਾਂ ਦੀ ਵਰਤੋਂ ਕਰ ਕੇ ਮੌਜੂਦਾ ਸੈਲਾਨੀ ਸਹੂਲਤਾਂ ਦੇ ਸੁਧਾਰ ਨੂੰ ਇਕ ਨੀਤੀ ਵਜੋਂ ਸ਼ਾਮਿਲ ਕਰਨਾ ਚਾਹੀਦਾ ਹੈ।

8. ਰਾਜਾਂ ਨੂੰ ਜਨਤਕ ਸਹੂਲਤਾਂ ਦੇ ਪ੍ਰਬੰਧ ਤੇ ਰੱਖ-ਰਖਾਅ ਲਈ ਇਕ ਅਦਾਰਾਗਤ ਢਾਂਚਾ ਕਾਇਮ ਕਰਨਾ ਚਾਹੀਦਾ ਹੈ।

## ਵਿਰਾਸਤੀ ਕੇਂਦਰ ਅਤੇ ਦਿਸ਼ਾ ਸੰਕੇਤ ਬੋਰਡ ਬਣਾਉਣੇ

1) ਰਾਜਾਂ, ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਜਿਥੋਂ ਤਕ ਸੰਭਵ ਹੋਵੇ ਖੋਜ, ਦਸਤਾਵੇਜ਼ੀਕਰਨ, ਮੁੱਲ ਯੋਗਤਾ, ਨੁਕਸਾਨ ਜਾਇਜ਼ਾ, ਸਾਂਭ-ਸੰਭਾਲ, ਪ੍ਰਬੰਧਨ, ਸੈਰ-ਸਪਾਟਾ ਬੁਨਿਆਦੀ ਢਾਂਚਾ, ਜੋਖਿਮ ਜਾਇਜ਼ਾ, ਕੇਂਦਰ ਬਾਰੇ ਵੇਰਵੇ, ਸੁਰੱਖਿਆ ਅਤੇ ਮੁਢਲੀ ਸਹਾਇਤਾ, ਸੌਖੀ ਪਹੁੰਚ, ਰਹਿੰਦ-ਖੂੰਹਦ ਪ੍ਰਬੰਧਨ, ਸਮੁਦਾਇਕ ਵਿਚਾਰ-ਵਟਾਂਦਰਾ ਅਤੇ ਵਪਾਰਕ ਯੋਜਨਾਬੰਦੀ ਜਿਹੇ ਤੱਤਾਂ ਨੂੰ ਸਾਹਮਣੇ ਰੱਖਦਿਆਂ ਸਾਂਭ-ਸੰਭਾਲ ਬਾਰੇ ਇਕ ਵਿਆਪਕ ਯੋਜਨਾ ਤਿਆਰ ਕਰਨੀ ਚਾਹੀਦੀ ਹੈ।

2) ਰਾਜਾਂ ਨੂੰ ਵਿਰਾਸਤੀ ਕੇਂਦਰਾਂ ਵਿਚ ਅੰਤਰਰਾਸ਼ਟਰੀ ਵਿਰਾਸਤ ਕੇਂਦਰਾਂ ਦੀ ਸੂਚੀ ਵਾਲੇ ਕੇਂਦਰਾਂ ਲਈ ਉਚੇਚੇ ਤੌਰ ਤੇ ਅਤੇ ਬਾਕੀ ਵਿਰਾਸਤ ਕੇਂਦਰਾਂ ਲਈ ਆਮ ਤੌਰ ਤੇ ਸੰਯੁਕਤ ਰਾਸ਼ਟਰ ਦੇ ਚਾਰਟਰ ਜਾਂ ਅੰਤਰਰਾਸ਼ਟਰੀ ਮਾਨਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

3. ਸੜਕੀ ਸੰਕੇਤਾਂ, ਬੋਰਡਾਂ ਆਦਿ ਲਈ ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਵਪਾਰਕ ਅਦਾਰੇ ਅਤੇ ਸ਼ਾਹ-ਰਾਹਾਂ ਬਾਰੇ ਭਾਰਤ ਦੀ ਰਾਸ਼ਟਰੀ ਅਥਾਰਿਟੀ ਦੀਆਂ ਅਗਵਾਈ ਲੀਹਾਂ ਮੁਤਾਬਕ ਚਲਣਾ ਚਾਹੀਦਾ ਹੈ।

5. ਰਾਜਾਂ/ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਨੂੰ ਕਿਸੇ ਸੈਲਾਨੀ ਕੇਂਦਰ ਦੇ ਸਮੇਂ ਸਿਰ ਪੂਰਾ ਹੋਣ ਅਤੇ ਉਸ ਤੋਂ ਬਾਅਦ ਸਾਂਭ-ਸੰਭਾਲ ਯਕੀਨੀ ਬਣਾਉਣ ਲਈ ਢੁਕਵਾਂ ਅਦਾਰਾਗਤ ਸਿਲਸਿਲਾ ਕਾਇਮ ਕਰਨਾ ਚਾਹੀਦਾ ਹੈ।

6. ਰਾਜਾਂ ਆਦਿ ਨੂੰ ਸੈਰ-ਸਪਾਟਾ ਵਿਕਾਸ ਯੋਜਨਾਵਾਂ ਅਤੇ ਸਾਂਭ ਸੰਭਾਲ ਲਈ ਮਜ਼ਬੂਤ ਮਾਲੀ ਯੋਜਨਾਬੰਦੀ ਅਤੇ ਰਕਮਾਂ ਦੀ ਉਪਲਬਧੀ ਹੋਣੀ ਚਾਹੀਦੀ ਹੈ।

7. ਸਕੀਮ ਦੇ ਅਮਲੀਕਰਨ ਅਤੇ ਸਾਂਭ ਸੰਭਾਲ ਲਈ ਸਰਕਾਰੀ ਨਿੱਜੀ ਭਾਈਵਾਲੀ ਨੂੰ ਉਤਸ਼ਾਹਿਤ ਕੀਤਾ ਜਾਵੇ।

## ਜਲਵਾਯੂ ਮੁਤਾਬਕ ਅਤੇ ਸਥਾਨਕ ਭਾਸ਼ਾਈ ਭਵਨ ਨਿਰਮਾਣ

ਰਾਜ ਯਕੀਨੀ ਬਣਾਉਣ ਕਿ :

- ਮਿੱਟੀ ਦੀ ਘੱਟ ਤੋਂ ਘੱਟ ਪੁਟਾਈ ਕੀਤੀ ਜਾਵੇ।
- ਵਰਖਾ ਖੇਤੀ, ਜ਼ਮੀਨ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਅਤੇ ਸਿਫ਼ਰ-ਡਿਸਚਾਰਜ ਲਈ ਕੋਸ਼ਿਸ਼ ਕੀਤੀ ਜਾਵੇ।
- ਲਾਗਤ, ਸੁੰਦਰਤਾ ਅਤੇ ਸੁਰੱਖਿਆ ਦੇ ਤੱਤਾਂ ਨੂੰ ਸਾਹਮਣੇ ਰੱਖਦਿਆਂ ਬਾਹਰਲੀ ਵਲਗਣ ਤਿਆਰ ਕੀਤੀ ਜਾਵੇ।
- ਸੂਰਜੀ ਊਰਜਾ ਅਤੇ ਮੁੜ ਵਰਤੋਂ ਯੋਗ ਊਰਜਾ ਨੂੰ ਉਤਸ਼ਾਹ ਮਿਲੇ।

5. ਰਾਜਾਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਨੂੰ :

- ਫੁਹਾਰਿਆਂ ਵਰਗੇ ਜੰਤਰਾਂ ਦੀ ਘੱਟ ਪਾਣੀ ਵਾਲੇ ਖੇਤਰਾਂ ਵਿਚ ਵਰਤੋਂ ਨੂੰ ਉਤਸ਼ਾਹਤ ਨਾ ਕੀਤਾ ਜਾਵੇ।
- ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਬਿਜਲੀ ਦੀ ਘਾਟ ਵਾਲੇ ਇਲਾਕਿਆਂ ਵਿਚ ਵੱਡ-ਪੱਧਰੀ ਰੋਸ਼ਨੀ ਨਾ ਕੀਤੀ ਜਾਵੇ।

ਸਕੀਮ ਸ਼ੁਰੂ ਕਰਨ ਤੋਂ ਪਹਿਲਾਂ ਯਕੀਨੀ ਬਣਾਇਆ ਜਾਵੇ ਕਿ ਉਥੇ ਪਾਣੀ ਵਸੀਲੇ, ਲੋੜੀਂਦੇ ਪਾਣੀ ਦੀ ਮਾਤਰਾ ਅਤੇ ਸਿੰਜਾਈ ਸਿਲਸਿਲਾ ਮੌਜੂਦ ਹੈ।

- ਪਹੁੰਚ ਯੋਗ ਬੁਨਿਆਦੀ ਢਾਂਚੇ ਨੂੰ ਉਤਸ਼ਾਹਤ ਕੀਤਾ ਜਾਵੇ।
- ਸਕੀਮਾਂ ਦੇ ਜਾਰੀ ਰਹਿਣ ਵਾਲੀ ਪੰਜ ਸਾਲਾਂ ਤਕ ਲਈ ਯੋਜਨਾਬੰਦੀ ਅਤੇ ਰੱਖ-ਰਖਾਅ ਬਜਟ ਤਿਆਰ ਅਤੇ ਪੇਸ਼ ਕੀਤਾ ਜਾਵੇ ਜਿਸ ਨੂੰ ਰਾਜਾਂ ਆਦਿ ਤੋਂ ਮਿਲੇ ਜਾਂ ਨਿੱਜੀ ਸਰਕਾਰੀ ਭਾਈਵਾਲੀ ਰਾਹੀਂ ਮਾਲੀ ਮਦਦ ਮਿਲੇ।

## ਫੂਡ ਕਰਾਫਟ ਅਤੇ ਹੋਟਲ ਮੈਨੇਜਮੈਂਟ ਅਦਾਰੇ ਵਿਕਸਤ ਸਥਾਨ ਵਾਲੇ ਪਲਾਟ 'ਤੇ ਹੋਣੇ ਚਾਹੀਦੇ ਹਨ।

1. ਭਵਿੱਖ ਦੇ ਵਿਸਥਾਰ ਨੂੰ ਧਿਆਨ ਵਿਚ ਰੱਖਿਆ ਜਾਵੇ ਪਰ ਕੋਈ ਆਡੀਟੋਰੀਅਮ ਕਾਇਮ ਨਾ ਕੀਤਾ ਜਾਵੇ।

2. ਪੂਰੇ ਕੰਪਲੈਕਸ ਖੇਤਰ ਦੀ ਯੋਜਨਾਬੰਦੀ ਕੀਤੀ ਜਾਵੇ।

3. ਸਕੀਮ ਦੀ ਦ੍ਰਿਸ਼ ਯੋਜਨਾਕਾਰੀ ਮੁੱਖ ਲੋੜਾਂ ਨੂੰ ਸਾਹਮਣੇ ਰੱਖ ਕੇ ਕੀਤੀ ਜਾਵੇ।

ਭਾਰਤੀ ਸੈਰ-ਸਪਾਟਾ ਖੇਤਰ ਵੱਡੀ ਤਰੱਕੀ ਲਈ ਤਿਆਰ ਹੈ। ਪਰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਕੋਈ ਵੀ ਦੇਸ਼ ਉਸ ਦੀ ਉਡੀਕ ਵਿਚ ਨਹੀਂ ਰਹਿਣਾ ਵਾਲਾ। ਸੈਰ-ਸਪਾਟਾ ਖੇਤਰ ਸਾਰੇ ਵਿਕਾਸਸ਼ੀਲ ਦੇਸ਼ਾਂ ਦੀਆਂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੋਣ ਕਰਕੇ ਆਪਸ ਵਿਚ ਫਸਵਾਂ ਮੁਕਾਬਲਾ ਹੈ। ਚੀਨ, ਥਾਈਲੈਂਡ, ਮਲੇਸ਼ੀਆ ਅਤੇ ਇੰਡੋਨੇਸ਼ੀਆ ਸੈਰ-ਸਪਾਟਾ ਬੁਨਿਆਦੀ ਢਾਂਚੇ ਉਪਰ ਵੱਡਾ ਖਰਚ ਕਰ ਰਹੇ ਹਨ ਤਾਂ ਕਿ ਵੱਧ ਤੋਂ ਵੱਧ ਸੈਲਾਨੀਆਂ ਨੂੰ ਆਪਣੇ ਵੱਲ ਖਿੱਚ ਸਕਣ ਅਤੇ ਉਹ ਆਪਣੀਆਂ ਕੋਸ਼ਿਸ਼ਾਂ ਵਿਚ ਸਫਲ ਹਨ। ਦੂਜੇ ਪਾਸੇ, ਭਾਰਤ ਅਜੇ ਆਪਣੀਆਂ ਤਰਜੀਹਾਂ ਕਾਇਮ ਕਰਨ ਵਿਚ ਰੁੱਝਾ ਹੋਇਆ ਹੈ ਅਤੇ ਸੈਰ-ਸਪਾਟਾ ਉਸ ਵਿਚ ਅਜੇ ਬਹੁਤੀ ਮਹੱਤਤਾ ਨਹੀਂ ਰੱਖ ਰਿਹਾ। ਲੋਕਾਂ ਨੂੰ ਖ਼ੁਸ਼ ਕਰਨ ਵਾਲੀਆਂ ਸਕੀਮਾਂ ਸਾਹਮਣੇ ਆ ਰਹੀਆਂ ਹਨ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸੈਰ-ਸਪਾਟਾ ਬੁਨਿਆਦੀ ਢਾਂਚੇ 'ਤੇ ਵੱਡਾ ਖਰਚਾ ਕੀਤਾ ਜਿਸ ਦੇ ਲਾਹੇਵੰਦ ਨਤੀਜੇ ਅੱਜ ਸਾਹਮਣੇ ਹਨ।

ਅਖ਼ੀਰ ਵਿਚ, ਜੇ ਪਹੁੰਚ ਸੁਲਭ ਨਹੀਂ ਤਾਂ ਸਾਰੇ ਆਕਰਸ਼ਨ ਬੇਮਾਇਨਾ ਹਨ। ਭਾਰਤੀ ਯੋਜਨਾਕਾਰਾਂ ਨੂੰ ਇਹ ਸੱਚ-ਸੱਚ ਸਮਝਣਾ ਹੋਵੇਗਾ। ਸੜਕਾਂ ਅਤੇ ਰੇਲ ਮਾਰਗਾਂ ਦੀ ਤਰੱਕੀ ਨਾਲ ਨਾ ਸਿਰਫ਼ ਸੈਰ-ਸਪਾਟਾ ਉਦਯੋਗ ਨੂੰ ਸਗੋਂ ਭਾਰਤੀ ਆਰਥਿਕਤਾ ਨੂੰ ਵੱਡਾ ਲਾਭ ਪਹੁੰਚੇਗਾ।

*(ਲੇਖਕ ਨਿਰਦੇਸ਼ਕ, ਇੰਸਟੀਚਿਊਟ ਆਫ਼ ਟੂਰਿਜ਼ਮ ਸਟੱਡੀਜ਼, ਲਖਨਊ ਹੈ।)*

*e-mail :manojdixit23@gmail.com*

# ਭਾਰਤੀ ਸੈਰ-ਸਪਾਟਾ ਸੱਨਅਤ ਲਈ ਲਾਹੇਵੰਦ ਸੇਧਾਂ

ਰਤਨਦੀਪ ਬੈਨਰਜੀ

ਭਾਰਤ ਦੀ ਆਰਥਿਕ ਸਥਿਤੀ ਵਿਚ ਸੁਧਾਰ ਤੇ ਇਸ ਦੇ ਅਮੀਰ ਸਭਿਆਚਾਰ ਨੇ ਪੂਰੀ ਦੁਨੀਆਂ ਵਿਚ ਇਸ ਸਦਕਾ ਵਕਾਰ ਕਾਇਮ ਕੀਤਾ ਹੈ। ਵਸਨੀਕ ਭਾਰਤੀਆਂ ਵਿਚ ਵੀ ਸੈਰ-ਸਪਾਟੇ ਦੇ ਜਜ਼ਬੇ ਨੂੰ ਵਧਾਉਣ ਦਾ ਰੁਝਾਨ ਬਣਿਆ ਹੈ। ਵਿਸ਼ਵ ਆਰਥਿਕ ਫਰਮਾਂ ਵਿਚ ਏਸ਼ੀਆ ਪ੍ਰਸ਼ਾਂਤ ਹਲਕੇ ਵਿਚ ਸਭਿਆਚਾਰਕ ਵਿਰਾਸਤ ਦੇ ਪ੍ਰਸੰਗ ਵਿਚ ਭਾਰਤ ਨੂੰ 11ਵੇਂ ਦਰਜੇ 'ਤੇ ਰੱਖਿਆ ਗਿਆ ਹੈ, ਕੁਦਰਤੀ ਸਰੋਤਾਂ ਦੇ ਪ੍ਰਸੰਗ ਵਿਚ 9ਵੇਂ, ਸਭਿਆਚਾਰਕ ਵਸੀਲਿਆਂ ਵਿਚ 24ਵੇਂ ਅਤੇ ਸਾਰੀਆਂ ਆਰਥਿਕਤਾਵਾਂ ਦੇ ਪ੍ਰਸੰਗ ਵਿਚ ਸਮੁੱਚੇ ਤੌਰ ਤੇ 65ਵੇਂ ਸਥਾਨ 'ਤੇ ਰੱਖਿਆ ਗਿਆ ਹੈ।

ਸੈਰ-ਸਪਾਟਾ ਦੇ ਖੇਤਰ ਦੀਆਂ ਸੰਭਾਵਨਾਵਾਂ ਦਾ ਵੱਧ ਤੋਂ ਵੱਧ ਲਾਭ ਕਿਵੇਂ ਲਿਆ ਜਾਵੇ? ਸੈਰ-ਸਪਾਟਾ ਦੇ ਵੱਖ-ਵੱਖ ਖੇਤਰਾਂ ਨੂੰ ਇਕੱਠਿਆਂ ਲੈ ਕੇ ਚਲਣ ਵਾਲੇ ਸੰਗਠਿਤ ਦ੍ਰਿਸ਼ਟੀਕੋਨ ਦੇ ਨਾਲ-ਨਾਲ ਉਦਯੋਗਿਕ ਭਾਈਵਾਲਾਂ ਅੰਦਰ ਸੰਰਚਨਾਤਮਕ ਬਦਲਾਅ ਦੀ ਫੌਰੀ ਲੋੜ ਮਹਿਸੂਸ ਹੁੰਦੀ ਹੈ, ਸੈਰ-ਸਪਾਟਾ ਦਾ ਉੱਦਮ ਸਮਾਜਿਕ ਸਿਲਸਿਲੇ ਨਾਲ ਸਿੱਧੇ ਤੌਰ ਤੇ ਜੁੜਿਆ ਹੋਇਆ ਹੈ ਇਸ ਲਈ ਇਸ ਨੂੰ ਮਿਆਰੀ ਸੇਵਾ ਮੁਹੱਈਆ ਕਰਾਉਣ ਦੀ ਸਥਿਤੀ ਵਿਚ ਰਹਿਣਾ ਚਾਹੀਦਾ ਹੈ ਤਾਂ ਕਿ ਸਮਾਜ ਦੀ ਹਰ ਸ਼੍ਰੇਣੀ ਜਿਸ ਦਾ ਲਾਹਾ ਲੈ ਸਕੇ।

2012-13 ਵਿਚ ਪੇਸ਼ ਕੀਤੇ ਗਏ ਭਾਰਤੀ ਆਰਥਿਕ ਸਰਵੇਖਣ ਵਿਚ ਸੈਰ-ਸਪਾਟਾ ਉਪਗ੍ਰਹਿ ਲੇਖਾ ਅੰਕੜੇ 2009-10 ਦਾ ਵਿਚਾਰ ਕੀਤਾ ਗਿਆ ਜਿਸ ਵਿਚ ਇਹ ਦੱਸਿਆ ਗਿਆ ਹੈ ਕਿ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿਚ ਸੈਰ-ਸਪਾਟਾ ਦਾ 6.8 ਪ੍ਰਤਿਸ਼ਤ ਹਿੱਸਾ ਹੈ, ਜਿਸ ਵਿਚੋਂ 3.7 ਪ੍ਰਤਿਸ਼ਤ ਸਿੱਧੇ ਅਤੇ 3.1 ਪ੍ਰਤਿਸ਼ਤ ਅਸਿੱਧੇ ਰੂਪ ਵਿਚ ਹੈ। ਰੁਜ਼ਗਾਰ ਉਪਜਾਉਣ ਵਿਚ ਵੀ ਸੈਰ-ਸਪਾਟਾ ਉਦਯੋਗ ਦੀ ਉੱਘੀ ਦੇਣ ਹੈ। ਇਸ ਨੇ ਸਿੱਧੇ ਰੂਪ ਵਿਚ 4.4 ਪ੍ਰਤਿਸ਼ਤ ਅਤੇ ਅਸਿੱਧੇ ਰੂਪ ਵਿਚ 5.8 ਪ੍ਰਤਿਸ਼ਤ ਰੁਜ਼ਗਾਰ ਪੈਦਾ ਕਰਨ ਵਿਚ ਹਿੱਸਾ ਪਾਇਆ ਹੈ। ਸੈਰ-ਸਪਾਟਾ ਮੰਤਰਾਲਾ ਮੁਤਾਬਕ, ਭਾਰਤ ਵਿਚ ਯਾਤਰਾ ਅਤੇ ਸੈਰ-ਸਪਾਟਾ ਬਾਰੇ ਖੇਤਰ ਵਲੋਂ ਇਕ ਮਿਲੀਅਨ ਦਸ ਲੱਖ ਰੁਪਏ ਦੀ ਪੂੰਜੀਕਾਰੀ ਪਿੱਛੇ 78 ਨੌਕਰੀਆਂ ਪੈਦਾ ਕਰਨ ਦਾ ਅਨੁਮਾਨ ਹੈ ਜਦ ਕਿ ਨਿਰਮਾਣ ਖੇਤਰ ਵਿਚ ਇਸੇ ਪੂੰਜੀਕਾਰੀ ਨਾਲ ਗ਼ੈਰ-ਮਹਾਰਤ ਤੋਂ ਵਿਸ਼ੇਸ਼ ਮਹਾਰਤ ਨਾਲ ਲੈਸ ਕੁੱਲ 45 ਨੌਕਰੀਆਂ ਹੀ ਪੈਦਾ ਹੁੰਦੀਆਂ ਹਨ ਅਤੇ ਇਹ ਵੀ ਕਿ ਸੈਰ-ਸਪਾਟਾ ਉਦਯੋਗ ਰਾਹੀਂ ਔਰਤਾਂ ਲਈ ਨੌਕਰੀਆਂ ਅਤੇ ਨਿੱਕੇ-ਮੋਟੇ ਉੱਦਮਾਂ ਦੇ ਰੂਪ ਵਿਚ ਉਚੇਰੇ ਮੌਕੇ ਬਣਦੇ ਹਨ।

2012 ਵਿਚ 6.58 ਮਿਲੀਅਨ ਦੇ ਮੁਕਾਬਲੇ 2013 ਦੌਰਾਨ ਵਿਦੇਸ਼ੀ ਸੈਲਾਨੀਆਂ ਦੀ ਆਮਦ ਵਧ ਕੇ 6.97 ਮਿਲੀਅਨ ਹੋ ਗਈ। 2011 ਤੋਂ 2012 ਦਰਮਿਆਨ ਇਸ ਵਿਚਲੀ ਵਿਕਾਸ ਦਰ 4.3 ਪ੍ਰਤਿਸ਼ਤ ਸੀ ਜੋ ਕਿ 2012 ਤੋਂ 2013 ਦਰਮਿਆਨ ਵਧ ਕੇ 5.9 ਪ੍ਰਤਿਸ਼ਤ ਹੋ ਗਈ। ਵਿਦੇਸ਼ੀ ਸੈਲਾਨੀਆਂ ਦੀ ਆਮਦ ਦੀ ਅੰਤਰਰਾਸ਼ਟਰੀ ਦਰ 2013 ਵਿਚ 5 ਪ੍ਰਤਿਸ਼ਤ ਸੀ ਜਦ ਕਿ ਭਾਰਤ ਵਿਚ ਵਿਦੇਸ਼ੀ ਸੈਲਾਨੀਆਂ ਦੀ ਆਮਦ ਦਰ ਇਸੇ ਸਮੇਂ ਦੌਰਾਨ 5.9 ਪ੍ਰਤਿਸ਼ਤ ਰਹੀ। ਭਾਰਤ ਵਿਚ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਵਿਚੋਂ 91 ਪ੍ਰਤਿਸ਼ਤ ਨੇ ਹਵਾਈ ਮਾਰਗ ਦੀ ਚੋਣ ਕੀਤੀ ਜਿਸ ਤੋਂ ਬਾਅਦ ਉਨ੍ਹਾਂ ਜ਼ਮੀਨੀ ਮਾਰਗ ਅਪਣਾਇਆ ਜਦ ਕਿ 0.5 ਪ੍ਰਤਿਸ਼ਤ ਨੇ ਸਮੁੰਦਰੀ ਯਾਤਰਾ ਕੀਤੀ। ਦਿੱਲੀ ਅਤੇ ਮੁੰਬਈ ਹਵਾਈ ਅੱਡਿਆਂ 'ਤੇ ਕੁੱਲ ਵਿਦੇਸ਼ੀ ਸੈਲਾਨੀਆਂ ਦਾ ਲਗਭਗ 52.8 ਪ੍ਰਤਿਸ਼ਤ ਹਿੱਸਾ ਉਤਰਿਆ। ਭਾਰਤ ਵਿਚ ਵਿਦੇਸ਼ੀ ਸੈਲਾਨੀਆਂ ਦੀ ਮੰਡੀ ਮੁੱਖ ਤੌਰ ਤੇ ਅਮਰੀਕਾ, ਬਰਤਾਨੀਆਂ, ਬੰਗਲਾਦੇਸ਼, ਸ੍ਰੀਲੰਕਾ, ਰੂਸੀ ਸੰਘ, ਕੈਨੇਡਾ, ਜਰਮਨੀ, ਫਰਾਂਸ, ਮਲੇਸ਼ੀਆ, ਜਪਾਨ, ਅਸਟ੍ਰੇਲੀਆ, ਚੀਨ, ਸਿੰਘਾਪੁਰ, ਥਾਈਲੈਂਡ ਤੇ ਨੇਪਾਲ ਇਹ 15 ਦੇਸ਼ ਹਨ। 2013 ਦੌਰਾਨ ਇਨ੍ਹਾਂ ਦੇਸ਼ਾਂ ਦੇ ਵਿਦੇਸ਼ੀ ਸੈਲਾਨੀਆਂ ਦਾ 70.72 ਪ੍ਰਤਿਸ਼ਤ ਹਿੱਸਾ ਸੀ। ਸੰਯੁਕਤ ਰਾਸ਼ਟਰ ਵਿਸ਼ਵ ਸੈਰ-ਸਪਾਟਾ ਅਦਾਰੇ ਨੇ 2016 ਤਕ ਭਾਰਤੀ ਸੈਰ-ਸਪਾਟਾ ਉਦਯੋਗ ਦੇ 8 ਪ੍ਰਤਿਸ਼ਤ ਸਾਲਾਨਾ ਦਰ ਨਾਲ ਵਿਕਸਤ ਹੋਣ ਦੀ ਪੇਸ਼ੀਨਗੋਈ ਕੀਤੀ ਹੈ।

**ਭਾਰਤ ਵਿਚ ਘਰੇਲੂ ਸੈਲਾਨੀਆਂ ਦੀ ਗਿਣਤੀ 2012 ਵਿਚ 1045.05 ਮਿਲੀਅਨ ਤੋਂ ਵਧ ਕੇ 2013 ਵਿਚ 9.6 ਪ੍ਰਤਿਸ਼ਤ ਦੀ ਵਿਕਾਸ ਦਰ ਦਰਜ ਕਰਾਉਂਦੀ ਹੋਈ 1145.28 ਮਿਲੀਅਨ 'ਤੇ ਪਹੁੰਚ ਗਈ।**

ਸੈਰ-ਸਪਾਟਾ ਉਦਯੋਗ ਦੀ ਦੇਸ਼ ਲਈ ਵਿਦੇਸ਼ੀ ਮੁਦਰਾ ਕਮਾਉਣ ਵਿਚ ਮਹੱਤਤਾ ਲਗਾਤਾਰ ਬਣੀ ਹੋਈ ਹੈ। 2012 ਵਿਚ ਵਿਦੇਸ਼ੀ ਮੁਦਰਾ ਵਸੂਲੀ (ਐੱਫ ਈ ਈ) 17.74 ਬਿਲੀਅਨ ਅਮਰੀਕੀ ਡਾਲਰ ਸੀ ਜੋ ਕਿ 2013 ਵਿਚ 4.0 ਪ੍ਰਤਿਸ਼ਤ ਦੀ ਵਿਕਾਸ ਦਰ ਦਰਸਾਉਂਦੀ 18.45 ਬਿਲੀਅਨ ਅਮਰੀਕੀ ਡਾਲਰ 'ਤੇ ਪਹੁੰਚ ਗਈ। 2016 ਵਿਚ 11.24 ਮਿਲੀਅਨ ਵਿਦੇਸ਼ੀ ਸੈਲਾਨੀਆਂ ਦੀ ਆਮਦ ਹੋਣ ਦਾ ਅੰਦਾਜ਼ਾ ਲਾਇਆ ਗਿਆ ਹੈ ਜਦ ਕਿ ਘਰੇਲੂ ਸੈਲਾਨੀਆਂ ਦੀ ਗਿਣਤੀ 1451.46 ਮਿਲੀਅਨ ਹੋਣ ਦਾ ਅਨੁਮਾਨ ਹੈ। ਵਿਦੇਸ਼ੀ ਮੁਦਰਾ ਦੇ 30.3 ਅਰਬ ਅਮਰੀਕੀ ਡਾਲਰ ਹੋਣ ਅਤੇ 24.5 ਮਿਲੀਅਨ ਰੁਜ਼ਗਾਰ ਦੇ ਮੌਕੇ ਪੈਦਾ ਹੋਣਾ ਦਰਸਾਇਆ ਗਿਆ ਹੈ।

## ਸਮਰੱਥਾ ਉਸਾਰੀ ਤੇ ਕੁਸ਼ਲਤਾ ਵਿਕਾਸ ਉਪਰਾਲੇ

ਸੈਰ-ਸਪਾਟਾ ਬਾਰੇ ਉਦਯੋਗ ਮਿਆਰੀ ਮਨੁੱਖੀ ਵਸੀਲਿਆਂ ਦੇ ਪ੍ਰਸੰਗ ਵਿਚ ਵੱਡੀ ਮੁਸ਼ਕਿਲ ਦਾ ਸਾਹਮਣਾ ਕਰ ਰਿਹਾ ਹੈ। ਸਮਰਥਾ ਉਸਾਰੀ ਲਈ ਮਨੁੱਖੀ ਸਾਧਨਾਂ ਦੀ ਸਿਖਲਾਈ ਅਤੇ ਤਸਦੀਕੀਕਰਨ ਲਈ ਚੋਖੇ ਸੰਸਥਾਗਤ ਬੁਨਿਆਦੀ ਢਾਂਚੇ ਨੂੰ ਕਾਇਮ ਕਰਨ ਜਾਂ ਉੱਚ ਦਰਜੇ ਦਾ ਕਰਨ ਦੀ ਲੋੜ ਹੈ। ਇਥੇ ਹੋਟਲ ਪ੍ਰਬੰਧਨ ਅਤੇ ਫੂਡ ਕਰਾਫਟ ਸੰਸਥਾ ਵਰਗੇ ਨਵੇਂ ਅਦਾਰੇ ਖੋਲ੍ਹੇ ਜਾਣ ਉਪਰ ਜ਼ੋਰ ਦਿਤਾ ਜਾ ਰਿਹਾ ਹੈ। 31 ਜੁਲਾਈ 2011 ਤਕ ਹੋਟਲ ਮੈਨੇਜਮੈਂਟ ਦੇ 16 ਅਤੇ ਫੂਡ ਕਰਾਫਟ ਦੇ 13 ਸਰਕਾਰੀ ਇੰਸਟੀਚਿਊਟਾਂ ਨੂੰ ਪ੍ਰਵਾਨਗੀ ਦੇ ਦਿਤੀ ਗਈ ਸੀ। ਮੌਜੂਦਾ ਸੇਵਾ ਮੁਹੱਈਆਕਾਰਾਂ ਦੇ ਲਾਭ ਲਈ 15 ਸਰਕਾਰੀ ਹੋਟਲ ਮੈਨੇਜਮੈਂਟ ਇੰਸਟੀਚਿਊਟਾਂ ਵਿਖੇ ਕੁਸ਼ਲਤਾ ਪਰੀਖਣ ਅਤੇ ਤਸਦੀਕੀਕਰਨ ਦੀ ਸਹੂਲਤ ਦਿਤੀ ਗਈ। ਸੈਰ-ਸਪਾਟਾ ਬਾਰੇ ਮੰਤਰਾਲਾ ਮੁਤਾਬਕ 2010-2011 ਦੌਰਾਨ ਤੈਅਸ਼ੁਦਾ 5500 ਦੇ ਮੁਕਾਬਲੇ 9869 ਸੇਵਾ ਉਪਲਬਧਕਾਰਾਂ ਦਾ ਇਸ ਸਕੀਮ ਤਹਿਤ ਤਸਦੀਕੀਕਰਨ ਕੀਤਾ ਗਿਆ।

ਭਾਰਤ ਸਰਕਾਰ ਦੀ ਸਹਾਇਤਾ ਪ੍ਰਾਪਤ ਹੁਨਰ ਤੋਂ ਰੁਜ਼ਗਾਰ ਪ੍ਰੋਗਰਾਮ ਤਹਿਤ 8ਵੀਂ ਪਾਸ 28 ਸਾਲਾਂ ਤਕ ਦੇ ਵਿਅਕਤੀਆਂ ਨੂੰ ਖੁਰਾਕ ਉਤਪਾਦਨ ਅਤੇ ਖੁਰਾਕ ਅਤੇ ਪੀਣ ਵਾਲੇ ਪਦਾਰਥ ਸੇਵਾਵਾਂ ਬਾਰੇ ਸਿਖਲਾਈ ਦੇਣ ਦਾ ਟੀਚਾ ਹੈ। ਇਸ ਪ੍ਰੋਗਰਾਮ ਨੂੰ ਚੋਣਵੇਂ ਰਾਜ ਪੱਧਰੀ ਅਦਾਰਿਆਂ ਵਿਖੇ ਸੈਰ-ਸਪਾਟਾ ਮੰਤਰਾਲਾ ਦੀ ਸਹਾਇਤਾ ਨਾਲ ਚੱਲ ਰਹੇ ਹੋਟਲ ਮੈਨੇਜਮੈਂਟ ਫੂਡ ਕਰਾਫਟ ਅਦਾਰਿਆਂ ਅਤੇ ਕੁੱਝ ਵਿਸ਼ੇਸ਼ ਸਿਤਾਰਾ ਸ਼੍ਰੇਣੀ ਹੋਟਲਾਂ ਵਿਚ ਚਲਾਇਆ ਜਾਂਦਾ ਹੈ। 2010-11 ਦੌਰਾਨ ਇਸੇ ਪ੍ਰੋਗਰਾਮ ਤਹਿਤ ਤੈਅਸ਼ੁਦਾ 5500 ਦੇ ਮੁਕਾਬਲੇ 6981 ਨੌਜਵਾਨਾਂ ਨੂੰ ਸਿਖਲਾਈ ਦਿਤੀ ਗਈ। 11ਵੀਂ ਯੋਜਨਾ ਦੇ ਪਹਿਲੇ 4 ਸਾਲਾਂ ਦੌਰਾਨ ਇਨ੍ਹਾਂ ਸਕੀਮਾਂ ਲਈ ਮਿੱਥੇ ਗਏ 350 ਕਰੋੜ ਰੁਪਏ ਦੀ ਰਕਮ ਦੀ ਪੂਰੀ ਵਰਤੋਂ ਕੀਤੀ ਗਈ। 12ਵੀਂ ਯੋਜਨਾ ਵਿਚ ਸੈਰ-ਸਪਾਟਾ ਉਦਯੋਗ ਨੂੰ ਗਰੀਬਾਂ ਦੇ ਹਿਤ ਵਾਲਾ ਬਣਾਉਣ ਦੀ ਯੋਜਨਾ ਹੈ ਤਾਂ ਕਿ ਗਰੀਬੀ ਦੇ ਖਾਤਮੇ ਲਈ ਗਰੀਬ ਤਬਕੇ ਤਕ ਇਸ ਸਕੀਮ ਦੇ ਫ਼ਾਇਦੇ ਪਹੁੰਚਣ।

| ਵਿਸ਼ਵ ਵਿਚ ਭਾਰਤ ਦੀ ਸਥਿਤੀ | |
|---|---|
| 1. ਅੰਤਰਰਾਸ਼ਟਰੀ ਸੈਲਾਨੀ ਆਮਦ ਵਿਚ ਭਾਰਤ ਦਾ ਹਿੱਸਾ | 0.64 ਪ੍ਰਤਿਸ਼ਤ |
| 2. ਅੰਤਰਰਾਸ਼ਟਰੀ ਸੈਲਾਨੀ ਆਮਦ ਵਿਚ ਭਾਰਤ ਦਾ ਦਰਜਾ | 42 |
| 3. ਅੰਤਰਰਾਸ਼ਟਰੀ ਸੈਲਾਨੀ ਵਸੂਲੀ ਵਿਚ ਭਾਰਤ ਦਾ ਹਿੱਸਾ | 1.54 ਪ੍ਰਤਿਸ਼ਤ |
| 4. ਭਾਰਤੀ ਰਿਜ਼ਰਵ ਬੈਂਕ ਦੇ ਅਨੁਮਾਨ ਮੁਤਾਬਕ ਅੰਤਰਰਾਸ਼ਟਰੀ ਸੈਰ-ਸਪਾਟਾ ਪ੍ਰਾਪਤੀ ਵਿਚ ਭਾਰਤ ਦਾ ਦਰਜਾ | 16 |

*ਸਰੋਤ : ਪੀ ਐੱਚ ਡੀ ਚੈਂਬਰ ; ਚੌਥਾ ਇੰਡੀਅਨ ਹੈਰੀਟੇਜ ਟੂਰਿਜ਼ਮ ਕੰਕਲੇਵ*

| ਏਸ਼ੀਆ ਪ੍ਰਸ਼ਾਂਤ ਖਿੱਤੇ ਵਿਚ ਭਾਰਤ ਦੀ ਸਥਿਤੀ | |
|---|---|
| 1. ਸੈਲਾਨੀ ਆਮਦ ਵਿਚ ਭਾਰਤ ਦਾ ਹਿੱਸਾ | 2.81 ਪ੍ਰਤਿਸ਼ਤ |
| 2. ਸੈਲਾਨੀ ਆਮਦ ਵਿਚ ਭਾਰਤ ਦਾ ਦਰਜਾ | 12 |
| 3. ਸੈਲਾਨੀ ਪ੍ਰਾਪਤੀ ਵਿਚ ਭਾਰਤ ਦਾ ਹਿੱਸਾ | 5.14 ਪ੍ਰਤਿਸ਼ਤ ਅਮਰੀਕੀ ਡਾਲਰ |
| 4. ਭਾਰਤੀ ਰਿਜ਼ਰਵ ਬੈਂਕ ਮੁਤਾਬਕ ਸੈਰ-ਸਪਾਟਾ ਵਸੂਲੀ ਵਿਚ ਭਾਰਤ ਦਾ ਦਰਜਾ | 8 |

*ਸਰੋਤ : ਪੀ ਐੱਚ ਡੀ ਚੈਂਬਰ, ਚੌਥਾ ਇੰਡੀਅਨ ਹੈਰੀਟੇਜ ਟੂਰਿਜ਼ਮ ਕੌਂਕਲੇਵ*

## ਸਹਿਕਾਰਤਾ ਸੈਰ-ਸਪਾਟਾ

ਸਹਿਕਾਰਤਾ ਸੈਰ-ਸਪਾਟਾ ਦਾ ਸੰਕਲਪ ਸਥਾਨਕ ਸਮੁਦਾਇਆਂ ਦੀ ਸਮਰੱਥਾ ਤਿਆਰ ਕਰ ਕੇ ਬਰਕਰਾਰ ਰਹਿਣ ਯੋਗ ਮਾਲੀ ਵਿਕਾਸ ਦੀ ਡਲਿਵਰੀ ਯਕੀਨੀ ਬਣਾਉਂਦਾ ਹੈ ਜਿਸ ਰਾਹੀਂ ਉਹ ਆਪਣੇ ਕੁਦਰਤੀ ਅਤੇ ਸਭਿਆਚਾਰਕ ਵਿਰਾਸਤ ਦੀ ਸੰਭਾਵਨਾ ਦੀ ਕੀਮਤ ਪਛਾਣ ਕੇ ਸੈਰ-ਸਪਾਟਾ ਦਾ ਸੰਗਠਿਤ ਸਹਿਕਾਰਤਾ ਵਾਲਾ ਮਾਡਲ ਸਾਹਮਣੇ ਰੱਖਣ, ਜੋ ਕਿ ਸਿਰਫ਼ ਉਨ੍ਹਾਂ ਦੀ ਆਮਦਨ ਦਾ ਵਸੀਲਾ ਹੋਵੇ ਸਗੋਂ ਸਥਾਨਕ ਕਲਾ ਅਤੇ ਸਭਿਆਚਾਰ ਦੀ ਸਾਂਭ-ਸੰਭਾਲ ਨੂੰ ਉਤਸ਼ਾਹ ਦੇਣ ਦਾ ਕਾਰਨ ਬਣੇ ਅਤੇ ਭਵਨ ਵਿਉਂਤਕਾਰੀ ਕਲਾ, ਸਥਾਨਕ ਕਲਾ ਅਤੇ ਬਸਤਰਾਂ ਨਾਲ ਜੁੜੀਆਂ ਰਵਾਇਤੀ ਪਿਰਤਾਂ ਨੂੰ ਬਚਾਈ ਰੱਖਣ ਵਿਚ ਵੀ ਮਦਦਗਾਰ ਹੋਵੇ।

ਇਹ ਵੇਖਿਆ ਗਿਆ ਹੈ ਕਿ ਮੌਜੂਦਾ ਸੈਰ-ਸਪਾਟਾ ਖੇਤਰ ਮੁੱਖ ਤੌਰ ਤੇ ਨਿੱਜੀ ਕੋਸ਼ਿਸ਼ਾਂ 'ਤੇ ਆਧਾਰਿਤ ਹੈ ਜਿਸ ਦੇ ਨਤੀਜੇ ਵਜੋਂ ਸਾਰੀਆਂ ਸੰਬੰਧਿਤ ਧਿਰਾਂ ਤਕ ਸਮਾਜਿਕ-ਆਰਥਿਕ ਲਾਭ ਨਹੀਂ ਪਹੁੰਚਦੇ ਅਤੇ ਸੈਰ-ਸਪਾਟਾ ਤੇ ਉਸ ਦੇ ਫ਼ਾਇਦਿਆਂ ਬਾਰੇ ਜਾਗਰੂਕਤਾ ਫੈਲਾਉਣ ਵਿਚ ਵੀ ਵੱਡੀ ਘਾਟ ਹੈ ਜੋ ਇਸ ਖੇਤਰ ਵਿਚ ਦੇਹਾਤੀ ਉੱਦਮੀਆਂ ਦੇ ਦਾਖ਼ਲੇ ਉਪਰ ਰੋਕ ਲਾਉਂਦਾ ਹੈ।

ਸਹਿਕਾਰਤਾ ਵਾਲਾ ਸੈਰ-ਸਪਾਟਾ ਦਾ ਮਾਡਲ ਇਸ ਪਾੜੇ ਨੂੰ ਦੂਰ ਕਰਨ ਵਿਚ ਸਹਾਇਕ ਸਿੱਧ ਹੋ ਸਕਦਾ ਹੈ। ਨਿੱਜੀ ਪੱਧਰ ਦੀਆਂ ਕੋਸ਼ਿਸ਼ਾਂ ਤੋਂ ਵਧ ਕੇ ਜਿਸ ਵਿਚ ਇਕੋ ਵਿਅਕਤੀ ਸਾਰੇ ਕਾਰਜਾਂ ਨੂੰ ਹੱਥ ਪਾਉਂਦਾ ਹੈ, ਸਹਿਕਾਰਤਾ ਵਾਲਾ ਸੈਰ-ਸਪਾਟਾ ਦਾ ਮਾਡਲ ਸੈਰ-ਸਪਾਟਾ ਉਤਪਾਦ ਦੇ ਸਾਰੇ ਪੱਖਾਂ ਨੂੰ ਸਹਿਕਾਰਤਾ ਸੰਗਠਨ ਦੇ ਦਾਇਰੇ ਵਿਚ ਲੈ ਆਉਂਦਾ ਹੈ ਜੋ ਸੈਰ-ਸਪਾਟਾ ਸਰਗਰਮੀਆਂ ਦੇ ਢਾਂਚੇ ਅਤੇ ਗਿਣਾਤਮਕ ਵਿਕਾਸ ਦੀ ਨੇਮਬੰਦੀ ਕਰਦਾ ਹੈ ਸਗੋਂ ਉਦਯੋਗ ਇਸ ਉਦਯੋਗ ਨੂੰ ਸਮੁੱਚੇ ਰੂਪ ਵਿਚ ਵਿਕਸਤ ਹੋਣ ਦਾ ਖ਼ਿਆਲ ਰੱਖਦਾ ਹੈ।

ਯੈਸ ਬੈਂਕ ਸਕਾਟਲੈਂਡ ਸਰਕਾਰ ਦੇ ਅੰਤਰਰਾਸ਼ਟਰੀ ਵਿਕਾਸ ਫ਼ੰਡ ਦੇ ਭਾਰਤ ਵਿਚ ਉਸ ਪ੍ਰੋਗਰਾਮ ਦਾ ਪ੍ਰਬੰਧਕ ਹੈ ਜਿਸ ਤਹਿਤ ਦੇਹਾਤੀ ਭਾਰਤ ਵਿਚ ਸਹਿਕਾਰਤਾ ਵਾਲੇ ਸੈਰ-ਸਪਾਟਾ ਉਦਯੋਗ ਨੂੰ ਵਿਕਸਤ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਪ੍ਰੋਗਰਾਮ ਤਹਿਤ ਸਥਾਨਕ ਸਮੁਦਾਇਆਂ ਦੀ ਸਮਰੱਥਾ ਵਿਕਸਤ ਕਰ ਕੇ ਭਾਰਤ ਦੇ ਸਮਾਜਿਕ-ਆਰਥਿਕ ਰੂਪ ਵਿਚ ਕੁਝ ਸਭ ਤੋਂ ਵੱਧ ਲੋੜਵੰਦ ਜ਼ਿਲ੍ਹਿਆਂ ਵਿਚ ਸਹਿਕਾਰਤਾ ਤੇ ਸਭਿਆਚਾਰਕ ਵਿਰਸੇ ਦੀ ਸਾਂਭ-

ਸੰਭਾਲ ਵਾਲਾ ਸੈਰ-ਸਪਾਟਾ ਉੱਦਮ ਦੇ ਮੌਕੇ ਪੈਦਾ ਕਰਨਾ ਹੈ। ਇਹ ਪ੍ਰੋਗਰਾਮ ਉਤਰਾਖੰਡ ਅਤੇ ਪੱਛਮੀ ਬੰਗਾਲ ਵਿਚ ਪੂਰਾ ਹੋ ਚੁੱਕਾ ਹੈ ਅਤੇ ਅੱਗੋਂ ਪੂਰੇ ਦੇਸ਼ ਵਿਚ ਲਾਗੂ ਕੀਤੇ ਜਾਣ ਲਈ ਲੋੜੀਂਦੇ ਢੰਗ-ਤਰੀਕਿਆਂ ਉਪਰ ਕੰਮ ਜਾਰੀ ਹੈ।

## ਬੁਨਿਆਦੀ ਢਾਂਚੇ ਬਾਰੇ ਪਹਿਲਕਦਮੀਆਂ

ਚੋਖੀਆਂ ਬੁਨਿਆਦੀ ਢਾਂਚਾ ਸਹੂਲਤਾਂ ਸੈਰ-ਸਪਾਟਾ ਉਦਯੋਗ ਲਈ ਬਹੁਤ ਮਹੱਤਵਪੂਰਨ ਹਨ। ਇਸ ਲਈ ਸੈਰ-ਸਪਾਟਾ ਬਾਰੇ ਮੰਤਰਾਲਾ ਸੈਰ-ਸਪਾਟਾ ਕੇਂਦਰਾਂ ਅਤੇ ਹਲਕਿਆਂ ਵਿਚ ਮਿਆਰੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਕੋਸ਼ਿਸ਼ਾਂ ਕਰ ਰਹੀ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਖੋਂ ਮਹੱਤਵਪੂਰਨ ਸੈਰ-ਸਪਾਟਾ ਕੇਂਦਰਾਂ ਅਤੇ ਹਲਕਿਆਂ ਨੂੰ ਵਿਕਸਤ ਕਰਨ ਲਈ ਪ੍ਰਾਜੈਕਟਾਂ ਲਈ ਸਕੀਮ ਸ਼ੁਰੂ ਕੀਤੀ ਗਈ ਹੈ। ਸਰਕਾਰ ਰੇਲਵੇ, ਸਿਵਲ ਹਵਾਬਾਜ਼ੀ, ਸੜਕੀ ਆਵਾਜਾਈ ਅਤੇ ਸ਼ਾਹਰਾਹਾਂ, ਖੁਰਾਕ ਡੱਬਾਬੰਦ ਕਰਨ, ਸ਼ਹਿਰੀ ਵਿਕਾਸ ਵਰਗੇ ਦੂਜੇ ਕੇਂਦਰੀ ਮੰਤਰਾਲਿਆਂ ਤੇ ਸੰਬੰਧਿਤ ਰਾਜਾਂ ਨਾਲ ਵੀ ਵਿਕਾਸ ਕੇਂਦਰਿਤ ਨਜ਼ਰੀਏ ਨਾਲ ਚੱਲਣ ਦੇ ਪੱਖੋਂ ਵਿਚਾਰ-ਵਟਾਂਦਰਾ ਕਰ ਰਹੀ ਹੈ। ਹੁਣ ਤਕ 53 ਮੈਗਾ ਪ੍ਰਾਜੈਕਟਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਜਿਨ੍ਹਾਂ ਵਿਚੋਂ 35 ਨੂੰ ਪ੍ਰਵਾਨਗੀ ਦਿਤੀ ਜਾ ਚੁੱਕੀ ਹੈ। ਇਹ ਮੈਗਾ ਪ੍ਰਾਜੈਕਟ ਸਭਿਆਚਾਰ, ਵਿਰਸੇ, ਅਧਿਆਤਮ ਅਤੇ ਭੂ-ਸੈਰ-ਸਪਾਟੇ ਦਾ ਸੂਝ-ਬੂਝ ਵਾਲੇ ਸੁਮੇਲ ਨਾਲ ਵਿਉਂਤੇ ਗਏ ਹਨ ਤਾਂ ਕਿ ਸੈਲਾਨੀਆਂ ਨੂੰ ਸਮੁੱਚਤਾ ਵਾਲੇ ਸੈਰ-ਸਪਾਟੇ ਦਾ ਅਨੁਭਵ ਹੋਵੇ।

## ਵਿਰਾਸਤੀ ਸੈਰ-ਸਪਾਟਾ

ਵਿਰਾਸਤੀ ਸੈਰ-ਸਪਾਟਾ ਭਾਰਤ ਦੇ ਕੁਦਰਤੀ, ਸਭਿਆਚਾਰਕ ਅਤੇ ਇਤਿਹਾਸਕ ਵਿਰਸੇ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਵਿਰਾਸਤ ਦੀ ਮਹੱਤਤਾ ਤੇ ਸੂਖ਼ਮਤਾ ਦੀ ਸਮਝ ਭਾਰਤੀ ਸਮਾਜ ਦੀਆਂ ਸਭ ਸ਼੍ਰੇਣੀਆਂ ਨੂੰ ਪੈਣੀ ਚਾਹੀਦੀ ਹੈ। ਇਕ ਸ਼ਾਨਦਾਰ ਇਮਾਰਤੀ ਢਾਂਚਾ, ਇਕ ਵਿਸ਼ਾਲ ਭਵਨ, ਨਿੱਜੀ ਪ੍ਰਸੰਗ ਵਾਲੇ ਕੁਝ ਧਾਰਮਿਕ ਸਥਾਨ ਵੱਡੀ ਗਿਣਤੀ ਵਿਚ ਸੈਲਾਨੀਆਂ ਦੇ ਭਾਰਤ ਵਿਚ ਆਉਣ ਦਾ ਸਬੱਬ ਰਹੇ ਹਨ। ਪਰ ਭਾਰਤ ਬਾਰੇ ਦ੍ਰਿਸ਼ਟੀਕੋਣ ਵਿਚ ਬਦਲਾਅ ਦੇ ਨਾਲ-ਨਾਲ, ਭਾਰਤੀ ਵਿਰਾਸਤ ਨੂੰ ਸਮਝਣ ਦੀਆਂ ਨਵੀਆਂ ਤਾਂਘਾਂ-ਉਮੰਗਾਂ ਉੱਠ ਖੜ੍ਹੀਆਂ ਹਨ ਅਤੇ ਸੈਲਾਨੀ ਕਿਸੇ ਪੁਰਾਣੇ ਕਿਲੇ ਜਾਂ ਕਿਸੇ ਅਜਿਹੇ ਸਥਲ ਨੂੰ ਉਸ ਦੀ ਸਮੁੱਚੀ ਵਿਰਾਸਤ ਦੇ ਪ੍ਰਸੰਗ ਵਿਚ ਅੰਦਰੂਨੀ ਤੌਰ ਤੇ ਮਹਿਸੂਸ ਕਰਨਾ ਲੋਚਦਾ ਹੈ।

ਵਿਰਾਸਤ ਲੜੀ ਦੀ ਪੇਸ਼ਕਾਰੀ ਜਾਨਦਾਰ ਅਨੁਭਵ ਵਾਲੀ ਸਾਬਤ ਹੋ ਸਕਦੀ ਹੈ। ਪੁਰਾਤਨ ਸਮਾਜ ਦੀ ਝਲਕ ਦੀ ਮੁੜ ਪੇਸ਼ਕਾਰੀ ਬਹੁਤ ਅਸਰਦਾਰ ਸਾਧਨ ਬਣ ਸਕਦੀ ਹੈ। ਅਜਿਹੇ ਤਜਰਬੇ ਜਿਨ੍ਹਾਂ ਵਿਚ ਬੱਚਿਆਂ ਦੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਹੋਵੇ, ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਪਰ ਇਸ ਸਭ ਕਾਸੇ ਲਈ ਗਿਆਨਾਤਮਕ ਸੋਝੀ ਤੇ ਲਚਕੀਲੇਪਨ ਦੀ ਲੋੜ ਹੁੰਦੀ ਹੈ। ਇਸ ਲਈ ਵੱਡੀ ਗਿਣਤੀ ਵਿਚ ਵਿਦਵਾਨਾਂ, ਯੋਜਨਾਕਾਰਾਂ ਅਤੇ ਵਿਗਿਆਨ ਟੈਕਨੋਕਰੇਟਾਂ ਵਲੋਂ ਇਕਜੁਟ ਹੋ ਕੇ ਕੋਸ਼ਿਸ਼ਾਂ ਕਰਨ ਦੀ ਲੋੜ ਹੋਵੇਗੀ।

ਸੰਗੀਤ ਤੇ ਨਾਚ ਮੇਲੇ ਅਤੇ ਸਾਹਿਤ ਮੇਲੇ ਵੀ ਇਸ ਪ੍ਰਸੰਗ ਵਿਚ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਮੇਲਿਆਂ ਦੀ ਯੋਜਨਾਕਾਰੀ ਟੀਚਾਗਤ ਸੈਲਾਨੀ ਸਮੁਦਾਇ ਨੂੰ ਸਾਹਮਣੇ ਰੱਖਦਿਆਂ ਕੀਤੀ ਜਾਣੀ ਚਾਹੀਦੀ ਹੈ। ਸਮੁੱਚੇ ਭਾਰਤ ਵਿਚ ਹਰ ਸਾਲ 300 ਤੋਂ ਵੱਧ ਮੇਲੇ ਲਗਦੇ ਹਨ। ਇਨ੍ਹਾਂ ਮੇਲਿਆਂ ਵਿਚਲੇ ਵਿਸ਼ਾਲ ਇਕੱਠ ਵਿਚੋਂ ਉਪਜੇ ਜਜ਼ਬੇ ਦੂਜੀਆਂ ਥਾਵਾਂ ਤੋਂ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦੇ ਹਨ। ਮਨੀਪੁਰ ਵਿਚ ਹਾਰਸ ਪੋਲੋ ਦੀ ਵਿਰਾਸਤੀ ਖੇਡ, ਪਸ਼ੂ, ਪਸ਼ੂ-ਗੱਡੀਆਂ ਤੇ ਰੱਥ ਦੌੜ ਵਰਗੇ ਖੇਡ ਮੇਲਿਆਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਕਿਸ਼ਤੀ ਦੌੜ ਵੀ ਵੱਡੀ ਗਿਣਤੀ ਵਿਚ ਸੈਲਾਨੀਆਂ ਨੂੰ ਆਕਰਸ਼ਤ ਕਰਦੀ ਆ ਰਹੀ ਹੈ।

ਸੰਯੁਕਤ ਰਾਸ਼ਟਰੀ ਸੈਰ-ਸਪਾਟਾ ਬਾਰੇ ਅਦਾਰੇ ਵਲੋਂ ਕੀਤੇ ਅਧਿਐਨ ਵਿਚ ਇਹ ਕਿਹਾ ਗਿਆ ਹੈ :

- ਸਮੁਦਾਇਆਂ, ਵਿਰਾਸਤ ਪ੍ਰਬੰਧਨ ਖੇਤਰ ਅਤੇ ਵਿਦਿਅਕ ਅਦਾਰਿਆਂ ਨਾਲ ਮਿਲ ਕੇ ਸਕੀਮ ਤਿਆਰ ਕਰਨਾ ਇਸ ਦਾ ਉਦੇਸ਼ ਉਨ੍ਹਾਂ ਅਦਿਖ ਵਿਰਾਸਤੀ ਸਭਿਆਚਾਰਕ ਅਸਾਸਿਆਂ ਦਾ ਦਸਤਾਵੇਜ਼ੀਕਰਨ ਕਰਨਾ ਜੋ ਕਿ ਗੁੰਮ ਰਹੇ ਹਨ ਜਾਂ ਆਪਣਾ ਰੂਪ ਬਦਲ ਰਹੇ ਹਨ।

- ਸਥਾਨਕ ਸਭਿਆਚਾਰ ਦੀਆਂ ਪੇਸ਼ਕਾਰੀਆਂ ਨੂੰ ਉਤਸ਼ਾਹਤ ਕਰਨਾ ਜੋ ਉਪਯੋਗੀ ਸੂਚਨਾ ਉਪਲਬਧ ਕਰਾਉਂਦੀਆਂ ਹਨ ਅਤੇ ਮੂਲ ਸਭਿਆਚਾਰਕ ਮੁੱਲਾਂ ਦਾ ਨਿਰਾਦਰ ਨਹੀਂ ਕਰਦੀਆਂ।

- ਵੱਖ-ਵੱਖ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਅਦਿਖ ਸਭਿਆਚਾਰ ਵਿਰਾਸਤੀ ਰਵਾਇਤੀ ਸਾਹਿਤ, ਸੀਡੀਆਂ, ਖੁਰਾਕੀ ਨੁਸਖੇ, ਦਵਾਈਆਂ, ਸ਼ਿੰਗਾਰ ਸਾਮਾਨ ਆਦਿ ਉਤਪਾਦਾਂ ਵਾਲੇ ਸਮੁਦਾਇਆਂ ਦੇ ਬੌਧਿਕ ਸੰਪਦਾ ਹੱਕਾਂ ਦੀ ਰਾਖੀ ਕਰਨਾ।

- ਨਵੀਨ ਸੈਰ-ਸਪਾਟੇ ਅਤੇ ਅਦਿਖ ਸਭਿਆਚਾਰਕ ਵਿਰਸੇ ਵਾਲੇ ਉਤਪਾਦਾਂ ਨੂੰ ਤਿਆਰ ਕਰਨ ਲਈ ਸੰਬੰਧਿਤ ਸਾਂਝੀਦਾਰਾਂ ਨਾਲ ਮਿਲ ਕੇ ਕੰਮ ਕਰਨਾ, ਮੌਜੂਦਾ ਉਤਪਾਦਾਂ ਨਾਲ ਸੰਪਰਕਾਂ ਵਿਚ ਸੁਧਾਰ ਕਰਨਾ ਅਤੇ ਉਤਪਾਦਾਂ ਦਾ ਜ਼ਿੰਮੇਵਾਰ ਢੰਗ ਨਾਲ ਬਾਜ਼ਾਰੀਕਰਨ ਕਰਨਾ।

## ਦੇਹਾਤੀ ਸੈਰ-ਸਪਾਟਾ

ਭਾਰਤ ਦਾ ਦੇਹਾਤੀ ਵਿਰਸਾ ਆਪਣੀ ਵੰਨ-ਸੁਵੰਨਤਾ, ਵਿਆਪਕਤਾ ਅਤੇ ਦਿਲਕਸ਼ ਦ੍ਰਿਸ਼ਕਾਰੀ ਸਦਕਾ ਭਾਰਤੀਆਂ ਸਮੇਤ ਪੂਰੀ ਦੁਨੀਆਂ ਵਿਚ ਦਿਲਚਸਪੀ ਦਾ ਕੇਂਦਰ ਹੈ। ਕਲਾ, ਹੱਥ ਖੱਡੀ ਤੇ ਕੱਪੜਾ ਬੁਣਾਈ ਆਦਿ ਖੇਤਰਾਂ ਵਿਚ ਸੈਲਾਨੀਆਂ ਦੀ ਲੋੜ ਦੀ ਸ਼ਨਾਖ਼ਤ ਕਰ ਕੇ ਉਨ੍ਹਾਂ ਦੇ ਦਿਲਚਸਪੀ ਵਾਲੇ ਮੁੱਖ ਖੇਤਰਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਆਪਣੇ ਆਪ ਵਿਚ ਗੁੰਝਲਦਾਰ ਤੇ ਬਿਖੇੜੇ ਵਾਲਾ ਅਮਲ ਹੈ। ਸੈਲਾਨੀਆਂ ਅਤੇ ਸਥਾਨਕ ਵਸੋਂ ਦਰਮਿਆਨ ਸੰਵਾਦ ਦੋਹੀਂ ਪਾਸੀਂ ਲਾਹੇਵੰਦ ਸਾਬਤ ਹੋ ਸਕਦਾ ਹੈ। ਅਦਿਖ ਵਿਰਸੇ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦੀ ਰਾਖੀ ਕੀਤੀ ਜਾਣੀ ਚਾਹੀਦੀ ਹੈ।

ਕੇਰਲ ਅਤੇ ਹਿਮਾਚਲ ਦੇ ਕੁੱਝ ਹਿੱਸਿਆਂ ਵਿਚ ਦੇਹਾਤੀ ਸੈਰ-ਸਪਾਟਾ ਨੇ ਆਪਣਾ ਕ੍ਰਿਸ਼ਮਾ ਦਿਖਾਇਆ ਹੈ। ਜੇ ਗੁਜਰਾਤ 16 ਪ੍ਰਕਾਰ ਦੀ ਸਿਲਾਈ-ਕਢਾਈ ਦੇ ਨਮੂਨਿਆਂ ਦੀ ਗੱਲ ਕਰਦਾ ਹੈ ਤਾਂ ਸੰਤ ਨਗਰ ਕੌਂਸਿਲ, ਸਰਕਾਰੀ ਏਜੰਸੀ ਜਾਂ ਕਿਸੇ ਗ਼ੈਰ-ਸਰਕਾਰੀ ਸੰਸਥਾ ਵਲੋਂ ਕਲਾ ਕਿਰਤੀਆਂ ਨੂੰ ਸਿਖਲਾਈ ਦਿਤੀ ਜਾਵੇ। ਮੇਜ਼ਬਾਨ ਅਤੇ ਕਲਾ ਕਿਰਤੀ ਨੂੰ ਅਗੋਂ ਆਪਣੇ ਲੋਕ ਵਿਰਸੇ ਬਾਰੇ ਹੋਰ ਜਾਣਨ ਦਾ ਮੌਕਾ ਮਿਲੇ। ਉਨ੍ਹਾਂ ਨੂੰ ਇਤਿਹਾਸ ਬਾਰੇ ਵੀ ਮੁਢਲਾ ਗਿਆਨ ਦਿਤਾ ਜਾਵੇ ਤਾਂ ਕਿ ਉਹ ਲੋਕ ਵਿਰਸੇ ਨੂੰ ਇਤਿਹਾਸਕ ਪ੍ਰਸੰਗ ਵਿਚ ਵੀ ਸਮਝ-ਸਮਝਾ ਸਕਣ। ਨਿਵਾਸ ਅਸਥਾਨ 'ਤੇ

ਟਿਕਣ ਨਾਲ ਸੰਬੰਧਿਤ ਸੈਰ-ਸਪਾਟਾ ਖੇਤਰ ਵਿਚ ਮੇਜ਼ਬਾਨ ਨੂੰ ਮਹਿਮਾਨ ਸੈਲਾਨੀ ਖਾਤਰ ਸਵੱਛਤਾ ਦਾ ਖ਼ਾਸ ਧਿਆਨ ਰੱਖਣਾ ਹੋਵੇਗਾ। ਜਿਵੇਂ ਮੱਛਰਾਂ ਦੀ ਸਮੱਸਿਆ ਹੋਣ 'ਤੇ ਸਿਹਤ ਵਿਭਾਗ ਨੂੰ ਦਵਾਈ ਛਿੜਕਾਉਣ ਦਾ ਇੰਤਜ਼ਾਮ ਕਰਨਾ ਹੋਵਗਾ। ਅਜਿਹੇ ਇਲਾਕਿਆਂ ਦੀ ਆਮ ਸਾਫ਼-ਸਫ਼ਾਈ ਵੱਲ ਵੀ ਧਿਆਨ ਦੇਣ ਦੀ ਲੋੜ ਹੋਵੇਗੀ। ਐਂਬੂਲੈਂਸ ਸੇਵਾ ਨਾਲ ਭਰਪੂਰ ਸਿਹਤ ਕੇਂਦਰ ਕਾਇਮ ਹੋਣੇ ਚਾਹੀਦੇ ਹਨ। ਠੱਗੀ-ਠੋਰੀ ਲਈ ਬਦਨਾਮ ਇਲਾਕਿਆਂ ਵਿਚ ਸਖ਼ਤ ਚੌਕਸੀ ਦੀ ਲੋੜ ਹੋਵੇਗੀ।

ਸੈਰ-ਸਪਾਟਾ ਖੇਤਰ ਉਪਰ ਸਭ ਤੋਂ ਮਾੜਾ ਅਸਰ ਸੈਲਾਨੀਆਂ ਨਾਲ ਲੁੱਟ-ਖੋਹ ਆਦਿ ਹੋਣ ਦਾ ਪੈਂਦਾ ਹੈ। ਮੇਜ਼ਬਾਨ ਦੀ ਚਾਪਲੂਸੀ ਅਤੇ ਖ਼ੁਸ਼ ਕਰਨ ਲਈ ਕਹੀਆਂ ਝੂਠੀਆਂ-ਸੱਚੀਆਂ ਗੱਲਾਂ ਸੈਲਾਨੀ ਦੇ ਮਨ ਵਿਚ ਨਫ਼ਰਤ ਤੇ ਅਲਹਿਦਗੀ ਦਾ ਭਾਵ ਪੈਦਾ ਕਰਨਗੀਆਂ। ਅਜਿਹੇ ਵਿਹਾਰ ਉਪਰ ਰੋਕ ਲਾਉਣ ਲਈ ਵਿਆਪਕ ਉਪਾਅ ਕੀਤੇ ਜਾਣੇ ਚਾਹੀਦੇ ਹਨ। ਤਰਸਯੋਗ ਹਾਲਤ ਦਿਖਾ ਕੇ ਪੈਸੇ ਬਟੋਰਨ ਵਾਲਿਆਂ ਦੇ ਵਿਹਾਰ ਨਾਲ ਵੀ ਸੈਰ-ਸਪਾਟਾ ਖੇਤਰ ਨੂੰ ਢਾਹ ਲਗਦੀ ਹੈ। ਇਕ ਨੋਡਲ ਏਜੰਸੀ ਅਜਿਹੇ ਇਲਾਕਿਆਂ ਵਿਚ ਸਰਗਰਮ ਹੋਣੀ ਚਾਹੀਦੀ ਹੈ ਜੋ ਸੈਲਾਨੀਆਂ ਦਾ ਢੁਕਵਾਂ ਸਰਵੇਖਣ ਕਰੇ। ਬਾਹਰਲੇ ਸੈਲਾਨੀਆਂ ਨੂੰ ਆਪਣੇ ਘਰ ਵਿਚ ਠਹਿਰਾਉਣ ਵਾਲੇ ਦੇਹਾਤੀ ਪਰਿਵਾਰਾਂ ਨੂੰ ਏਜੰਸੀ ਨੂੰ ਆਪਣੇ ਮਹਿਮਾਨਾਂ ਬਾਰੇ ਸੂਚਿਤ ਕਰਨਾ ਹੋਵੇਗਾ।

ਦੇਹਾਤੀ ਸਮੁਦਾਇ ਵੱਲ ਸਮਾਜਿਕ-ਆਰਥਿਕ ਲਾਭ ਦਿਤੇ ਜਾਣ ਨਾਲ ਦੇਹਾਤੀ ਤੇ ਸ਼ਹਿਰੀ ਇਲਾਕਿਆਂ ਵੱਲ ਦੌੜ 'ਤੇ ਰੋਕ ਲੱਗੇਗੀ। ਸੈਰ-ਸਪਾਟਾ ਬਾਰੇ ਮੰਤਰਾਲਾ ਵਲੋਂ ਹੁਣ ਤਕ 28 ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ 153 ਦੇਹਾਤੀ ਸੈਰ-ਸਪਾਟਾ ਸਕੀਮਾਂ ਨੂੰ ਪ੍ਰਵਾਨਗੀ ਦਿਤੀ ਗਈ ਹੈ ਜਿਨ੍ਹਾਂ ਵਿਚ 36 ਅਜਿਹੇ ਦੇਹਾਤੀ ਕੇਂਦਰ ਹਨ ਜਿਥੇ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ ਐੱਨ ਡੀ ਪੀ) ਦੇ ਸਮਰਥਾ ਉਸਾਰੀ ਅਦਾਰੇ, ਜਿਵੇਂ ਭਾਰਤ ਕਬਾਇਲੀ ਸਹਿਕਾਰਤਾ ਮਾਰਕੀਟਿੰਗ ਵਿਕਾਸ ਮੰਡਲ ਲਿਮਿਟਿਡ (ਟੀ ਆਰ ਆਈ ਐੱਫ ਈ ਡੀ) ਅਤੇ ਦਸਤਕਾਰੀ ਬਾਰੇ ਬਰਾਮਦ ਸੁਧਾਰ ਕੌਂਸਲ, ਮਹੱਤਵਪੂਰਨ ਭੂਮਿਕ ਨਿਭਾ ਸਕਦੇ ਹਨ।

## ਜਾਂਬਾਜ਼ੀ ਵਾਲਾ ਸੈਰ-ਸਪਾਟਾ

ਜਾਂਬਾਜ਼ ਸੈਰ-ਸਪਾਟੇ ਵਿਚ ਆਏ ਉਛਾਲ ਦਾ ਕਾਰਨ 1992 ਤੋਂ ਬਾਅਦ ਹੋਏ ਆਰਥਿਕ ਵਿਕਾਸ ਨੂੰ ਮੰਨਿਆ ਜਾ ਸਕਦਾ ਹੈ ਜਦ ਕਿ ਸੂਚਨਾ ਤਕਨਾਲੋਜੀ ਖੇਤਰ ਵਿਚ ਤੇਜ਼ ਉਛਾਲ ਆਇਆ। ਆਰਥਿਕ ਵਿਕਾਸ ਦਾ ਦੂਜਾ ਅਰਥ ਇਹ ਵੀ ਨਿਕਲਿਆ ਕਿ ਸੈਲਾਨੀ ਖ਼ਾਸ ਕਰਕੇ ਨੌਜਵਾਨ ਤਬਕਾ, ਖਰਚ ਕਰਨ ਯੋਗ ਰਕਮ ਹੱਥ ਵਿਚ ਆ ਜਾਣ ਤੋਂ ਬਾਅਦ ਸੈਰ-ਸਪਾਟਾ ਵੱਲ ਤੇ ਮਹਿੰਗੀ ਜਾਂਬਾਜ਼ ਅਤੇ ਵਾਤਾਵਰਨ ਸੁਖਾਵੇਂ ਸੈਰ-ਸਪਾਟੇ ਵੱਲ ਰੁਚਿਤ ਹੋਵੇਗਾ।

## ਸਰਕਾਰੀ ਪਹਿਲਕਦਮੀਆਂ

ਸੈਰ-ਸਪਾਟਾ ਬਾਰੇ ਮੰਤਰਾਲਾ ਨੇ ਜਾਂਬਾਜ਼ੀ ਵਾਲੇ ਸੈਰ-ਸਪਾਟੇ ਦੀ ਮਹੱਤਤਾ ਨੂੰ ਪਛਾਣਿਆ ਹੈ ਜੋ ਕਿ ਨਵੇਂ ਉੱਭਰੇ ਸੰਕਲਪਾਂ ਨੂੰ ਬਰਕਰਾਰ ਰਹਿਣ ਯੋਗਤਾ ਅਤੇ ਜ਼ਿੰਮੇਵਾਰੀ ਵਾਲੇ ਸੈਰ-ਸਪਾਟੇ ਨੂੰ ਸਹਿਜ ਹੀ ਆਪਣੇ ਦਾਇਰੇ ਵਿਚ ਲੈ ਲੈਂਦਾ ਹੈ। ਆਪਣੇ ਸੁਭਾਅ ਤੋਂ ਹੀ ਜਾਂਬਾਜ਼ ਸੈਰ-ਸਪਾਟਾ ਕੁਦਰਤੀ ਅਤੇ ਸਮਾਜਿਕ ਸਭਿਆਚਾਰ ਵਾਤਾਵਰਨ ਉਪਰ ਬਹੁਤ ਘੱਟ ਨਾਂਹ ਪੱਖੀ ਅਸਰ ਪਾਉਂਦਾ ਹੈ, ਸਹਿਕਾਰਤਾ ਆਧਾਰੀ ਨਜ਼ਰੀਆ ਅਪਣਾਉਂਦਿਆਂ ਵੱਡੀ ਗਿਣਤੀ ਵਿਚ ਸਥਾਨਕ ਕਿਰਤੀਆਂ ਨੂੰ ਕੰਮ ਦਿੰਦਾ ਹੈ ਅਤੇ ਸੈਲਾਨੀਆਂ ਅਤੇ ਉਸ ਦੇ ਆਲੇ-ਦੁਆਲੇ ਦਰਮਿਆਨ ਹਾਂ-ਪੱਖੀ ਸੰਵਾਦ ਸਰਗਰਮ ਕਰਨ ਵਿਚ ਮਦਦ ਕਰਦਾ ਹੈ।

ਭਾਰਤ ਵਿਚ ਸੈਰ-ਸਪਾਟਾ ਬਾਰੇ ਉਤਪਾਦ ਦੇ ਵਿਕੇਂਦਰੀਕਰਨ ਦੀ ਨੀਤੀ 'ਤੇ ਚਲਦਿਆਂ, ਦੇਸ਼ ਵਿਚ ਜਾਂਬਾਜ਼ੀ ਵਾਲੇ ਸੈਰ-ਸਪਾਟਾ ਵੱਲ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ। ਸੈਰ-ਸਪਾਟਾ ਬਾਰੇ ਮੰਤਰਾਲਾ ਨੇ ਜਾਂਬਾਜ਼ ਸੈਰ-ਸਪਾਟਾ ਵਾਲੇ ਟੂਰ ਅਪਰੇਟਰਾਂ ਦੀ ਪ੍ਰਵਾਨਗੀ ਲਈ ਸੇਧਾਂ ਵੀ ਜਾਰੀ ਕੀਤੀਆਂ ਹਨ ਜੋ ਇਕ ਸਵੈ-ਇੱਛਕ ਸਕੀਮ ਹੈ। ਜਾਂਬਾਜ਼ੀ ਵਾਲੇ ਸੈਰ-ਸਪਾਟੇ ਸਮੇਤ ਆਮ ਸੈਰ-ਸਪਾਟਾ ਕੇਂਦਰਾਂ ਲਈ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਵੱਖ-ਵੱਖ ਰਾਜਾਂ/ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਕੇਂਦਰੀ ਆਰਥਿਕ ਸਹਾਇਤਾ ਦਿਤੀ ਜਾ ਰਹੀ ਹੈ।

ਮੰਤਰਾਲਾ ਨੇ ਭਾਰਤ ਲਈ ਜਾਰੀ ਰਹਿਣ ਯੋਗ ਸੈਰ-ਸਪਾਟਾ ਮਾਨਕਾਂ (ਐੱਸ ਟੀ ਸੀ ਆਈ) ਨੂੰ ਇਸ ਬਾਰੇ ਅੰਤਰਰਾਸ਼ਟਰੀ ਮਾਨਕਾਂ ਮੁਤਾਬਕ ਢਾਲਿਆ ਹੈ। ਮੰਡੀਕਰਨ ਅਤੇ ਮਕਬੂਲੀਕਰਨ ਦੇ ਮੁਹਾਜ਼ 'ਤੇ ਭਾਰਤ ਵਿਚ ਜਾਂਬਾਜ਼ੀ ਵਾਲੇ ਅਤੇ ਕੁਦਰਤੀ ਸੈਰ-ਸਪਾਟੇ ਦਾ ਮਹੱਤਵ ਵਧਾ ਦਿਤਾ ਗਿਆ ਹੈ ਅਤੇ ਟੀਚੇ ਵਾਲੇ ਬਾਜ਼ਾਰ ਜਿਵੇਂ ਅਸਟ੍ਰੇਲੀਆ, ਨਿਊਜ਼ੀਲੈਂਡ ਵਿਖੇ ਵੀ ਰੋਡ ਸ਼ੋਅ ਕੀਤੇ ਜਾ ਰਹੇ ਹਨ।

ਨੀਤੀਗਤ ਦ੍ਰਿਸ਼ਟੀਕੋਣ ਤੋਂ ਸੈਰ-ਸਪਾਟਾ ਬਾਰੇ ਮੰਤਰਾਲਾ ਤਸਦੀਕੀਕਰਨ ਬਾਰੇ ਕੁਝ ਤੈਅਸ਼ੁਦਾ ਸੇਧਾਂ ਰੱਖਦਾ ਹੈ ਜੋ ਕਿ ਸੇਵਾ ਡਲਿਵਰੀ, ਸੁਰੱਖਿਆ ਦਿਸ਼ਾ ਨਿਰਦੇਸ਼ਾਂ ਅਤੇ ਵਾਤਾਵਰਨ ਦੀ ਸਾਂਭ-ਸੰਭਾਲ ਮੁੱਦਿਆਂ 'ਤੇ ਆਧਾਰਿਤ ਹਨ। ਅਰਜ਼ੀ ਦੇਣ ਅਤੇ ਪ੍ਰਵਾਨਗੀ ਅਮਲ ਆਸਾਨੀ ਨਾਲ ਪਹੁੰਚ ਯੋਗ ਹੈ ਅਤੇ ਅਪਰੇਟਰਾਂ ਦੀ ਪ੍ਰਵਾਨਗੀ ਬਾਰੇ ਸੂਚੀ ਜਨਤਕ ਰੂਪ ਵਿਚ ਉਪਲਬਧ ਕਰਾਈ ਜਾਂਦੀ ਹੈ। ਮੰਤਰਾਲਾ ਦੀ 'ਹੁਨਰ ਤੋਂ ਰੁਜ਼ਗਾਰ' ਸਕੀਮ, ਜੋ ਕਿ ਸੇਵਾ ਮੁਹੱਈਆਕਾਰਾਂ ਲਈ ਸਮਰਥਾ ਉਸਾਰੀ ਸਕੀਮ (ਸੀ ਬੀ ਐੱਸ ਪੀ) ਹੇਠ ਆਉਂਦੀ ਹੈ, ਵਿਚ ਵੀ ਜਾਂਬਾਜ਼ੀ ਵਾਲੇ ਸੈਰ-ਸਪਾਟਾ ਖੇਤਰ ਲਈ ਮਨੁੱਖੀ ਵਸੀਲਿਆਂ ਨੂੰ ਸੰਗਠਿਤ ਕਰਨ ਲਈ ਵੱਖ-ਵੱਖ ਪ੍ਰੋਗਰਾਮਾਂ ਨੂੰ ਉਲੀਕੀਆ ਗਿਆ ਹੈ।

2009 ਵਿਚ ਰੱਖਿਆ ਮੰਤਰਾਲਾ ਨੇ ਜਾਂਬਾਜ਼ੀ ਵਾਲੇ ਸੈਰ-ਸਪਾਟੇ ਲਈ ਜੰਮੂ-ਕਸ਼ਮੀਰ ਦੇ ਲੇਹ ਇਲਾਕੇ ਵਿਚ 104 ਹੋਰ ਚੋਟੀਆਂ ਖੋਲ੍ਹਣ ਦੀ ਪ੍ਰਵਾਨਗੀ ਦਿਤੀ ਸੀ। ਹਿਮਾਚਲ ਪ੍ਰਦੇਸ਼ ਨੂੰ 2012 ਵਿਚ ਜਾਂਬਾਜ਼ੀ ਵਾਲੇ ਸੈਰ-ਸਪਾਟੇ ਲਈ ਸਰਬੋਤਮ ਰਾਜ ਵਜੋਂ ਐਲਾਨਿਆ ਗਿਆ। ਸਰਕਾਰ ਇਸ ਸਮੇਂ ਏਸ਼ੀਆਈ ਵਿਕਾਸ ਬੈਂਕ ਤੋਂ 482.22 ਕਰੋੜ ਰੁਪਏ ਦੀ ਸਹਾਇਤਾ ਨਾਲ ਵੱਖ-ਵੱਖ ਸੈਰ-ਸਪਾਟਾ ਵਿਕਾਸ ਪ੍ਰੋਗਰਾਮ ਲਾਗੂ ਕਰ ਰਹੀ ਹੈ ਜਿਸ ਵਿਚ ਵਿਦੇਸ਼ੀ ਸੈਲਾਨੀਆਂ ਨੂੰ ਆਪਣੇ ਵਲ ਖਿੱਚਣ ਲਈ ਅੰਤਰਰਾਸ਼ਟਰੀ ਪੱਧਰ ਦਾ ਜਾਂਬਾਜ਼ੀ ਸੈਰ-ਸਪਾਟਾ ਵਿਕਸਤ ਕਰਨ ਦਾ ਉਦੇਸ਼ ਰੱਖਿਆ ਗਿਆ ਹੈ। ਮਹਾਨ ਹਿਮਾਲਿਅਨ ਰਾਸ਼ਟਰੀ ਪਾਰਕ ਨੂੰ ਵੀ ਹੁਣ ਅੰਤਰਰਾਸ਼ਟਰੀ ਵਿਰਾਸਤ ਦਾ ਦਰਜਾ ਦੇ ਦਿਤਾ ਗਿਆ ਹੈ।

## ਫ਼ਿਲਮ ਸੈਰ-ਸਪਾਟਾ

ਫ਼ਿਲਮ ਸੈਰ-ਸਪਾਟਾ ਵਿਚ ਫ਼ਿਲਮ ਦਾ ਨਿਰਮਾਣ ਕਰਨਾ ਅਤੇ ਫ਼ਿਲਮਾਂਕਨ ਅਤੇ ਫ਼ਿਲਮ ਨਾਲ ਸੰਬੰਧਿਤ ਸੈਰ-ਸਪਾਟਾ ਸਰਗਰਮੀਆਂ ਸ਼ਾਮਿਲ

ਹਨ ਜਿਸ ਵਿਚ ਲੰਮੀ ਮਿਆਦ ਵਾਲੇ ਅਤੇ ਵੱਡੀ ਗਿਣਤੀ ਵਿਚ ਲੋਕਾਂ ਦੀ ਸ਼ਮੂਲੀਅਤ ਵਾਲਾ ਸੈਰ-ਸਪਾਟਾ ਹੁੰਦਾ ਹੈ। ਇਥੇ ਹੀ ਫ਼ਿਲਮ ਵਿਕਾਸ ਬੋਰਡਾਂ ਅਤੇ ਸੈਰ-ਸਪਾਟਾ ਵਿਕਾਸ ਸਰੋਤਾਂ ਦਰਮਿਆਨ ਮਿਲਵਰਤਨ ਦੀ ਲੋੜ ਹੈ, ਜਿਥੇ ਉਹ ਫ਼ਿਲਮ ਨਿਰਮਾਣ ਸਾਹਮਣੇ ਆਪਣੀਆਂ ਪੇਸ਼ਕਸ਼ਾਂ ਰੱਖ ਸਕਦੇ ਹਨ। ਅਮਰੀਕਾ, ਯੂਰਪ ਸਮੇਤ ਵਿਕਸਤ ਦੇਸ਼ਾਂ ਵਿਚ 'ਅਸਥਾਨ ਪ੍ਰਬੰਧਨ ਅਦਾਰੇ' ਫ਼ਿਲਮ ਦੀ ਸ਼ੂਟਿੰਗ ਤੇ ਹੋਰ ਸੰਬੰਧਿਤ ਕਾਰਜਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਮਾਲੀ ਫਜ਼ੂਲ ਖਰਚੀ 'ਤੇ ਰੋਕ ਲਾਉਂਦੇ ਹਨ।

ਅੰਤਰਰਾਸ਼ਟਰੀ ਫ਼ਿਲਮ ਮੇਲੇ ਦੇਸ਼ ਦੀ ਕੁਦਰਤੀ ਦੌਲਤ ਨੂੰ ਦਰਸਾਉਣ ਦੇ ਨਾਲ-ਨਾਲ ਉਸ ਦੇਸ਼ ਦੇ ਸਮਾਜਿਕ ਬੁਨਿਆਦੀ ਢਾਂਚੇ ਅਤੇ ਪ੍ਰਬੰਧਨ ਤੇ ਸ਼ਾਸਨ ਬਾਰੇ ਵੀ ਪਤਾ ਦਿੰਦੇ ਹਨ।

## ਸਹਿ-ਉਤਪਾਦਨ ਦੀ ਭੂਮਿਕਾ

ਦੋ ਦੇਸ਼ਾਂ ਦਰਮਿਆਨ ਸਹਿ ਉਤਪਾਦਨ ਉਦੋਂ ਹੁੰਦਾ ਹੈ ਜਦੋਂ ਵਿਸ਼ੇ ਨੂੰ ਦੋਹਾਂ ਦੇਸ਼ਾਂ ਵਿਚ ਰਾਸ਼ਟਰੀ ਸੰਪਦਾ ਮੰਨ ਲਿਆ ਜਾਂਦਾ ਹੈ ਅਤੇ ਛੋਟਾਂ ਅਤੇ ਟੈਕਸ ਰਾਹਤਾਂ ਮਿਲਦੀਆਂ ਹਨ। ਭਾਰਤ ਦਾ ਜਰਮਨੀ, ਇਟਲੀ, ਯੂ.ਕੇ., ਨਿਊਜ਼ੀਲੈਂਡ, ਬ੍ਰਾਜ਼ੀਲ ਅਤੇ ਫਰਾਂਸ ਨਾਲ ਸਹਿ-ਉਤਪਾਦਨ ਬਾਰੇ ਸਮਝੌਤਾ ਹੈ। ਵਿਦੇਸ਼ੀ ਫ਼ਿਲਮ ਨਿਰਮਾਤਾਵਾਂ ਨੂੰ ਤਿੰਨ ਹਫ਼ਤਿਆਂ ਅੰਦਰ ਹੀ ਮਨਜ਼ੂਰੀ ਦਿਤੀ ਜਾ ਸਕਦੀ ਹੈ।

ਬਿਹਤਰ ਬੁਨਿਆਦੀ ਢਾਂਚੇ ਅਤੇ ਸਹਾਇਤਾ ਪ੍ਰਣਾਲੀ ਜਿਸ ਵਿਚ ਨਵੀਨ ਤਕਨਾਲੋਜੀ ਵਾਲੀਆਂ ਨਿਰਮਾਣ ਤੋਂ ਬਾਅਦ ਦੀਆਂ ਸਰਗਰਮੀਆਂ ਲਈ 10 ਲੈਬੋਰੇਟਰੀਆਂ ਹਨ। ਭਾਰਤ ਹੁਣ ਅੰਗਰੇਜ਼ੀ ਠੀਕ ਬੋਲ ਸਕਣ ਵਾਲੀ ਮਨੁੱਖੀ ਸ਼ਕਤੀ ਸਦਕਾ, ਵਿਦੇਸ਼ੀ ਫ਼ਿਲਮ ਨਿਰਮਾਤਾਵਾਂ ਲਈ ਤਰਜੀਹੀ ਸਥਾਨ ਹੈ। ਐਨੀਮੇਸ਼ਨ ਸਾਫ਼ਟਵੇਅਰ ਵਿਚ ਭਾਰਤ ਪੂਰੀ ਦੁਨੀਆਂ ਵਿਚ ਆਊਟਸੋਰਸਿੰਗ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਭਾਰਤ ਵਿਚ ਆ ਕੇ ਫ਼ਿਲਮ ਬਣਾਉਣਾ ਤੇ ਉਸ ਤੋਂ ਬਾਅਦ ਦੀਆਂ ਸਰਗਰਮੀਆਂ ਕਿਫ਼ਾਇਤੀ ਹਨ। ਇਥੇ ਪ੍ਰਤਿਭਾਸ਼ਾਲੀ ਕਲਾਕਾਰ ਅਤੇ ਤਕਨੀਸ਼ੀਅਨ ਆਸਾਨੀ ਨਾਲ ਉਪਲਬਧ ਹਨ। ਭਾਰਤ ਆਪਣੇ ਆਪ ਵਿਚ ਇਸ ਸਮੇਂ ਸਾਲ ਵਿਚ ਇਕ ਕਲਾਤਮਕ ਫ਼ਿਲਮ ਬਣਾਉਣ ਵਾਲਾ ਉਦਯੋਗ ਹੈ ਅਤੇ ਭਾਰਤ ਵਿਚ ਕਾਨੂੰਨੀ ਨਿਜ਼ਾਮ ਵੀ ਉੱਚ ਦਰਜੇ ਦਾ ਹੈ।

ਸਰਕਾਰ ਦੀ ਸਹਾਇਤਾ ਪ੍ਰਾਪਤ ਰਾਸ਼ਟਰੀ ਫ਼ਿਲਮ ਵਿਕਾਸ ਕਾਰਪੋਰੇਸ਼ਨ ਜਾਂ ਕਿਸੇ ਸਥਾਨਕ ਫ਼ਿਲਮ ਕੰਪਨੀ ਨਾਲ ਮਿਲ ਕੇ ਕੰਮ ਕੀਤਾ ਜਾ ਸਕਦਾ ਹੈ। ਪੀ ਐੱਚ ਡੀ ਚੈਂਬਰ, ਐਸੋਚੈਮਾਂ ਜਾਂ ਫ਼ਿੱਕੀ ਵੱਖ-ਵੱਖ ਹਾਈ ਕਮਿਸ਼ਨਾਂ ਨੂੰ ਭਾਰਤ ਵਿਚ ਅਜਿਹੀਆਂ ਕੰਪਨੀਆਂ ਦੀ ਦਰਜਾਬੰਦੀ ਸੂਚੀ ਉਪਲਬਧ ਕਰ ਸਕਦੇ ਹਨ।

## ਸਰਕਾਰੀ ਸਹਾਇਤਾ ਅਤੇ ਨੀਤੀਗਤ ਪਹਿਲਕਦਮੀਆਂ

ਭਾਰਤੀ ਨਿਰਮਾਤਾਵਾਂ ਵਲੋਂ ਪੇਸ਼ ਫ਼ਿਲਮਾਂ ਵਿਚਲੇ ਸਮਾਜਿਕ-ਆਰਥਿਕ ਅਤੇ ਸਭਿਆਚਾਰਕ ਮਹੱਤਵ ਨੂੰ ਦੇਖਦਿਆਂ, ਕੇਂਦਰੀ ਸਰਕਾਰ ਨੇ ਫ਼ਿਲਮ ਖੇਤਰ ਨੂੰ ਉਦਯੋਗ ਦਾ ਦਰਜਾ ਦੇ ਦਿਤਾ ਹੈ ਅਤੇ ਕਈ ਰਾਜ ਵੀ ਫ਼ਿਲਮ ਨਿਰਮਾਤਾਵਾਂ ਨੂੰ ਕਰ ਤੇ ਹੋਰ ਰਾਹਤਾਂ ਦੀ ਪੇਸ਼ਕਸ਼ ਕਰਦੇ ਆ ਰਹੇ ਹਨ। 'ਹੈਰਤ ਅੰਗੇਜ਼ ਭਾਰਤ' ਦੀ ਮੁਹਿੰਮ ਨੂੰ ਹੁਲਾਰਾ ਦੇਣ ਲਈ ਅਤੇ ਵਿਦੇਸ਼ ਵਿਚ ਵੱਖ-ਵੱਖ ਅੰਤਰਰਾਸ਼ਟਰੀ ਫ਼ਿਲਮ ਮੇਲਿਆਂ ਵਿਚ ਇਸ ਦੀ ਪੇਸ਼ਕਾਰੀ ਲਈ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਤੇ ਸੈਰ-ਸਪਾਟਾ ਬਾਰੇ ਮੰਤਰਾਲਾ ਨੇ ਆਪਸੀ ਸੂਝ ਬਾਰੇ ਸਮਝੌਤਾ ਪੱਤਰ 'ਤੇ 2012 ਵਿਚ ਹਸਤਾਖ਼ਰ ਕੀਤੇ ਸਨ ਤਾਂ ਕਿ ਫ਼ਿਲਮੀ ਸੈਰ-ਸਪਾਟਾ ਖੇਤਰ ਨੂੰ ਉਤਸ਼ਾਹ ਮਿਲੇ।

ਸੈਰ-ਸਪਾਟਾ ਬਾਰੇ ਮੰਤਰਾਲਾ ਆਪਣੀ ਕੇਂਦਰੀ ਆਰਥਿਕ ਸਹਾਇਤਾ ਸਕੀਮ ਤਹਿਤ ਰਾਜ ਸਰਕਾਰਾਂ ਅਤੇ ਕੇਂਦਰੀ ਸ਼ਾਸਤ ਪ੍ਰੇਦਸ਼ਾਂ ਵਿਚ ਫ਼ਿਲਮੀ ਸੈਰ-ਸਪਾਟਾ ਖੇਤਰ ਲਈ ਆਰਥਿਕ ਸਹਾਇਤਾ ਦਿੰਦਾ ਹੈ। ਦੇਸ਼ ਸਭਿਆਚਾਰ ਨੂੰ ਦਰਸਾਉਣ ਲਈ ਅੰਤਰਰਾਸ਼ਟਰੀ ਫ਼ਿਲਮ ਮੇਲਿਆਂ 'ਤੇ ਵੀ ਧਿਆਨ ਕੇਂਦਰਤ ਕੀਤਾ ਗਿਆ ਹੈ ਅਤੇ ਕੇਰਲ ਅੰਤਰ-ਰਾਸ਼ਟਰੀ ਫ਼ਿਲਮ ਮੇਲਾ, ਚੇਨੱਈ ਅੰਤਰਰਾਸ਼ਟਰੀ ਫ਼ਿਲਮ ਮੇਲਾ, ਕੋਲਕਾਤਾ ਅੰਤਰਰਾਸ਼ਟਰੀ ਫ਼ਿਲਮ ਮੇਲਾ ਅਤੇ ਮੁੰਬਈ ਫ਼ਿਲਮ ਮੇਲੇ ਕਰਾਏ ਗਏ ਹਨ ਤਾਂ ਕਿ ਇਨ੍ਹਾਂ ਰਾਜਾਂ ਵਿਚ ਫ਼ਿਲਮ ਪ੍ਰਾਜੈਕਟਾਂ ਨੂੰ ਉਤਸ਼ਾਹ ਮਿਲੇ।

ਭਾਰਤ ਦਾ ਉੱਤਰ-ਪੂਰਬੀ ਖੇਤਰ ਕੁਝ ਭੂਗੋਲਿਕ ਖਿਤੇ ਦਾ 7.9 ਪ੍ਰਤਿਸ਼ਤ ਹੈ ਅਤੇ ਇਸ ਵਿਚ 3.8 ਪ੍ਰਤਿਸ਼ਤ ਭਾਰਤੀ ਵਸੋਂ ਰਹਿੰਦੀ ਹੈ। ਸੈਰ-ਸਪਾਟੇ ਲਈ ਢੁਕਵਾਂ ਸਥਾਨ ਹੋਣ ਦੇ ਬਾਵਜੂਦ ਅਸਮ ਨੂੰ ਛੇਤੀ ਇਥੇ ਸੈਰ-ਸਪਾਟਾ ਨੂੰ ਉਤਸ਼ਾਹ ਦੇਣ ਬਾਰੇ ਮੁਹਿੰਮ ਤੇਜ਼ੀ ਨਹੀਂ ਫੜ ਸਕੀ ਇਸ ਦਿਸ਼ਾ ਵਿਚ ਕਾਫ਼ੀ ਕੰਮ ਕਰਨ ਦੀ ਲੋੜ ਹੈ।

2016 ਵਿਚ ਵਿਦੇਸ਼ੀ ਸੈਲਾਨੀਆਂ ਦੀ ਆਮਦ 11.24 ਮਿਲੀਅਨ ਦਰਸਾਈ ਗਈ ਹੈ, ਜਦ ਕਿ ਘਰੇਲੂ ਸੈਲਾਨੀਆਂ ਦੇ 1451.46 ਦੌਰੇ ਹੋਣ ਦਾ ਅੰਦਾਜ਼ਾ ਹੈ। ਵਿਦੇਸ਼ੀ ਮੁਦਰਾ ਵਿਚ ਕਮਾਈ 330.2 ਅਰਬ ਅਮਰੀਕੀ ਡਾਲਰ ਹੋਵੇਗੀ ਜਦ ਕਿ 24.5 ਮਿਲੀਅਨ ਰੁਜ਼ਗਾਰ ਦੇ ਮੌਕੇ ਉਪਲਬਧ ਹੋਣਗੇ। ਇਸ ਲਈ ਇਹ ਜ਼ਰੂਰੀ ਹੈ ਕਿ ਇਹ ਖੇਤਰ ਦੇ ਵਿਕਾਸ ਲਈ ਦੇਸ਼ ਵਿਚਲੀ ਵਿਰਾਸਤ ਨੂੰ ਸੈਰ-ਸਪਾਟਾ ਖੇਤਰ ਦੀ ਮੁੱਖ ਧੁਰੀ ਮੰਨਦਿਆਂ, ਸੈਰ-ਸਪਾਟਾ ਮੰਤਰਾਲਾ, ਸਭਿਆਚਾਰ ਮੰਤਰਾਲਾ ਤੇ ਹੋਰ ਸੰਬੰਧਿਤ ਮੰਤਰਾਲੇ ਮਿਲ ਕੇ, ਸੈਰ-ਸਪਾਟਾ ਉਤਪਾਦਾਂ ਅਤੇ ਸੇਵਾਵਾਂ ਦੀ ਸ਼ਨਾਖ਼ਤ, ਯੋਜਨਾਬੰਦੀ ਤੇ ਵਿਕਾਸ ਲਈ ਊਰਜਾਸ਼ੀਲ, ਬਹੁ-ਸੰਸਥਾ ਕੇਂਦਰਤ ਨਜ਼ਰੀਏ ਨਾਲ ਕੰਮ ਕਰਨ।

*(ਲੇਖਕ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਵਿਚ ਸੁਤੰਤਰ ਪੱਤਰਕਾਰ ਹੈ।)*

*e-mail :ratnadeepbanerji@gmail.com*

**ਯੋਜਨਾ (ਪੰਜਾਬੀ)**

- **ਜੂਨ 2015 – ਇਹ ਅੰਕ *ਵਿਕਲਪਕ ਦਵਾਈਆਂ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250***

***ਸਾਰਕ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

# ਭਾਰਤ ਵਿਚ ਸੈਰ-ਸਪਾਟੇ ਦਾ ਰੁਝਾਨ

**ਸੁਰਿੰਦਰ ਕੌਰ ਛਾਬੜਾ**

ਸੈਲਾਨੀਆਂ ਅੰਦਰ ਭ੍ਰਮਣ ਦਾ ਸ਼ੌਕ ਹੁੰਦਾ ਹੈ। ਸੈਰ-ਸਪਾਟਾ ਅਤੇ ਵਾਤਾਵਰਨ ਇਕ ਦੂਜੇ ਨਾਲ ਜੁੜੇ ਹੋਏ ਹਨ। ਦੇਸ਼ ਦੇਖਣ ਤੇ ਉਸ ਨੂੰ ਸਮਝਣ ਨੇ ਇਕ ਨਵੀਂ ਤਰੰਗ ਛੇੜੀ ਹੈ। ਵਿਸ਼ਵੀਕਰਨ ਨੇ ਸੋਚ ਬਦਲੀ ਹੈ। ਸਿਹਤ-ਭ੍ਰਮਣ ਦਾ ਬਿੰਦੂ ਵਾਤਾਵਰਨ ਹੈ। ਅੱਜ ਲੋਕਾਂ ਕੋਲ ਵਿਹਲ, ਪੈਸਾ ਤੇ ਨਵਾਂ ਨਜ਼ਰੀਆ ਹੈ। ਸੈਲਾਨੀ ਕੁਝ ਨਵਾਂ ਅਨੁਭਵ ਕਰਦੇ ਹਨ। ਇਸ ਦ੍ਰਿਸ਼ਟੀ ਤੋਂ ਦੇਸ਼ ਵਿਦੇਸ਼ੀ ਸਿੱਕੇ ਦੀ ਵਧੇਰੇ ਕਮਾਈ ਸਦਕਾ ਹੋਰ ਸਿਖਰਾਂ ਵਲ ਜਾਵੇਗਾ, ਉਮੀਦ ਹੈ।

**ਭਾਰਤ ਵਿਸ਼ਾਲ ਤੇ ਖ਼ੁਸ਼ਹਾਲ ਦੇਸ਼ ਹੈ। ਇਸ ਦੀ ਵਿਭਿੰਨਤਾ - (ਜਲਵਾਯੂ, ਲੋਕ, ਉਨ੍ਹਾਂ ਦੀ ਜੀਵਨ ਸ਼ੈਲੀ, ਸਭਿਅਤਾ ਤੇ ਇਤਿਹਾਸਕ ਵਿਰਾਸਤ) ਸਮੁੰਦਰ ਜਿੱਡੀ ਫੈਲੀ ਹੋਈ ਤੇ ਪ੍ਰਾਚੀਨ ਹੈ। ਸਥਾਨਕ ਜ਼ਰੂਰਤਾਂ ਨੂੰ ਮੁੱਖ ਰਖਦੇ ਹੋਏ ਦੇਸ਼ ਭ੍ਰਮਣ ਆਰਥਿਕ ਵਿਕਾਸ ਲਈ ਅਹਿਮ ਕਦਮ ਹੈ। ਸਥਾਨਕ ਸਮੁਦਾਇ ਦੀ ਭਾਗੀਦਾਰੀ ਨਾਲ, ਯੋਜਨਾਬਧ ਰਾਖੀ ਕਰਨ ਤੇ ਹਰ ਪੱਖੋਂ ਲਗਾਤਾਰ, ਜੀਵ ਸੰਬੰਧੀ ਭਿੰਨਤਾ ਨੂੰ ਵੀ ਸੁਰੱਖਿਅਤ ਰਖਿਆ ਜਾ ਸਕਦਾ ਹੈ।**

ਹਰ ਥਾਂ ਦੇ ਜਲਵਾਯੂ, ਪਾਣੀ ਦੇ ਸਰੋਤ, ਪਸ਼ੂ, ਫਲ-ਫੁੱਲ, ਸਬਜ਼ੀਆਂ ਦੀ ਆਪਣੀ ਨਿਵੇਕਲੀ ਮਹੱਤਤਾ ਹੈ। ਨਦੀਆਂ-ਕੰਢੇ ਸੰਸਾਰ ਭਰ ਵਿਚ ਸਭਿਅਤਾ ਦਾ ਆਰੰਭ ਹੋਇਆ ਤੇ ਪਨ੍ਹਪਿਆ। ਗੰਗਾ, ਬ੍ਰਹਮਪੁੱਤਰ, ਨਰਮਦਾ, ਗੋਦਾਵਰੀ ਤੇ ਕਾਵੇਰੀ ਕਿਨਾਰੇ ਸਭਿਅਤਾ ਪਨ੍ਹਪੀ। ਉਨ੍ਹਾਂ ਦੀ ਮਹਾਨਤਾ ਸਮਝ ਕੇ ਲੋਕ ਪੂਜਾ ਕਰਨ ਲੱਗ ਪਏ। ਵਿਲੱਖਣ ਪਸ਼ੂ-ਪੰਛੀਆਂ ਵਿਚੋਂ 'ਮੋਰ' ਨੂੰ ਰਾਸ਼ਟਰ-ਪੰਛੀ ਘੋਸ਼ਿਤ ਕੀਤਾ ਗਿਆ। ਵਿਲੱਖਣ ਨਾਚ, ਸੰਗੀਤ, ਲੋਕ-ਕਥਾਵਾਂ, ਚਿੱਤਰਕਾਰੀ, ਮੂਰਤੀ ਕਲਾ, ਸੰਸਾਰ-ਭਰ ਵਿਚ ਮਸ਼ਹੂਰ ਹਨ। ਮੰਦਰ, ਬੋਧੀ ਗੁਫ਼ਾਵਾਂ (ਅਜੰਤਾ, ਅਲੋਰਾ, ਕੰਨ੍ਹੇਰੀ, ਐਲੀਫੈਂਟਾ, ਕਾਰਲਾ) ਸਤੂਪ, ਮੁਗ਼ਲ ਕਾਲੀਨ ਕਲਾ ਤੇ ਭਵਨ ਨਿਰਮਾਣ ਕਲਾ, ਹਵਾ ਮਹੱਲ, ਮਸਜਿਦ ਆਦਿ ਸਭ ਦੇ ਸਭ ਸਾਨੂੰ ਪੁਰਾਤਨ ਕਾਲ ਨਾਲ ਜੋੜ ਕੇ ਸਾਡੀਆਂ ਜੜ੍ਹਾਂ ਦਾ ਅਹਿਸਾਸ ਕਰਵਾਉਂਦੇ ਹਨ। ਸੁੰਦਰ ਇਤਿਹਾਸ ਤੋਂ ਜਾਣੂ ਕਰਵਾਉਂਦੇ ਹਨ। ਖ਼ਜੂਰਾਹੋ ਦੀ ਮੂਰਤੀਕਲਾ ਉਸ ਸਮੇਂ ਦੀ ਕਈ ਅਣਕਹੀਆਂ ਕਹਾਣੀਆਂ ਦਾ ਵਰਣਨ ਹੈ। ਹਰ ਜਗਤ ਦੀਆਂ ਲੋਕ ਕਥਾਵਾਂ, ਹਸਤਕਲਾ, ਸੁੰਦਰ ਕਾਰੀਗਰੀ ਪ੍ਰਸ਼ੰਸਾਯੋਗ ਹਨ। ਇਸੇ ਸਭਿਆਚਾਰਕ ਵਿਰਾਸਤ ਨੇ ਦੇਸ਼ ਭ੍ਰਮਣ ਦੇ ਵਿਕਾਸ ਵਿਚ ਵਾਧਾ ਕੀਤਾ ਹੈ। ਸੰਨ 1945 ਵਿਚ ਸਮਾਜਿਕ-ਆਰਥਿਕ ਵਾਤਾਵਰਨ ਦੇ ਰਖ-ਰਖਾਅ ਲਈ ਇਕ ਕਮੇਟੀ ਦੀ ਸਥਾਪਨਾ ਕਰ ਕੇ, ਪਰਿਵਹਿਨ ਮੰਤਰਾਲਾ ਵਿਚ ਦੇਸ਼ ਭ੍ਰਮਣ ਟ੍ਰੈਫਿਕ ਬਰਾਂਚ ਖੋਲ੍ਹੀ ਗਈ। ਹੌਲੀ-ਹੌਲੀ ਦੇਸ਼-ਵਿਦੇਸ਼ ਵਿਚ ਕਈ ਦਫ਼ਤਰ ਖੋਲ੍ਹੇ ਤਾਂ ਕਿ ਲੋਕਾਂ ਨੂੰ ਸਹੀ ਮਾਰਗ ਦਰਸ਼ਨ ਮਿਲ ਸਕੇ।

ਤੰਦਰੁਸਤੀ ਭ੍ਰਮਣ ਲਈ ਭਾਰਤ ਅੱਵਲ ਨੰਬਰ 'ਤੇ ਹੈ। ਆਯੁਰਵੇਦ, ਮਾਲਿਸ਼, ਜੜ੍ਹੀ-ਬੂਟੀਆਂ ਦੀ ਭਰਮਾਰ ਨੇ ਸੈਲਾਨੀਆਂ ਨੂੰ ਦੇਸ਼ ਵਿਚ ਆਕਰਸ਼ਿਤ ਕੀਤਾ ਹੈ। ਕੈਂਸਰ, ਦਿਲ ਦੇ ਰੋਗ, ਅੱਖਾਂ ਦੇ ਇਲਾਜ ਲਈ, ਲੋਕ ਵਹੀਰਾਂ ਪਾ ਕੇ, ਸਸਤਾ ਪਰ ਗੁਣਵੱਤਾ ਭਰਿਆ ਇਲਾਜ ਕਰਵਾਉਂਦੇ ਹਨ। ਆਵਾਜਾਈ ਸਸਤੀ ਹੈ। ਰਾਜਧਾਨੀ, ਸ਼ਤਾਬਦੀ ਤੇ ਪੈਲੇਸ ਆਨ ਵ੍ਹੀਲਸ ਮੁਸਾਫਿਰਾਂ ਨੂੰ ਚੰਗੀ ਸੇਵਾ ਪ੍ਰਦਾਨ ਕਰਦੀਆਂ ਹਨ। ਤਰ੍ਹਾਂ-ਤਰ੍ਹਾਂ ਦੇ ਤਿਉਹਾਰ, ਮੇਲੇ ਜਿਵੇਂ ਕਿ ਸੂਰਜਕੁੰਡ ਮੇਲਾ, ਕੁੰਭ ਮੇਲਾ, ਹਤਸਕਲਾ ਮੇਲਾ, ਵੈਸ਼ਨੋਦੇਵੀ, ਨੈਨਾ-ਦੇਵੀ ਕਿੰਨਾ ਕੁਝ ਹੈ, ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦੇ ਹਨ।

ਪੁਰਾਣੇ ਸਮਿਆਂ ਵਿਚ ਮੁਸਾਫਿਰਾਂ ਦੇ ਠਹਿਰਨ ਲਈ ਸਰਾਵਾਂ ਤੇ ਧਰਮਸ਼ਾਲਾਵਾਂ ਹੁੰਦੀਆਂ ਸਨ। ਹੁਣ ਹੋਟਲ ਉਪਲਬਧ ਹਨ। ਮਹਾਂਰਾਸ਼ਟਰ ਦੇ ਮੌਨਸੂਨ ਨੂੰ ਮਾਣਨ ਲਈ ਅਰਬ ਦੇਸ਼ਾਂ ਤੋਂ ਵਿਸ਼ੇਸ਼ ਕਰਕੇ ਸੈਲਾਨੀ ਆਉਂਦੇ ਹਨ।

ਅਸਮ ਦੇ ਉੱਤਰੀ ਚੱਚਰ ਹਿੱਲਸ ਦੇ ਜੈਤਿੰਗਾ ਪਿੰਡ ਵਿਚ 'ਜੈਂਤੀਆ' ਆਦਿਵਾਸੀ ਘਣੇ ਜੰਗਲਾਂ ਵਿਚ ਵਾਸ ਕਰਦੇ ਹਨ। ਉਥੇ ਰਹੱਸਪੂਰਨ ਸਾਲਾਨਾ ਰਿਵਾਜ਼ ਹੈ ਕਿ ਪਰਵਾਸੀ ਪੰਛੀ ਸਮੂਹਿਕ ਤੌਰ ਤੇ ਹੱਤਿਆ ਕਰਦੇ ਹਨ। ਕਿਉਂਕਿ ਇਹ ਬੜਾ ਹੈਰਾਨ ਕਰਨ ਵਾਲਾ, ਪਰ ਲੁਭਾਵਣਾ ਵਾਕਿਆ ਹੈ। ਪੰਛੀ ਵਿਗਿਆਨੀ ਇਸ ਰਾਜ਼ ਨੂੰ ਨਹੀਂ ਸਮਝ ਸਕੇ। ਮੌਨਸੂਨ ਦੇ ਆਖਰੀ ਮਹੀਨਿਆਂ ਵਿਚ ਇਥੇ 44 ਕਿਸਮਾਂ ਦੇ ਪਰਵਾਸੀ ਪੰਛੀ ਆਉਂਦੇ ਤੇ ਮੱਸਿਆ ਤੇ ਧੁੰਦਲੀਆਂ ਰਾਤਾਂ ਨੂੰ ਧੜੰਮ ਕਰਕੇ ਡਿੱਗ ਪੈਂਦੇ ਹਨ। ਪੰਛੀ ਸ਼ਾਇਦ ਅਜਿਹਾ ਦਿਸ਼ਾਹੀਣ ਹੋਣ ਕਰਕੇ/ਤੇਜ਼ ਹਵਾਵਾਂ ਤੇ ਪਹਾੜੀ ਉੱਚਾਈ ਕਰਕੇ ਕਰਦੇ ਹੋਣ - ਇਕ ਅਨੁਮਾਨ ਹੈ। ਧੜੰਮ ਡਿੱਗਣ 'ਤੇ ਕਈ ਪੰਛੀ ਬਚ ਜਾਂਦੇ ਹਨ। ਸਰਕਾਰ ਬੁਨਿਆਦੀ ਸਹੂਲਤਾਂ ਦਾ ਵਿਕਾਸ ਕਰਕੇ ਇਸ ਨੂੰ ਵਧੀਆ ਬਣਾ ਰਹੀ ਹੈ ਤਾਂਕਿ ਜ਼ਿਆਦਾ ਤੋਂ ਜ਼ਿਆਦਾ ਸੈਲਾਨੀ ਇਥੇ ਆਉਣ।

ਉਤਰਾਖੰਡ ਵਿਚ ਪ੍ਰਾਕਿਰਤਿਕ ਭ੍ਰਮਣ ਵਿਕਾਸ ਦੀ ਮਾਸਟਰ ਪਲਾਨ ਵਿਚ 'ਵੈਲੀ ਆਫ਼ ਫਲਾਵਰਜ਼' ਤੇ 'ਹੇਮਕੁੰਟ ਬੈਲਟ' ਤੋਂ ਸਥਾਨਕਾਂ ਦੀ ਭਾਗੀਦਾਰੀ

ਸਾਫ਼ ਝਲਕਦੀ ਹੈ। ਵਿਕਾਸ ਦੇ ਫ਼ੈਸਲੇ ਤੇ ਸਾਫ਼-ਸਫ਼ਾਈ ਦੀ ਜ਼ਿੰਮੇਵਾਰੀ ਸਭ ਦੀ ਸਾਂਝੀ ਹੈ। ਖੱਚਰ ਚਾਲਕ, ਹੋਟਲ, ਰੇਸਤਰਾਂ, ਸਰਕਾਰੀ, ਨਿੱਜੀ ਆਮਦਨੀ ਜ਼ਿਲ੍ਹਾ ਪਰਿਸ਼ਦ ਤੇ ਸਥਾਨਕ ਲੋਕਾਂ ਵਿਚ ਵੰਡੀ ਜਾਂਦੀ ਹੈ। ਅਫ਼ਸੋਸ ਕਿ ਨਿੱਜੀ ਕਾਰੋਬਾਰੀ ਸਿਰਫ਼ ਆਪਣੀ ਮਾਰਕੀਟ ਤੇ ਮੁਨਾਫ਼ੇ ਲਈ ਸਭ ਕੁਝ ਕਰਦੇ ਹਨ।

ਇਕ ਸਰਵੇਖਣ ਅਨੁਸਾਰ ਹਿਮਾਂਯੂ ਦਾ ਮਕਬਰਾ, ਆਗਰਾ ਕਿਲਾ, ਲਾਲ ਕਿਲਾ, ਕੁਤਬ ਮੀਨਾਰ, ਕੋਨਾਰਕ ਮੰਦਰ, ਅਜੰਤਾ, ਅਲੋਰਾ, ਏਲੀਫੈਂਟਾ, ਗੁਫ਼ਾਫ਼ਾਂ, ਹੰਪੀ, ਮਸਲਪੁਰਮ, ਤਾਜਮਹਲ, ਫਤਹਿਪੁਰ ਸੀਕਰੀ ਸੰਸਾਰ ਦੀਆਂ ਵਿਰਾਸਤੀ ਥਾਵਾਂ ਹਨ। ਵੀਰਾਮਗਮ ਤੇ ਸਾਨੰਦ (ਗੁਜਰਾਤ) ਵਿਚ ਸਿਲ ਸ਼ੇਸ਼ਨਾਗ ਪਾਏ ਜਾਂਦੇ ਹਨ। ਸਥਾਨਕ ਉਨ੍ਹਾਂ ਨੂੰ ਮਾਰ ਸੁੱਟਦੇ ਸਨ ਪਰ ਹੁਣ ਵਣ ਵਿਭਾਗ ਨੇ ਬਚਾਅ ਦੀ ਮੁਹਿੰਮ ਚਲਾਈ ਹੈ।

ਬੋਰਨੀਓ ਦੀਆਂ 'ਨੀਆਹ ਗੁਫ਼ਾਵਾਂ' ਤੋਂ ਹਜ਼ਾਰਾਂ ਦੀ ਗਿਣਤੀ ਵਿਚ ਚਮਗਿੱਦੜਾਂ ਦਾ ਨਜ਼ਾਰਾ ਦੇਖਣ ਯੋਗ ਹੈ। ਇਕ ਸਮਾਂ ਸੀ ਅੰਬਰਨਾਥ (ਮਹਾਂਰਾਸ਼ਟਰ) ਵਿਚ ਵੀ ਇਹੀ ਨਜ਼ਾਮ ਦੇਖਣ ਨੂੰ ਮਿਲਦਾ ਸੀ ਪਰ ਆਧੁਨਿਕ ਸਭਿਅਤਾ ਨੇ ਬਹੁਮੰਜ਼ਿਲੇ ਮਕਾਨ ਬਣਾਉਣ ਲਈ ਜੰਗਲ ਕੱਟ ਦਿਤੇ ਤੇ ਇਹ ਨਜ਼ਾਰਾ ਛੂਮੰਤਰ ਹੋ ਗਿਆ। ਅੰਬਰਨਾਥ ਵਿਚ ਹੀ ਨੌ ਸੌ ਸਾਲ ਪੁਰਾਤਨ 'ਏ ਗ੍ਰੇਡ' ਪੁਰਾਤਨ ਇਮਾਰਤ ਦੇ ਵਿਚਕਾਰ ਸ਼ਿਵ ਮੰਦਰ ਸਥਿਤ ਹੈ। ਇਸ ਦੇ ਪਾਣੀ ਦਾ ਭੰਡਾਰ ਟੈਂਕ ਵੀ ਵਿਰਾਸਤੀ ਹੈ ਜੋ ਮੰਦਰ ਦੀ ਸਫ਼ਾਈ ਲਈ ਬਣਿਆ ਸੀ। ਇਸ ਟੈਂਕੀ ਦੇ ਥੰਮ੍ਹਾਂ ਦੇ ਪੱਥਰ ਮੰਦਰ ਦੇ ਆਸ-ਪਾਸ ਤੇ ਵਾਲਧੁਨੀ ਨਦੀ ਵਿਚ ਡਿੱਗੇ ਪਏ ਨਜ਼ਰ ਆਉਂਦੇ ਹਨ।

ਕਈ ਵਾਰ ਸਵਾਲ ਉੱਠਦਾ ਹੈ ਕਿ ਕੀ ਸੈਲਾਨੀ ਸਿਰਫ਼ ਸਮਾਰਕ ਚਿੰਨ੍ਹ ਜਾਂ ਪੁਰਾਤਨ ਇਮਾਰਤਾਂ ਵੇਖਣ ਆਉਂਦੇ ਹਨ? ਸਮੁੰਦਰੀ ਕੰਢਿਆਂ 'ਤੇ ਬਿਨਾਂ ਮਤਲਬ ਘੁੰਮਣ ਆਉਂਦੇ ਹਨ? ਦਰਅਸਲ, ਉਹ ਸੁਫ਼ਨਿਆਂ ਦੀ ਦੁਨੀਆਂ ਵਿਚ ਵਿਚਰਦੇ ਪ੍ਰਾਣੀ ਹਨ। ਨਿਰਧਾਰਿਤ ਜਗਹ 'ਤੇ ਘੁੰਮਣ ਨਾਲ ਆਖਰ ਕੀ ਪ੍ਰਾਪਤੀ ਹੁੰਦੀ ਹੈ? ਸਮਝਣ ਦੀ ਲੋੜ ਹੈ ਕਿ ਸੈਲਾਨੀ ਕੁਝ ਤਸਵੀਰ, ਕੁਝ ਉਮੀਦ ਲੈ ਕੇ ਆਉਂਦੇ ਹਨ ਪਰ ਉਨ੍ਹਾਂ ਨੂੰ ਨਿਰਾਸ਼ਾ ਮਿਲਦੀ ਹੈ, ਜੇ ਰੇਸਤਰਾਂ, ਢਾਬੇ, ਫਰਸ਼ ਆਦਿ ਗੰਦੇ ਹੋਣ, ਜਾਲੇ ਲੱਗੇ ਕਮਰੇ ਹੋਣ ਤੇ ਖਾਣਾ ਵੀ ਕੋਈ ਵਧੀਆ ਨਾ ਮਿਲੇ ਤਾਂ? ਸੋ ਸਵੱਛ ਭਾਰਤ ਦੀ ਭਾਵਨਾ ਇਸ ਸਭ ਕਾਸੇ ਵਿਚ ਸਹਾਇਕ ਹੋ ਸਕਦੀ ਹੈ।

ਸੈਰ-ਸਪਾਟਾ ਤੇਜ਼ੀ ਨਾਲ ਵਧਣ ਪਰ ਸਾਵਾਂ ਵਿਕਾਸ ਨਾ ਹੋਣ ਕਰਕੇ, ਵਾਤਾਵਰਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਗੋਆ ਵਿਚ ਹਿੱਪੀਆਂ ਤੋਂ ਸਥਾਨਕ ਲੋਕ ਨਰਾਜ਼ ਹਨ। ਵਿਦੇਸ਼ੀ ਸੈਲਾਨੀ ਸਾਡੀ ਸਭਿਅਤਾ ਨੂੰ ਨਾ ਸਮਝਦੇ ਹੋਏ, ਸਾਡੀ ਨਕਾਰਾਤਮਕ ਤਸਵੀਰ ਲਈ ਫਿਰਦੇ ਹਨ। ਕਾਇਦੇ -ਕਾਨੂੰਨ ਦੀ ਉਲੰਘਣਾ, ਸਫ਼ਾਈ ਤੇ ਬੁਨਿਆਦੀ ਸਹੂਲਤਾਂ ਦੀ ਘਾਟ ਰੜਕਦੀ ਹੈ। ਵਾਤਾਵਰਨ ਦੀ ਗਿਰਾਵਟ ਗੁਰਬਤ ਨਾਲ ਜੁੜੀ ਹੋਈ ਹੈ। ਯੋਜਨਾ ਬਣਾਉਣ ਤੋਂ ਲੈ ਕੇ, ਅਮਲੀ ਜਾਮਾ ਪੁਆਉਣ ਤਕ ਸਥਾਨਕ ਲੋਕਾਂ ਨੂੰ ਨਾਲ ਸ਼ਾਮਿਲ ਨਾ ਕਰਨ ਕਾਰਨ, ਵਿਕਾਸ ਦੀ ਗੁਣਵੱਤਾ 'ਤੇ ਕੁਪ੍ਰਭਾਵ ਪਿਆ ਹੈ। 'ਸੁੰਦਰਬਨ' (ਪੱਛਮੀ ਬੰਗਾਲ) ਦੇ ਵਿਕਾਸ-ਸਮਝੌਤੇ ਲਈ 3600 ਕਿਲੋਮੀਟਰ ਪਾਣੀ ਖੇਤਰ ਨੂੰ ਸਮੇਟਦੇ ਹੋਏ, ਕੁਦਰਤੀ ਪਾਰਕ ਤੇ ਨਸਲੀ ਹਸਤਕਲਾ ਕੇਂਦਰ ਬਣਾਉਣ ਦੀ ਯੋਜਨਾ ਅਸਫਲ ਰਹੀ। ਸਥਾਨਕ ਸਮੁਦਾਇ ਤੇ ਗ਼ੈਰ ਸਰਕਾਰੀ ਸੰਸਥਾਵਾਂ ਨੇ ਡਟ ਕੇ ਵਿਰੋਧ ਕੀਤਾ। ਮੱਧ ਪ੍ਰਦੇਸ਼ ਵਿਚ ਵੀ ਕੁਝ ਇੰਝ ਹੀ ਹੋਇਆ। ਜਦ ਤਕ ਪਾਰਦਰਸ਼ੀ ਯੋਜਨਾ ਤੇ ਕੁਦਰਤੀ ਸਰੋਤਾਂ ਦੇ ਰੱਖ-ਰਖਾਅ 'ਤੇ ਸਪੱਸ਼ਟਤਾ ਨਹੀਂ, ਸਫਲਤਾ ਮੁਸ਼ਕਿਲ ਹੈ। ਸਥਾਨਕ ਲੋਕਾਂ ਨੂੰ ਜਾਗਰੂਕ ਕਰ ਕੇ, ਸਿੱਖਿਆ ਦੇਣ ਨਾਲ ਹੀ ਨਿਰੰਤਰ ਵਿਕਾਸ ਸੰਭਵ ਹੈ।



ਸੰਨ 1992 ਵਿਚ ਅੰਤਰ-ਸਰਕਾਰੀ ਤੇ ਗ਼ੈਰ-ਸਰਕਾਰੀ ਸੰਗਠਨਾਂ ਵਿਚ ਗ੍ਰੀਨ ਹਾਊਸ ਗੈਸਾਂ ਘਟਾਉਣ ਅਤੇ ਜੀਵ ਸੰਬੰਧੀ ਵਿਭਿੰਨਤਾ ਦੀ ਸੰਭਾਲ ਕਰਨ ਲਈ ਠੋਸ ਕਦਮ ਚੁੱਕਣ ਦੇ ਕਈ ਫ਼ੈਸਲੇ ਲਏ ਗਏ। ਕੁਦਰਤੀ ਸੈਰ-ਸਪਾਟਾ 'ਤੇ ਨਿਰੰਤਰ ਵਿਕਾਸ ਦੇ ਡੂੰਘੇ ਸੰਬੰਧ ਨੂੰ ਸਮਝਦੇ ਹੋਏ, ਕਈ ਰਾਜਾਂ ਵਿਚ ਕਈ ਪ੍ਰਾਜੈਕਟ ਸ਼ੁਰੂ ਕੀਤੇ ਗਏ। ਇੰਟਰਨੈੱਟ ਰਾਹੀਂ, ਕੁਦਰਤ ਦੀ ਗੋਦ ਦਾ ਰੰਗ ਮਾਣਨ ਲਈ, ਹਰ ਤਰ੍ਹਾਂ ਦੀ ਸਥਾਨ-ਵਿਸ਼ੇਸ਼ ਸੰਬੰਧੀ ਸੂਚਨਾ ਦਿਤੀ ਜਾਂਦੀ ਹੈ – ਸ਼ਹਿਰਾਂ ਦੀ ਭੱਜ-ਦੌੜ ਤੇ ਪ੍ਰਦੂਸ਼ਨ ਤੋਂ ਦੂਰ। ਇਸ ਵਿਚ ਸਥਾਨਕ ਲੋਕਾਂ ਦਾ ਹਿੱਤ ਸ਼ਾਮਿਲ ਹੈ। ਸੈਲਾਨੀਆਂ ਦੀਆਂ ਜ਼ਰੂਰਤਾਂ ਨੂੰ ਨਵੇਂ ਢੰਗ ਨਾਲ, ਵਾਤਾਵਰਨ ਦੀ ਸੁਰੱਖਿਆ ਦੀ ਜ਼ਿੰਮੇ-ਵਾਰੀ ਲੈਂਦੇ ਹੋਏ, ਪੂਰੀਆਂ ਕੀਤੀਆਂ ਜਾਂਦੀਆਂ ਹਨ ਤਾਂ ਕਿ ਵਾਤਾਵਰਨ ਅਤੇ ਵਿਕਾਸ ਵਿਚ ਟਾਕਰਾ ਨਾ ਹੋਵੇ। ਇਸ ਲਈ ਹਰ ਸੈਲਾਨੀ ਲਈ ਹੇਠਲੀਆਂ ਸ਼ਰਤਾਂ ਦਾ ਪਾਲਣ ਕਰਨਾ ਲਾਜ਼ਮੀ ਹੈ ਤਾਂ ਕਿ ਉਹ ਇਕ ਜ਼ਿੰਮੇਵਾਰ ਸੈਲਾਨੀ ਬਣੇ :-

• ਕਚਰਾ ਕੂੜੇਦਾਨ ਵਿਚ ਸੁੱਟਿਆ ਜਾਵੇ। • ਪਲਾਸਟਿਕ ਦੀਆਂ ਥੈਲੀਆਂ ਆਪਣੇ ਨਾਲ ਵਾਪਸ ਲੈ ਜਾਓ। • ਨਸ਼ਾਖੋਰੀ ਵਰਜਿਤ ਹੈ। • ਸ਼ੋਰ ਨਾ ਕੀਤਾ ਜਾਵੇ। • ਪਾਣੀ ਦੀ ਦੁਰ-ਵਰਤੋਂ ਨਾ ਕੀਤੀ ਜਾਵੇ। • ਪੌਦੇ ਖਰਾਬ ਨਾ ਕਰੋ। • ਸਥਾਨਕ ਲੋਕਾਂ ਦਾ ਸਨਮਾਨ ਕਰੋ। ਉਨ੍ਹਾਂ ਨੂੰ ਕੋਈ ਲਾਲਚ ਨਾ ਦਿਉ। • ਧਾਰਮਿਕ ਸਥਾਨਾਂ ਦੀ ਪਵਿੱਤਰਤਾ ਅਤੇ ਸਨਮਾਨ ਕਾਇਮ ਰਖੋ। • ਸਾਨੂੰ ਹੋਰ ਵਿਕਸਤ ਦੇਸ਼ਾਂ ਦੀਆਂ ਉਦਾਹਰਣਾਂ ਤੋਂ (ਜਿਵੇਂ ਕਿ ਸਿੰਘਾਪੁਰ, ਆਸਟਰੇਲੀਆ, ਬੋਰਨੀਓ ਦੇ ਦੇਸ਼) ਵੀ ਬਹੁਤ ਕੁਝ ਸਿਖਣਾ ਚਾਹੀਦਾ ਹੈ ਤਾਂ ਕਿ ਭਾਰਤ ਵਿਚ ਸੈਰ-ਸਪਾਟਾ ਸੱਨਅਤ ਪੂਰੀ ਤਰ੍ਹਾਂ ਵਿਕਸਤ ਹੋ ਸਕੇ।

*(ਲੇਖਿਕਾ ਮਹਾਂਰਾਸ਼ਟਰ ਵਿਚ ਸੁਤੰਤਰ ਪੱਤਰਕਾਰ ਹੈ।)*

# ਅੰਤਰਰਾਸ਼ਟਰੀ ਤੇ ਘਰੇਲੂ ਤੇਲ ਕੀਮਤਾਂ

ਹਿਰਨਮੋਇ ਰੌਇ, ਅਨਿਲ ਕੁਮਾਰ ਤੇ ਵਿਜੈ ਸ਼ੇਖਾਵਤ

ਤੇਲ ਦੀਆਂ ਵਰਤਮਾਨ ਕੀਮਤਾਂ ਦੀ ਚਾਲ ਜੋ ਇਤਿਹਾਸਕ ਮਿਸਾਲ ਨਾਲ ਮੇਲ ਖਾਂਦੀ ਹੈ, ਇਹ 1970ਵਿਆਂ ਦੇ ਅਖੀਰ ਅਤੇ 1980ਵਿਆਂ ਦਾ ਸ਼ੁਰੂਆਤੀ ਸਮਾਂ ਹੋ ਸਕਦਾ ਹੈ ਜਦੋਂ ਪਿਛਲੇ ਦਹਾਕੇ ਵਿਚ ਆਏ ਕੀਮਤਾਂ ਦੇ ਉਛਾਲ ਨਾਲ ਪੱਛਮੀ ਦੇਸ਼ਾਂ ਦੇ ਤੇਲ ਉਤਪਾਦਨ ਵਿਚ ਤਕੜਾ ਉਛਾਲ ਆਇਆ, ਨਾਲ ਹੀ ਸਰੋਤਾਂ ਅਤੇ ਤੇਲ ਖੇਤਰਾਂ ਦੇ ਵਿਕਾਸ ਵਿਚ ਵੀ, ਜੋ ਤਕਨੀਕੀ ਤੌਰ ਤੇ ਚੁਨੌਤੀਆਂ ਅਤੇ ਘੱਟ ਕੀਮਤਾਂ ਦੇ ਸੰਦਰਭ ਵਿਚ ਵਪਾਰਕ ਤੌਰ ਤੇ ਲਾਭਕਾਰੀ ਨਹੀਂ ਸਨ। 1970ਵਿਆਂ ਦੇ ਅਖ਼ੀਰ ਤੋਂ, ਅਲਾਸਕਾ ਅਤੇ ਉੱਤਰੀ ਅਮਰੀਕਾ ਦੇ ਤੇਲ ਦਾ, ਤੇਲ ਬਾਜ਼ਾਰ ਵਿਚ ਪ੍ਰਭਾਵਸ਼ਾਲੀ ਦਾਖ਼ਲਾ ਹੋਇਆ, ਜਿਸ ਨਾਲ ਵਿਸ਼ਵ ਮੰਗ ਦੇ ਵਿਕਾਸ ਨੂੰ ਬੂਰ ਪਿਆ ਅਤੇ ਪੂਰਤੀ ਵਿਚ ਪ੍ਰਭਾਵਸ਼ਾਲੀ ਵਾਧਾ ਹੋਇਆ ਜਿਸ ਨੇ ਹੌਲੀ-ਹੌਲੀ ਅੰਤਰਰਾਸ਼ਟਰੀ ਤੇਲ ਕੀਮਤਾਂ ਵਿਚ ਵਾਧੇ ਨੂੰ ਪੁੱਠਾ ਗੇੜਾ ਦੇ ਦਿਤਾ, ਜਿਸ ਨਾਲ ਬਾਜ਼ਾਰ ਵਿਚ ਖੜੋਤ ਆ ਗਈ ਜੋ ਸਦੀ ਦੇ ਅੰਤ ਤਕ ਜਾਰੀ ਰਹੀ।

1973 ਵਿਚ ਤੇਲ ਕੀਮਤਾਂ ਵਧਣ ਤੋਂ, *ਓਪੇਕ* ਨੇ ਬਾਜ਼ਾਰ ਨਿਯਮਕ ਦੀ ਭੂਮਿਕਾ ਨਿਭਾਈ, ਜਿਸ ਦਾ ਮਤਲਬ ਸੀ ਕਿ *ਓਪੇਕ* ਕੋਲ ਲੱਖਾਂ ਬੈਰਲ ਦੀ ਵਾਧੂ ਉਤਪਾਦਨ ਸਮਰਥਾ ਸੀ, ਜਿਸ ਸਦਕਾ ਇਹ ਲੋੜ ਅਨੁਸਾਰ ਪੂਰਤੀ ਅਤੇ ਮੰਗ ਦੇ ਸੰਤੁਲਨ ਨੂੰ ਬਣਾਈ ਰੱਖਣ ਵਿਚ ਸਮਰੱਥ ਹੋਇਆ। 1973 ਵਿਚ ਕਿਉਂਕਿ ਤੇਲ ਕੀਮਤਾਂ ਵਿਚ ਵਾਧਾ ਹੋਇਆ, 1980ਵਿਆਂ ਦੇ ਸ਼ੁਰੂ ਵਿਚ ਵਿਸ਼ਵ ਦੀ ਵਾਧੂ ਉਤਪਾਦਨ ਸਮਰਥਾ ਲਗਭਗ *ਓਪੇਕ* ਦੀ ਵਾਧੂ ਸਮਰਥਾ ਹੀ ਸੀ, ਜਦ ਕਿ ਸੰਸਥਾ ਤੋਂ ਬਾਹਰਲੇ ਉਤਪਾਦਕ ਜਿਵੇਂ ਕਿ ਅਮਰੀਕਾ, ਕੈਨੇਡਾ ਅਤੇ ਰੂਸ ਨੇ ਆਪਣੇ ਸੁਰੱਖਿਅਤ ਭੰਡਾਰਾਂ ਦੇ ਮੁਤਾਬਕ ਮਨਮਰਜ਼ੀ ਦਾ ਤੇਲ ਬਾਜ਼ਾਰ ਵਿਚ ਸੁੱਟਿਆ, ਬਿਨਾਂ ਕੀਮਤਾਂ ਦੀ ਸਥਿਤੀ ਨੂੰ ਧਿਆਨ ਵਿਚ ਰੱਖਿਆਂ।

ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਵਲੋਂ ਉਤਪਾਦਨ ਵਧਾਉਣ ਅਤੇ *ਓਪੇਕ* ਵਲੋਂ ਪ੍ਰਵਾਨਿਤ ਕੋਟੇ ਨੂੰ ਨਜ਼ਰਅੰਦਾਜ਼ ਕਰਨ ਦੇ ਉਦੇਸ਼ਾਂ ਬਾਰੇ ਬਹਿਸ ਹਾਲੇ ਵੀ ਕਿਸੇ ਸਿਰੇ ਨਹੀਂ ਲੱਗੀ ਅਤੇ ਕੀ ਇਹ ਫ਼ੈਸਲਾ ਨਿਰਾਪੁਰਾ ਆਰਥਿਕ ਸੀ ਜਾਂ ਠੰਢੀ ਜੰਗ ਦੇ ਮੱਦੇ ਨਜ਼ਰ ਰਾਜਨੀਤਕ ਰਣਨੀਤੀ, ਜੋ ਵਾਸ਼ਿੰਗਟਨ ਵਲੋਂ ਆਪਣੇ ਸਹਿਯੋਗੀਆਂ 'ਤੇ ਥੋਪੀ ਗਈ ਸੀ। ਬਿਨਾਂ ਇਹ ਵਿਚਾਰਿਆਂ ਕਿ ਸਾਊਦੀ ਅਰਬ ਨੂੰ ਇਹ ਭੂਮਿਕਾ ਨਿਭਾਉਣ ਦੀ ਕਿਸ ਨੇ ਆਗਿਆ ਦਿਤੀ ਜੋ 1970 ਦੇ ਤੇਲ ਬਾਜ਼ਾਰ ਦੀਆਂ ਆਇਦ ਪਾਬੰਦੀਆਂ ਦੇ ਖ਼ਾਸ ਢਾਂਚੇ ਨਾਲ ਸੰਬੰਧਿਤ ਸਨ, ਜਿਹੜੇ ਹਾਲਾਤ ਅੱਜ ਬਿਲਕੁਲ ਵੀ ਲਾਗੂ ਨਹੀਂ ਹੁੰਦੀ।

ਜ਼ਿਆਦਾਤਰ ਵਾਧੂ ਉਤਪਾਦਨ ਸਮਰੱਥਾ ਸਾਊਦੀ ਅਰਬ ਦੇ ਹੱਥਾਂ ਵਿਚ ਸੀ ਜਿਸ ਨੇ 1970ਵਿਆਂ ਦੇ ਅਖੀਰ ਤੋਂ ਕੀਮਤਾਂ ਸਥਿਰ ਰੱਖਣ ਦੇ ਨਜ਼ਰੀਏ ਤੋਂ ਤੇਲ ਦਾ ਨਿਰਯਾਤ ਕਾਫ਼ੀ ਹੱਦ ਤਕ ਘੱਟ ਕਰ ਦਿਤਾ ਸੀ। ਬਾਜ਼ਾਰ 'ਤੇ ਨਿਯੰਤ੍ਰਣ ਕਰਨ ਲਈ ਸਾਊਦੀ ਅਰਬ ਅਤੇ *ਓਪੇਕ* ਦਰਮਿਆਨ ਝਗੜਾ ਸੀ : *ਓਪੇਕ* ਉਤਪਾਦਨ ਨੂੰ ਨਿਯੰਤ੍ਰਣ ਕਰਨ ਦੇ ਹੱਕ ਵਿਚ ਸੀ ਅਤੇ ਇਸ ਨੂੰ ਪ੍ਰਵਾਨਿਤ ਕੋਟੇ ਮੁਤਾਬਕ ਵਧਾਉਣ ਜਾਂ ਘੱਟ ਕਰਨ ਦਾ ਹਾਮੀ ਸੀ, ਜਦ ਕਿ ਸਾਊਦੀ ਅਰਬ ਇਸ ਪਹੁੰਚ ਦਾ ਵਿਰੋਧੀ ਸੀ ਅਤੇ ਪੂਰਤੀ ਦੇ ਪੱਧਰ ਨੂੰ ਨਿਯੰਤ੍ਰਣ ਕਰਨ ਦੀ ਬਜਾਇ ਇਕ ਖ਼ਾਸ ਕੀਮਤ ਬਣਾਈ ਰੱਖਣ ਨੂੰ ਪਹਿਲ ਦਿੰਦਾ ਸੀ। ਦੂਜੇ ਸ਼ਬਦਾਂ ਵਿਚ, ਸਾਊਦੀ ਅਰਬ ਅੰਤਰਰਾਸ਼ਟਰੀ ਬਾਜ਼ਾਰ ਵਿਚ ਆਪਣੀ ਮਰਜ਼ੀ ਦੀ ਕੀਮਤ 'ਤੇ ਤੇਲ ਵੇਚੇਗਾ ਅਤੇ ਕੀਮਤ ਦੇ ਆਧਾਰ 'ਤੇ ਆਪਣੇ ਉਤਪਾਦਨ ਵਿਚ ਵਾਧਾ-ਘਾਟਾ ਕਰੇਗਾ। ਇਸ ਨਾਲ ਸਾਊਦੀ ਅਰਬ ਦਾ ਤੇਲ ਉਤਪਾਦਨ 1970ਵਿਆਂ ਦੇ ਆਖ਼ਰ 'ਚ 10 ਮਿਲੀਅਨ ਬੈਰਲ ਤੋਂ ਘਟ ਕੇ 1985 ਵਿਚ 3 ਮਿਲੀਅਨ ਬੈਰਲ ਰਹਿ ਗਿਆ। ਇਸ ਹਿਸਾਬ ਨਾਲ, ਤੇਲ ਦੀਆਂ ਕੀਮਤਾਂ ਵਿਚ ਗਿਰਾਵਟ ਦੀਆਂ ਕੁੱਝ ਸੀਮਾਵਾਂ ਹਨ ਜਿਸ ਤੋਂ ਬਾਅਦ ਉਤਪਾਦਨ ਘਟਣਾ ਸ਼ੁਰੂ ਹੋ ਜਾਂਦਾ ਹੈ। ਸ਼ੁਰੂਆਤ ਸਭ ਤੋਂ ਮਹਿੰਗੇ ਖੇਤਰਾਂ ਤੋਂ ਅਤੇ ਖਪਤ ਵਾਲੇ ਇਲਾਕਿਆਂ ਤੋਂ ਦੂਰ ਵਾਲੇ ਖੇਤਰਾਂ ਤੋਂ ਹੁੰਦੀ ਹੈ। ਜਦੋਂ ਅਜਿਹਾ ਵਾਪਰਦਾ ਹੈ ਤਾਂ ਕੀਮਤਾਂ ਦਾ ਗਣਿਤ ਉਲਟਾ ਹੋ ਜਾਂਦਾ ਹੈ ਅਤੇ ਬਾਜ਼ਾਰ 'ਤੇ ਘੱਟ ਦਬਾਅ ਘਟ ਜਾਂਦਾ ਹੈ। ਇਸ ਕਾਰਨ ਕਰਕੇ, ਕਈ ਮਾਹਰਾਂ ਦਾ ਇਹ ਵਿਸ਼ਵਾਸ ਹੈ ਕਿ ਸਾਊਦੀ ਅਰਬ ਦਾ ਨਿਸ਼ਾਨਾ ਤੇਲ ਕੀਮਤਾਂ ਨੂੰ ਇਕ ਢੁੱਕਵੀਂ ਪੱਧਰ ਦੇ ਅੰਦਰ ਰੱਖਣਾ ਅਤੇ ਪੱਛਮ ਦੀਆਂ ਊਰਜਾ ਕੰਪਨੀਆਂ ਨੂੰ ਚੁਨੌਤੀ ਦੇਣਾ ਹੈ।

ਅੱਜ ਹਾਲਾਤ ਬਿਲਕੁਲ ਵੱਖਰੇ ਹਨ। ਸਾਊਦੀ ਅਰਬ ਕੋਲ ਵਾਧੂ ਉਤਪਾਦਨ ਸਮਰੱਥਾ ਨਹੀਂ ਹੈ ਅਤੇ ਇਹ ਵਾਧੂ ਨਿਰਯਾਤ ਨਾਲ ਬਾਜ਼ਾਰ ਨੂੰ ਭਰ ਨਹੀਂ ਸਕਦਾ। ਅਸਲ ਵਿਚ, ਬਹੁਤ ਸਾਰੇ ਮਾਹਰਾਂ ਦਾ ਯਕੀਨ ਹੈ ਕਿ ਹਾਲੀਆ ਵਰ੍ਹਿਆਂ ਵਿਚ ਸਾਊਦੀ ਅਰਬ ਦਾ ਉਤਪਾਦਨ ਇਸ ਦੀ ਵੱਧ ਤੋਂ ਵੱਧ ਉਤਪਾਦਨ ਸਮਰਥਾ ਦੇ ਬਰਾਬਰ ਜਾਂ ਇਸ ਦੇ ਆਸ ਪਾਸ ਹੀ ਹੈ ਅਤੇ ਸ਼ਾਇਦ 1990ਵਿਆਂ ਤੋਂ ਤੇਲ ਬਾਜ਼ਾਰ ਵਿਚ ਸਭ ਤੋਂ ਮਹੱਤਵਪੂਰਨ ਘਟਨਾ ਇਸ ਖ਼ਾਸ ਬਿੰਦੂ ਦੁਆਲੇ ਹੀ ਘੁੰਮਦੀ ਹੈ : ਇਹ ਸਚਾਈ ਹੈ ਕਿ *ਓਪੇਕ* ਨੇ ਆਪਣੀ ਉਤਪਾਦਨ ਗਤੀਸ਼ੀਲਤਾ ਦਾ ਇਕ ਸਮੇਂ ਦਾ ਲਾਭ ਗੁਆ ਲਿਆ ਹੈ, ਜਿਸ ਦਾ ਕਾਰਨ ਇਸ ਦੇ ਮੈਂਬਰਾਂ ਦਰਮਿਆਨ ਵਰ੍ਹਿਆਂ ਤੋਂ

ਚਲਦੇ ਆ ਰਹੇ ਕੋਟੇ ਦੇ ਝਗੜੇ ਹਨ। ਇਸ ਦਾ ਮਤਲਬ ਹੈ ਕਿ ਪੂਰਤੀ ਪੱਖ ਤੋਂ *ਓਪੇਕ* ਦੀ ਦਖ਼ਲਅੰਦਾਜ਼ੀ ਕਰਨ ਦੀ ਸਮਰੱਥਾ ਬਿਲਕੁਲ ਘੱਟ ਹੈ, ਕਿਉਂਕਿ *ਓਪੇਕ* ਚੰਗੀ ਤਰ੍ਹਾਂ ਜਾਣਦੀ ਹੈ ਕਿ ਗੰਭੀਰ ਕਟੌਤੀਆਂ ਅਤੇ ਇਸ ਦੇ ਪਾਲਣ ਬਾਰੇ ਮੈਂਬਰ ਦੇਸ਼ਾਂ ਦੀ ਸਹਿਮਤੀ ਹਾਸਲ ਕਰਨਾ ਅਸੰਭਵ ਹੈ।

ਅਸੀਂ ਦੇਖਦੇ ਹਾਂ ਕਿ ਵਿਆਪਕ ਆਰਥਿਕ ਝਟਕੇ 1980ਵਿਆਂ ਦੇ ਮੱਧ ਤੋਂ ਤੇਲ ਦੀਆਂ ਕੀਮਤਾਂ ਵਿਚ ਵਾਧੇ ਦਾ ਵੱਡਾ ਕਾਰਨ ਰਹੇ ਹਨ। 2000ਵਿਆਂ ਦੇ ਸ਼ੁਰੂਆਤ ਤੋਂ ਵਿੱਤੀ ਝਟਕਿਆਂ ਨੇ ਵੀ ਇਸ ਵਿਚ ਵੱਡਾ ਹਿੱਸਾ ਪਾਇਆ ਹੈ, ਜੋ 2000ਵਿਆਂ ਦੇ ਮੱਧ ਤੋਂ ਕੁਝ ਜ਼ਿਆਦਾ ਹੀ ਹੋ ਗਿਆ। ਭਾਵੇਂ ਕਿ ਵਿੱਤੀ ਝਟਕਿਆਂ ਕਾਰਨ 2004–2010 ਦੇ ਕਾਲਖੰਡ ਦੌਰਾਨ ਤੇਲ ਦੀਆਂ ਕੀਮਤਾਂ ਵਿਚ 65 ਪ੍ਰਤਿਸ਼ਤ ਵਾਧੇ ਵਿਚੋਂ 44 ਪ੍ਰਤਿਸ਼ਤ ਵਾਧਾ ਹੋਇਆ, ਤੀਜਾ ਤੇਲ ਕੀਮਤਾਂ ਵਧਣ ਦਾ ਕਾਰਨ ਵਿਆਪਕ ਵਿੱਤੀ ਘਟਨਾ ਸੀ। ਅਸਲ ਵਿਚ, ਵਿਆਪਕ ਆਰਥਿਕ ਝਟਕੇ 2007–08 ਦੀਆਂ ਤੇਲ ਕੀਮਤਾਂ ਵਾਧੇ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਸਨ। ਜਦ ਕਿ ਅਸੀਂ ਕੀਮਤ ਨਿਰਧਾਰਨ ਲਈ ਮੰਗ ਪੱਖ ਦੀ ਮਦਦ ਕਰਦੇ ਹਾਂ, ਅਸੀਂ ਇਹ ਵੀ ਵੇਖ ਸਕਦੇ ਹਾਂ ਕਿ ਪਹਿਲਾਂ ਵਰਣਨ ਕੀਤੇ ਕਾਰਨਾਂ ਨਾਲੋਂ ਵਿੱਤੀ ਝਟਕਿਆਂ ਦੀ ਇਸ ਬਾਰੇ ਕਾਫ਼ੀ ਵੱਡੀ ਭੂਮਿਕਾ ਰਹੀ ਹੈ।

2003 ਤੋਂ ਕੀਮਤਾਂ ਵਧਣ ਕਾਰਨ ਪੱਛਮੀ ਉਤਪਾਦਨ ਵਿਚ ਅਜਿਹਾ ਹੀ ਵਾਧਾ ਦਰਜ ਕੀਤਾ ਗਿਆ ਜੋ ਜ਼ਿਆਦਾਤਰ ਗ਼ੈਰ ਰਵਾਇਤੀ ਸਰੋਤਾਂ ਤੋਂ ਪ੍ਰਾਪਤ ਕੀਤਾ ਗਿਆ, ਖ਼ਾਸ ਕਰਕੇ ਸ਼ੇਲ (ਇਕ ਪ੍ਰਕਾਰ ਦਾ ਪੱਥਰ) ਤੇਲ ਅਤੇ ਗੈਸ, ਤਾਰਕੋਲ, ਰੇਤ ਅਤੇ ਦੂਜੇ ਕਈ ਪ੍ਰਕਾਰ ਦੇ ਭਾਰੀ ਤੇਲ ਜਿਹੜੇ ਕਿ ਪਿਛਲੇ ਕੁੱਝ ਸਮੇਂ ਤਕ ਕੱਢੇ ਜਾਣੇ ਅਸੰਭਵ ਜਾਂ ਅਲਾਭਕਾਰੀ ਮੰਨੇ ਜਾਂਦੇ ਸਨ। ਇਨ੍ਹਾਂ ਨਵੇਂ ਸਰੋਤਾਂ ਤੋਂ ਤੇਲ ਕੱਢਣ ਨਾਲ ਜਿਸ ਦਾ ਕਾਰਨ ਉੱਚੀਆਂ ਕੀਮਤਾਂ ਤੋਂ ਇਲਾਵਾ ਉਹ ਨਵੀਆਂ ਤਕਨੀਕਾਂ ਵੀ ਸਨ ਜਿਨ੍ਹਾਂ ਦੀ ਸਹਾਇਤਾ ਨਾਲ ਜ਼ਮੀਨਦੋਜ਼ ਚਟਾਨਾਂ ਵਿਚ ਜਮ੍ਹਾਂ ਭਾਰਾ ਤੇਲ ਕੱਢਣਾ ਸੰਭਵ ਹੋ ਸਕਿਆ – ਅਮਰੀਕਾ ਵਿਚ ਤੇਲ ਉਤਪਾਦਨ ਦਾ ਰੁਝਾਨ ਬਦਲ ਗਿਆ। ਅਮਰੀਕੀ ਤੇਲ ਉਤਪਾਦਨ 1970ਵਿਆਂ ਤੋਂ ਲਗਾਤਾਰ ਵਧ ਰਿਹਾ ਹੈ ਜੋ 2008 ਦੇ 5 ਮਿਲੀਅਨ ਬੈਰਲ ਪ੍ਰਤਿ ਦਿਨ ਦੇ ਮੁਕਾਬਲੇ ਅੱਜ ਵਧ ਕੇ 8.5 ਮਿਲੀਅਨ ਬੈਰਲ ਪ੍ਰਤਿ ਦਿਨ ਹੋ ਗਿਆ ਹੈ। ਆਸਾਰ ਇਹ ਹਨ ਕਿ 2016 ਤਕ ਅਮਰੀਕੀ ਤੇਲ ਉਤਪਾਦਨ 9.5 ਮਿਲੀਅਨ ਬੈਰਲ ਪ੍ਰਤਿ ਦਿਨ ਤੋਂ ਵੀ ਟੱਪ ਜਾਵੇਗਾ ਅਤੇ ਜ਼ਿਆਦਾਤਰ ਵਾਧੂ ਉਤਪਾਦਨ ਗ਼ੈਰ ਰਵਾਇਤੀ ਤੇਲ ਤੋਂ ਪ੍ਰਾਪਤ ਹੋਇਆ ਹੈ। ਬਾਜ਼ਾਰ ਵਿਚ ਇਰਾਕੀ ਉਤਪਾਦਨ ਦੇ ਪਰਤਣ ਤੋਂ ਇਲਾਵਾ ਅਮਰੀਕੀ ਤੇਲ ਉਤਪਾਦਨ ਵਿਚ ਵਾਧਾ ਅਤੇ ਨਵੇਂ ਅਫ਼ਰੀਕੀ ਤੇਲ ਉਤਪਾਦਕਾਂ, ਜਿਵੇਂ ਅੰਗੋਲਾ ਦਾ ਸਾਹਮਣੇ ਆਉਣਾ (ਰੂਸ ਦਾ ਜ਼ਿਕਰ ਕਰਨਾ ਜ਼ਰੂਰੀ ਨਹੀਂ ਜਿਸ ਦਾ ਉਤਪਾਦਨ ਪਿਛਲੇ ਸਾਲਾਂ ਵਿਚ ਉਸ ਸਮੇਂ ਦੇ ਸੋਵੀਅਤ ਯੂਨੀਅਨ ਦੇ ਲਾਗੇ ਹੈ) ਇਹ ਸਾਰੇ ਕਾਰਨ ਅੱਜ ਬਾਜ਼ਾਰ ਦੀ ਤ੍ਰਿਪਤੀ ਦੇ ਕਾਰਨ ਹਨ।

ਰਾਜਨੀਤਕ ਮਨਸ਼ਾ 'ਤੇ ਧਿਆਨ ਦੇਣ ਵਾਲੇ ਬਹੁਤ ਸਾਰੇ ਵਿਸ਼ਲੇਸ਼ਕ ਜਿਸ ਗੱਲ ਵੱਲ ਧਿਆਨ ਨਹੀਂ ਦਿੰਦੇ ਕਿ ਤੇਲ ਦੀਆਂ ਕੀਮਤਾਂ ਵਿਚ ਬਹੁਤ ਜਟਿਲ ਸਮੀਕਰਨ ਅਤੇ ਮਾਪਦੰਡ ਸ਼ਾਮਿਲ ਹੁੰਦੇ ਹਨ, ਜਿਨ੍ਹਾਂ ਤੋਂ ਅੱਗੇ ਜਾਣਾ ਪੁੱਠਾ ਪੈ ਸਕਦਾ ਹੈ। ਕੀਮਤ ਦਾ ਹਮੇਸ਼ਾ ਹੀ ਇਕ ਪੈਮਾਨਾ ਰਿਹਾ ਹੈ ਜੋ ਬਾਜ਼ਾਰ ਵਿਚ ਬੁਨਿਆਦੀ ਤਬਦੀਲੀਆਂ ਦਾ ਕਾਰਨ ਬਣ ਸਕਦਾ ਹੈ ਜੇ ਨਾਟਕੀ ਢੰਗ ਨਾਲ ਤੇਲ ਦੀਆਂ ਕੀਮਤਾਂ ਉੱਤੇ ਹੇਠਾਂ ਹੋਣ।

ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਪੱਖ ਭਾਰੀ ਤੇਲ ਕੱਢਣ ਨਾਲ ਸੰਬੰਧਿਤ ਹੈ। ਜਦ ਕਿ ਸਾਊਦੀ ਅਰਬ ਵਿਚ ਇਕ ਬੈਰਲ ਤੇਲ ਕੱਢਣ ਦੀ ਕੀਮਤ 3 ਡਾਲਰ ਤੋਂ ਨਹੀਂ ਵਧਦੀ, ਜ਼ਮੀਨਦੋਜ਼ ਚਟਾਨਾਂ ਵਿਚੋਂ ਤੇਲ ਕੱਢਣ ਜਾਂ ਤਾਰਕੋਲ ਰੇਤ ਨੂੰ ਗਰਮ ਕਰਕੇ ਉਨ੍ਹਾਂ ਨੂੰ ਤਰਲ ਬਣਾਉਣਾ ਬਹੁਤ ਖਰਚੀਲੀ ਪ੍ਰਕਿਰਿਆ ਹੈ ਜਿਸ ਵਿਚ ਬਹੁਤ ਸਾਰੇ ਸਰੋਤਾਂ ਅਤੇ ਊਰਜਾ ਦੀ ਖਪਤ ਹੁੰਦੀ ਹੈ। ਇਸੇ ਕਾਰਨ ਕਰਕੇ, ਤੇਲ ਕੀਮਤਾਂ ਵਿਚ ਸਥਾਈ ਅਤੇ ਤਿੱਖੀ ਗਿਰਾਵਟ ਇਸ ਪ੍ਰਕਾਰ ਦੇ ਤੇਲਾਂ ਨੂੰ ਬਾਜ਼ਾਰ ਤੋਂ ਬਾਹਰ ਦਾ ਰਸਤਾ ਵਿਖਾ ਸਕਦੀ ਹੈ ਅਤੇ ਇਸ ਕਾਰਨ ਵੱਡੀ ਸੰਖਿਆ ਵਿਚ ਊਰਜਾ ਕੰਪਨੀਆਂ ਦਾ ਭੱਠਾ ਬੈਠ ਜਾਵੇਗਾ ਜੋ ਆਪਣੇ ਸੰਚਾਲਨ ਲਈ 100 ਡਾਲਰ ਪ੍ਰਤਿ ਬੈਰਲ ਦੀ ਕੀਮਤ ਦੇ ਆਧਾਰ 'ਤੇ ਕਰਜ਼ੇ ਲੈਂਦੀਆਂ ਹਨ।

ਮੈਕਿੰਜ਼ੀ ਅਤੇ ਕੰਪਨੀ, ਜੋ ਊਰਜਾ ਸਲਾਹਕਾਰ ਫਰਮ ਹੈ, ਦੇ ਮੁਤਾਬਕ ਅਮਰੀਕਾ ਵਿਚ ਜ਼ਿਆਦਾਤਰ ਸ਼ੇਲ ਤੇਲ ਉਤਪਾਦਕਾਂ ਲਈ 75 ਡਾਲਰ ਤੋਂ ਵੱਧ ਪ੍ਰਤਿ ਬੈਰਲ ਦੀ ਕੀਮਤ ਲੋੜੀਂਦੀ ਹੁੰਦੀ ਹੈ ਤਾਂ ਕਿ ਉਨ੍ਹਾਂ ਦਾ ਮੁਨਾਫ਼ਾ ਬਣਿਆ ਰਹੇ। ਊਰਜਾ ਉਦਯੋਗ ਦੇ ਸਰੋਤਾਂ ਦਾ ਕਹਿਣਾ ਹੈ ਕਿ ਨਿਵੇਸ਼ ਘਟ ਜਾਵੇਗਾ, ਨਾਲ ਹੀ ਨਾਲ ਘੱਟ ਉਤਪਾਦਨ ਵਾਲੇ ਖੂਹ ਬੰਦ ਹੋ ਜਾਣਗੇ, ਜਿਵੇਂ ਹੀ ਕੀਮਤਾਂ 85 ਡਾਲਰ ਤੋਂ ਥੱਲੇ ਆਉਣਗੀਆਂ। ਇਸ ਦਾ ਮਾਰੂ ਅਸਰ ਸਭ ਤੋਂ ਪਹਿਲਾਂ ਕੈਨੇਡਾ ਦੇ ਭਾਰੇ ਤੇਲ 'ਤੇ ਪਵੇਗਾ ਅਮਰੀਕਾ ਤੋਂ ਵੀ ਪਹਿਲਾਂ। ਕੈਨੇਡਾ ਦੇ ਗ਼ੈਰ ਰਵਾਇਤੀ ਤੇਲ ਦੀ ਸਮੱਸਿਆ ਸਿਰਫ਼ ਇਸ ਦੀਆਂ ਉੱਚੀਆਂ ਉਤਪਾਦਨ ਲਾਗਤਾਂ ਹੀ ਨਹੀਂ ਪਰ ਇਸ ਦੇ ਉਤਪਾਦਨ ਦੀ ਲਾਗਤ ਹੈ : ਜਦ ਕਿ ਅਰਬ ਖਾੜੀ ਤੋਂ ਤੇਲ ਦੀ ਢੋ-ਢੁਆਈ 'ਤੇ ਖਰਚਾ 3 ਡਾਲਰ ਪ੍ਰਤਿ ਬੈਰਲ ਤੋਂ ਨਹੀਂ ਟੱਪਦਾ, ਕੈਨੇਡਾ ਦੇ ਪੱਛਮੀ ਤੱਟ ਤੋਂ ਤੇਲ ਦੀ ਢੋ-ਢੁਆਈ 12 ਤੋਂ 15 ਡਾਲਰ ਪ੍ਰਤਿ ਬੈਰਲ ਪੈਂਦੀ ਹੈ।

ਕਾਰਨ ਇਹ ਹੈ ਕਿ ਉਤਪਾਦਨ ਅੰਦਰੂਨੀ ਖੇਤਰਾਂ ਵਿਚ ਹੁੰਦਾ ਹੈ ਜੋ ਤੱਟ ਅਤੇ ਨਿਰਯਾਤ ਬਿੰਦੂਆਂ ਤੋਂ ਬਹੁਤ ਦੂਰ ਹੁੰਦੇ ਹਨ ਅਤੇ ਇਹ ਵੀ ਸੱਚ ਹੈ ਕਿ ਤਾਰਕੋਲ ਅਤੇ ਅਸਫਾਲਟ ਤੋਂ ਕੱਢਿਆ ਗਿਆ ਕੈਨੇਡਾ ਦਾ ਤੇਲ ਭਾਰਾ ਅਤੇ ਗਾੜ੍ਹਾ ਹੁੰਦਾ ਹੈ ਜਿਸ ਨੂੰ ਮੈਕਸੀਕੋ ਦੀ ਖਾੜੀ ਜਾਂ ਅਮਰੀਕਾ ਦੇ ਪੂਰਬੀ ਤੱਟ ਤਕ ਪਹੁੰਚਾਉਣ ਲਈ ਹਜ਼ਾਰਾਂ ਮੀਲ ਲੰਮੀ ਪਾਈਪ ਲਾਈਨ ਵਿਚੋਂ ਗੁਜ਼ਾਰਨ 'ਤੇ ਬਹੁਤ ਜ਼ਿਆਦਾ ਪੰਪਿੰਗ ਊਰਜਾ ਦੀ ਜ਼ਰੂਰਤ ਪੈਂਦੀ ਹੈ। ਅਖ਼ੀਰ ਨੂੰ, ਇਹ ਤੇਲ ਪਹਿਲਾਂ ਹੀ ਮਾੜੀ ਗੁਣਵੱਤਾ ਕਾਰਨ ਸਸਤੇ ਭਾਅ 'ਤੇ ਵੇਚਿਆ ਜਾਂਦਾ ਹੈ – ਜੋ ਬਾਜ਼ਾਰ ਦੇ ਕਮਜ਼ੋਰ ਹੋਣ ਅਤੇ ਮੰਗ ਵਧਣ ਨਾਲ ਪੂਰਤੀ ਬਹੁਤ ਜ਼ਿਆਦਾ ਵਧ ਜਾਂਦੀ ਹੈ।

2003–08 ਅਤੇ 2010–11 ਦਰਮਿਆਨ ਕੱਚੇ ਤੇਲ ਦੀਆਂ ਕੀਮਤਾਂ ਵਿਚ ਆਈ ਬੇਮਿਸਾਲ ਉਛਾਲ ਨੇ ਤੇਲ ਦੀਆਂ ਕੀਮਤਾਂ ਵਿਚ ਵਾਧੇ ਦੇ ਕਾਰਕਾਂ ਬਾਰੇ ਗਰਮਾ-ਗਰਮ ਜਨਤਕ ਬਹਿਸ ਛੇੜ ਦਿਤੀ। ਪ੍ਰਚਲਿਤ ਵਿਚਾਰ ਇਹ ਸੀ ਕਿ 2003–08 ਅਤੇ 2010–11 ਦਰਮਿਆਨ ਤੇਲ ਦੀਆਂ ਕੀਮਤਾਂ ਵਿਚ ਹੋਏ ਵਾਧੇ ਨੂੰ ਆਰਥਿਕ ਸਿਧਾਂਤਾਂ ਨਾਲ ਨਹੀਂ ਬਿਆਨ ਕੀਤਾ ਜਾ ਸਕਦਾ। ਇਸ ਦੀ ਬਜਾਇ, ਇਹ ਭਵਿੱਖੀ ਤੇਲ-ਬਾਜ਼ਾਰ ਦੇ ਵਿੱਤੀਕਰਨ ਕਰਕੇ ਵਾਪਰਿਆ ਜਿਸ ਵਿਚ ਸੱਟੇਬਾਜ਼ ਕੀਮਤ ਨਿਰਧਾਰਤ ਦੇ ਵੱਡੇ ਕਾਰਕ ਬਣ

ਗਏ। ਇਸ ਦੀ ਵਿਆਖਿਆ ਨੇ ਰਾਜਨੀਤਕਾਂ ਵਲੋਂ ਭਵਿੱਖੀ ਤੇਲ ਬਾਜ਼ਾਰਾਂ ਨੂੰ ਨਿਯਮਨ ਅਧੀਨ ਲਿਆਉਣ ਦੀਆਂ ਆਵਾਜ਼ਾਂ ਕੱਢਣ ਲਈ ਪ੍ਰੇਰਿਤ ਕੀਤਾ।

ਸਿਧਾਂਤਕ ਤੌਰ ਤੇ, ਭਵਿੱਖੀ ਬਾਜ਼ਾਰ ਦੀਆਂ ਕੀਮਤਾਂ ਮੌਜੂਦਾ ਬਾਜ਼ਾਰ ਦੀਆਂ ਕੀਮਤਾਂ ਵਧਾ ਸਕਦੀਆਂ ਹਨ ਜਿਥੇ ਤੇਲ ਖਰੀਦਿਆ ਅਤੇ ਵੇਚਿਆ ਜਾਂਦਾ ਹੈ। ਕੁਝ ਖੋਜਾਂ (ਕਾਫਮੈਨ ਅਤੇ ਉਲਮਨ, 2009) ਇਸ਼ਾਰਾ ਕਰਦੀਆਂ ਹਨ (ਜਾਂ ਸਬੂਤ ਦਿੰਦੀਆਂ ਹਨ) ਕਿ ਮੌਜੂਦਾ ਅਤੇ ਭਵਿੱਖੀ ਬਾਜ਼ਾਰਾਂ ਦੇ ਸੰਬੰਧਾਂ ਵਿਚ ਬਦਲਾਅ, ਜੋ ਸਾਲ ਦਰ ਸਾਲ ਵੇਖੇ ਗਏ ਅਤੇ ਬੁਨਿਆਦੀ ਬਾਜ਼ਾਰ ਘਟਨਾਵਾਂ ਤੋਂ ਪੈਦਾ ਹੋਇਆ ਲੰਮੇ ਸਮੇਂ ਦੇ ਕੀਮਤਾਂ ਵਿਚ ਵਾਧੇ ਨੂੰ ਸੱਟੇਬਾਜ਼ੀ ਨੇ ਹੋਰ ਤੀਖਣ ਕਰ ਦਿਤਾ। ਟ੍ਰਿਊਲਿਜ਼ੀ, ਡੀ ਏਕਲੇਸ਼ੀਆ ਅਤੇ ਬੇਨਸੀਵੇਂਗਾ (2010) ਖਪਤਕਾਰਾਂ ਵਲੋਂ ਸੱਟੇਬਾਜ਼ੀ ਦੇ ਚਲਦਿਆਂ ਤੇਲ ਕੀਮਤਾਂ ਵਿਚ ਹੋਣ ਵਾਲੇ ਉਤਾਰ-ਚੜ੍ਹਾਅ ਅਤੇ ਡਾਲਰ/ਯੂਰੋ ਦੀ ਵਟਾਂਦਰਾ ਦਰ ਦੇ ਉਪਰ ਥੱਲੇ ਹੋਣ ਦੇ ਰੁਝਾਨ ਬਾਰੇ ਤੌਖਲਿਆਂ ਦੀ ਪੁਸ਼ਟੀ ਕਰਦੇ ਹਨ। ਹੋਰ, ਸਟੀਵਾਂਸ ਅਤੇ ਸੈਸ਼ਨਜ਼ (2008) ਅਤੇ ਆਚਾਰੀਆ (2009) ਸਬੂਤ ਦਿੰਦੇ ਹਨ ਕਿ ਕੱਚੇ ਤੇਲ ਦੇ ਸੂਚੀ ਭੰਡਾਰ ਅਤੇ ਭਵਿੱਖੀ ਕੀਮਤਾਂ ਵਿਚ ਇਕ ਸਕਾਰਾਤਮਕ ਹਨ ਸੰਬੰਧ ਦਿਖਾਈ ਦਿੰਦਾ ਹੈ ਅਤੇ ਜੋ ਮੌਜੂਦਾ ਬਾਜ਼ਾਰ ਦੀਆਂ ਕੀਮਤਾਂ 'ਤੇ ਵੀ ਅਸਰਅੰਦਾਜ਼ ਹੁੰਦੇ ਹਨ। ਬਿਊਕਾਸ਼ਿਨ (2011) ਕਹਿੰਦਾ ਹੈ, "ਬੁਨਿਆਦੀ ਅੰਕੜੇ ਅਤੇ ਬਚਾਅ ਕੋਸ਼ ਦੀ ਵਧੀ ਹੋਈ ਸਰਗਰਮੀ ਅਤੇ ਦੂਸਰੇ ਵਿੱਤੀ ਬਾਜ਼ਾਰ ਦੇ ਭਾਗੀਦਾਰੀ ਭਵਿੱਖੀ ਠੇਕਿਆਂ ਦੇ ਤਾਕਤਵਰ ਸਹਿ-ਏਕੀਕਰਨ ਲਈ ਜ਼ਿੰਮੇਵਾਰ ਹਨ।"

ਪਰ ਜ਼ਿਆਦਾਤਰ ਖੋਜਾਂ ਸੱਟੇਬਾਜ਼ੀ ਨੂੰ ਤੇਲ ਕੀਮਤਾਂ ਵਿਚ ਵਾਧੇ ਦਾ ਕਾਰਨ ਨਹੀਂ ਮੰਨਦੀਆਂ, ਐਲਕੁਇਸ਼ਟ ਅਤੇ ਗਰਵਾਇਸ (2011) ਕਹਿੰਦੇ ਹਨ ਕਿ ਵੱਡੀ ਅਤੇ ਸਥਾਈ ਮੰਗ ਝਟਕਿਆਂ ਦੇ ਮਾਮਲੇ ਵਿਚ ਤੇਲ ਕੀਮਤਾਂ ਵਿਚ ਉਤਾਰ-ਚੜ੍ਹਾਅ, ਪੂਰਤੀ ਮਜਬੂਰੀਆਂ ਦੇ ਚਲਦਿਆਂ, ਵਿਸ਼ਵ ਸਰਗਰਮੀ ਵਿਚ ਵਿਕਾਸ ਨਾਲ ਸੰਬੰਧਿਤ ਹਨ। ਅਰਥ-ਸ਼ਾਸਤਰੀਆਂ ਲਿਊਟਜ਼ ਕਿਲਿਆਨ, ਬਾਸਾਮ ਫੈਟੋਹ ਅਤੇ ਲਾਵਾਨ ਮਹਾਦੇਵਾ (2012) ਦੇ ਸਰਵੇਖਣ ਬਾਰੇ ਰਿਪੋਰਟ ਵਿਚ ਜ਼ੋਰ ਦਿਤਾ ਗਿਆ ਹੈ ਕਿ ਭਵਿੱਖੀ ਅਤੇ ਮੌਜੂਦਾ ਕੀਮਤਾਂ "ਸਾਂਝੇ ਆਰਥਿਕ ਨੇਮਾਂ" ਨੂੰ ਦਰਸਾਉਂਦੀਆਂ ਹਨ। ਇਸ ਗੱਲ ਦੇ ਪੁਖ਼ਤਾ ਸਬੂਤ ਹਨ ਕਿ ਮੌਜੂਦਾ ਅਤੇ ਭਵਿੱਖੀ ਕੀਮਤਾਂ ਵਿਚਕਾਰ ਸਹਿ ਗਤੀਸ਼ੀਲਤਾ, ਭਵਿੱਖੀ ਤੇਲ ਬਾਜ਼ਾਰਾਂ ਦੇ ਸਾਂਝੇ ਆਰਥਿਕ ਨੇਮਾਂ ਨੂੰ ਦਰਸਾਉਂਦੀ ਹੈ ਨਾ ਕਿ ਵਿਤੀਕਰਨ ਨੂੰ। ਨਾ ਸਿਰਫ਼ ਤੇਲ ਦੀਆਂ ਕੀਮਤਾਂ ਵਿਚ ਵਾਧਾ 2005 ਤੋਂ ਜਾਰੀ ਸੀ, ਪਰ ਆਰਥਿਕ ਨੇਮਾਂ ਜਿਵੇਂ ਕਿ ਉੱਭਰਦੇ ਹੋਏ ਏਸ਼ੀਆ ਮਹਾਂਦੀਪ ਤੋਂ ਕੱਚੇ ਤੇਲ ਦੀ ਅਚਾਨਕ ਵਧੀ ਹੋਈ ਮੰਗ ਵੀ। ਤੇਲ ਕੀਮਤਾਂ ਦੇ ਪ੍ਰਮੁੱਖ ਕਾਰਕ, ਜਿਵੇਂ ਮੰਗ ਦੇ ਝਟਕੇ, ਪੂਰਤੀ ਦੇ ਝਟਕੇ, ਭਵਿੱਖੀ ਕੀਮਤਾਂ, ਵਟਾਂਦਰਾ ਦਰ ਅਤੇ ਸੱਟੇਬਾਜ਼ੀ ਜ਼ਰੂਰੀ ਨਹੀਂ ਕਿ ਇਕ ਦੂਜੇ ਤੋਂ ਵੱਖ ਹੋਣ, ਪਰ ਇਹ ਇਕੱਠੇ ਚੱਲ ਕੇ ਇਕ ਦੂਜੇ ਦੇ ਪੂਰਕ ਵੀ ਹੋ ਸਕਦੇ ਹਨ।

1997 ਅਤੇ 2011 ਦਰਮਿਆਨ ਕੱਚੇ ਤੇਲ ਦੀਆਂ ਕੀਮਤਾਂ ਵਿਚ ਬਦਲਾਅ ਨੂੰ ਬਿਆਨ ਕਰਨਾ ਔਖਾ ਹੈ ਜਦੋਂ ਸਿਰਫ਼ ਪੂਰਤੀ ਮੰਗ ਦੇ ਸੰਤੁਲਨ ਦੇ ਨਾਲ ਸੰਬੰਧਿਤ ਨੇਮ ਹੀ ਸਨ। ਇਹ ਮੁੱਲੰਕਣ ਵਾਧੂ ਪੱਖਾਂ ਦੀ ਵੀ ਪੜਚੋਲ ਕਰਦਾ ਹੈ ਜੋ ਤੇਲ ਕੀਮਤਾਂ ਵਿਚ ਵਾਧੇ ਦਾ ਕਾਰਨ ਬਣੇ ਹੋਣ। ਇਹ ਮੁੱਲੰਕਣ ਅੱਜ ਤਕ ਇਸ ਕਥਨ ਦੀ ਗਵਾਹੀ ਨਹੀਂ ਭਰਦਾ ਕਿ ਸੱਟੇਬਾਜ਼ੀ ਸਰਗਰਮੀਆਂ ਨੇ ਤੇਲ ਦੀਆਂ ਕੀਮਤਾਂ ਵਿਚ ਬਦਲਾਅ ਲਿਆਂਦੇ ਹਨ। ਸੱਟੇਬਾਜ਼ ਅਹਿਮ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਉਹ ਤਰਲਤਾ/ਨਗਦੀ ਮੁਹੱਈਆ ਕਰਵਾਉਂਦੇ ਹਨ ਅਤੇ ਕੀਮਤਾਂ ਦੀ ਖੋਜ ਵਿਚ ਮਦਦਗਾਰ ਹੁੰਦੇ ਹਨ ਪਰ ਇਸ ਗੱਲ ਦਾ ਨਾਂ ਦੇ ਬਰਾਬਰ ਸਬੂਤ ਹੈ ਕਿ ਸੱਟੇਬਾਜ਼ਾਂ ਦੀ ਵਧੀ ਹੋਈ ਭੂਮਿਕਾ ਕਰਕੇ ਕੀਮਤਾਂ ਉਤਾਂਹ ਜਾਂਦੀਆਂ ਹਨ। ਜਨਵਰੀ 1997 ਅਤੇ ਦਸੰਬਰ 2011 ਦਰਮਿਆਨ ਤੇਲ ਕੀਮਤਾਂ ਵਿਚ ਬਦਲਾਅ ਮੁੱਖ ਤੌਰ ਤੇ ਪੂਰਤੀ ਅਤੇ ਮੰਗ ਪੱਖ ਕਾਰਨ ਹੋਏ।

ਭਾਰਤ ਵਿਚ ਤੇਲ ਕੀਮਤਾਂ ਦੀ ਗਤੀਸ਼ੀਲਤਾ ਵਿਸ਼ਵ ਕੀਮਤਾਂ ਅਨੁਸਾਰ ਹੀ ਹੈ ਜਿਸ ਦਾ ਕਾਰਨ ਭਾਰਤ ਵਿਚ ਤੇਲ ਖੇਤਰ ਵਿਚ ਮੁਕਾਬਲੇਬਾਜ਼ੀ ਦਾ ਤੰਤਰ ਹੋਣਾ ਹੈ। ਸੋ, ਉਪਰ ਦਿਤੇ ਸਾਰੇ ਪੱਖ ਜੋ ਅੰਤਰਰਾਸ਼ਟਰੀ ਬਾਜ਼ਾਰ ਵਿਚ ਪ੍ਰਸੰਗਿਕ ਪਾਏ ਗਏ ਹਨ, ਭਾਰਤ ਵਿਚ ਤੇਲ ਕੀਮਤਾਂ ਦੇ ਬਦਲਾਅ ਦਾ ਕਾਰਨ ਬਣਦੇ ਹਨ। ਪਰ, ਭਾਰਤ ਵਿਚ ਤੇਲ ਕੀਮਤਾਂ ਨਿਰਧਾਰਨ ਕਰਨ ਪਿੱਛੇ ਪੂਰਤੀ ਪੱਖ ਅਹਿਮ ਹੈ, ਕਿਉਂਕਿ ਕਿਸੇ ਪੂਰਤੀਕਾਰ ਵਲੋਂ ਰੁਕਾਵਟ ਪੈਣ ਦੇ ਬਾਅਦ ਸਾਨੂੰ ਨਵਾਂ ਪੂਰਤੀਕਾਰ ਲੱਭਣਾ ਪਵੇਗਾ। ਦੂਜੇ ਮਹੱਤਵਪੂਰਨ ਪੱਖ, ਜਿਵੇਂ ਸਰਕਾਰੀ ਨੀਤੀ ਅਤੇ ਅੰਤਰਰਾਸ਼ਟਰੀ ਰਾਜਨੀਤਕ ਸੰਬੰਧ ਭਾਰਤ ਵਿਚ ਤੇਲ ਕੀਮਤਾਂ ਦੇ ਬਦਲਾਅ ਵਿਚ ਵੱਡਾ ਹਿੱਸਾ ਪਾਉਂਦੇ ਹਨ। ਹਾਲ ਹੀ ਵਿਚ ਸਾਹਮਣੇ ਆਈ ਪੈਟਰੋਲੀਅਮ ਮੰਤਰਾਲਾ ਤੋਂ ਤੇਲ ਦਸਤਾਵੇਜ਼ਾਂ ਦੀ ਜਾਸੂਸੀ ਭਾਰਤੀ ਬਾਜ਼ਾਰਾਂ ਵਿਚ ਕੀਮਤਾਂ ਨੂੰ ਪ੍ਰਭਾਵਿਤ ਕਰਨ ਲਈ ਸੱਟੇਬਾਜ਼ੀ ਪ੍ਰਵਿਰਤੀਆਂ ਦੀ ਕਾਰਜਸ਼ੈਲੀ 'ਤੇ ਰੋਸ਼ਨੀ ਪਾਉਂਦੀ ਹੈ। ਇਸ ਕਰਕੇ, 2015 ਦੇ ਕੇਂਦਰੀ ਬਜਟ ਤੋਂ ਤੇਲ ਖੇਤਰ ਦੀ ਆਸ ਹੈ ਕਿ ਸਰਕਾਰ ਤੇਲ ਕੀਮਤ ਤੰਤਰ ਲਈ ਇਕ ਸਥਾਈ ਨੀਤੀ ਅਪਣਾਏਗੀ, ਜਿਸ ਲਈ ਸਮੂਹਿਕ ਵਿਕਾਸ ਅਤੇ ਭਾਰਤੀ ਆਰਥਿਕਤਾ ਦੀ ਉੱਨਤੀ ਲਈ ਤੇਲ ਦੀ ਵਿਸ਼ਾਲ ਮੰਗ ਨੂੰ ਧਿਆਨ ਵਿਚ ਰੱਖਿਆ ਜਾਵੇ, ਕਿਉਂਕਿ ਤੇਲ ਜੀਵਿਕਾ ਅਤੇ ਵਿਕਾਸ ਲਈ ਨਿਹਾਇਤ ਜ਼ਰੂਰੀ ਨਿਵੇਸ਼ ਹੈ।

ਇਸ ਮੁੱਲੰਕਣ ਦੀਆਂ ਪ੍ਰਮੁੱਖ ਲੱਭਤਾਂ ਦਰਸਾਉਂਦੀਆਂ ਹਨ ਕਿ ਦਿਤੇ ਗਏ ਸਮੇਂ ਦੌਰਾਨ ਤੇਲ ਬਾਜ਼ਾਰ ਇੰਨੇ ਕੁਸ਼ਲ ਨਹੀਂ ਜਿੰਨੇ ਕੁਸ਼ਲ ਬਾਜ਼ਾਰ ਪਰਿਕਲਪਨਾ ਵਿਚ ਭਵਿੱਖਬਾਣੀ ਕੀਤੀ ਗਈ ਹੈ। ਹੋਰ, ਬਾਜ਼ਾਰ ਦੀਆਂ ਅਨੇਕ ਘਟਨਾਵਾਂ, ਜਿਵੇਂ ਸੱਟੇਬਾਜ਼ੀ, ਜ਼ਰੂਰਤ ਤੋਂ ਜ਼ਿਆਦਾ ਵਪਾਰ ਅਤੇ ਵਧਦੇ ਹੋਏ ਕੀਮਤਾਂ ਦੇ ਉਤਾਰ-ਚੜ੍ਹਾਅ ਇਸ਼ਾਰਾ ਕਰਦੇ ਹਨ ਕਿ ਬਾਜ਼ਾਰ ਸੱਟੇਬਾਜ਼ੀ ਦੇ ਗੁਬਾਰੇ ਦੇ ਚਿੰਨ੍ਹ ਦਿਖਾ ਰਿਹਾ ਹੈ। ਨੋਟ ਕੀਤੇ ਗਏ ਵਿਵਹਾਰ ਦੇ ਬੁਨਿਆਦੀ ਕਾਰਕ ਵਿਵਹਾਰਾਤਮਕ ਸਿਧਾਂਤ ਦੀਆਂ ਅੰਤਰ ਝਾਤਾਂ ਨੂੰ ਲਾਗੂ ਕਰਕੇ ਵਿਚਾਰੇ ਗਏ। ਕੋਈ ਹੈਰਾਨੀ ਨਹੀਂ, ਇਨ੍ਹਾਂ ਸਿਧਾਂਤਾਂ ਦੀ ਵਿਆਖਿਆਤਮਕ ਸ਼ਕਤੀ ਕਾਫ਼ੀ ਸੀ, ਜਿਸ ਨੇ ਨਿਵੇਸ਼ਕਾਂ ਦੇ ਵਿਵਹਾਰ ਪਿਛਲੇ ਕਾਰਨਾਂ ਨੂੰ ਸਮਝਣ ਵਿਚ ਹਿੱਸਾ ਪਾਇਆ ਅਤੇ ਨਾਲ ਹੀ ਕੀਮਤਾਂ ਵਿਚ ਲੰਮੇ ਸਮੇਂ ਦੇ ਵਿਗਾੜ ਦੇ ਕਾਰਨਾਂ ਨੂੰ ਵੀ ਸਮਝਣ ਵਿਚ ਸਹਾਈ ਹੋਈ।

*(ਲੇਖਕ ਕ੍ਰਮਵਾਰ ਇਕਨਾਮਿਕਸ ਐਂਡ ਇੰਟਰਨੈਸ਼ਨਲ ਬਿਜ਼ਨਿਸ, ਪ੍ਰੋਫ਼ੈਸਰ ਤੇ ਮੁਖੀ, ਸ਼ਕਤੀ ਤੇ ਬੁਨਿਆਦੀ ਢਾਂਚਾ ਪ੍ਰਬੰਧਨ ਯੂਨੀਵਰਸਿਟੀ ਆਫ਼ ਪੈਟਰੋਲੀਅਮ ਐਂਡ ਐਨਰਜੀ ਸਟੱਡੀਜ਼ ਵਿਭਾਗ, ਦੇਹਰਾਦੂਨ ਅਤੇ ਆਸਟ੍ਰੇਲੀਅਨ ਹਾਈ ਕਮਿਸ਼ਨ, ਨਵੀ ਦਿੱਲੀ ਨਾਲ ਸੰਬੰਧਿਤ ਹਨ।)*

*e-mail :h.roy10@gmail.com*

# ਤਕਨਾਲੋਜੀ ਤੇ ਜਨਤਕ ਨੀਤੀ ਦੇ ਆਪਸੀ ਪ੍ਰਭਾਵ : ਹਰਾ ਇਨਕਲਾਬ

ਟੀ.ਐੱਨ ਸ੍ਰੀਨਿਵਾਸਨ ਤੇ ਪਵਨ ਕਾਤਕਰ

1960ਵਿਆਂ ਵਿਚ ਭਾਰਤ ਦੇ ਹਰੇ ਇਨਕਲਾਬ ਦੀ ਤਕਨਾਲੋਜੀ ਨੂੰ ਕਰੋੜਾਂ ਕਿਸਾਨਾਂ ਵਲੋਂ ਇਕ ਦਹਾਕੇ ਅੰਦਰ ਬੜੇ ਉਤਸ਼ਾਹ ਨਾਲ ਅਪਣਾ ਲਿਆ ਗਿਆ। ਇਹ ਖੇਤੀਬਾੜੀ ਵਿਚ ਤਕਨੀਕ ਦੇ ਵਿਕਾਸ ਦੀ ਇਕ ਜਾਣੀ-ਪਛਾਣੀ ਮਿਸਾਲ ਸੀ। 1968 ਵਿਚ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਇਸ ਸਫਲਤਾ ਦਾ ਜਸ਼ਨ ਮਨਾਉਣ ਲਈ ਇਕ ਡਾਕ ਟਿਕਟ ਜਾਰੀ ਕੀਤੀ ਸੀ, ਜਿਸ ਦਾ ਨਾਮ ਰੱਖਿਆ ਗਿਆ 'ਕਣਕ ਇਨਕਲਾਬ'। ਜਿਵੇਂ ਕਿ ਹਰੇ ਇਨਕਲਾਬ ਦੇ ਮੋਢੀ ਡਾ. ਐੱਮ.ਐੱਸ ਸਵਾਮੀਨਾਥਨ ਇਸ ਨੂੰ ਬਿਆਨ ਕਰਦੇ ਹਨ, "ਵਿਗਿਆਨਕ ਅਤੇ ਜਨਤਕ ਨੀਤੀ ਦੀਆਂ ਪਹਿਲਾਂ ...(ਜਿਸ ਵਿਚ ਅੰਤਰ ਵਿਸ਼ਾ ਖੋਜ ਅਤੇ ਅੰਤਰਰਾਸ਼ਟਰੀ ਸਹਿਯੋਗ ਸ਼ਾਮਿਲ ਸੀ) ... 1960ਵਿਆਂ ਅੰਦਰ ਹਰੇ ਇਨਕਲਾਬ ਦਾ ਕਾਰਨ ਬਣੇ – (ਜਨਤਕ ਨੀਤੀ ਦੇ ਮਾਮਲੇ ਵਿਚ)–... ਭਰੋਸੇ ਵਾਲੇ ਅਤੇ ਲਾਭਕਾਰੀ ਬਾਜ਼ਾਰੀਕਰਨ ਦੇ ਮੌਕੇ, ਕਿਸਾਨਾਂ ਦੇ ਉੱਚ ਉਤਪਾਦਨ ਹਾਸਲ ਕਰਨ ਦੇ ਹਿਤਾਂ ਨੂੰ ਉਤਸ਼ਾਹ ਦੇਣ ਅਤੇ ਸਥਿਰ ਰੱਖਣ ਲਈ ਮੁੱਖ ਕੁੰਜੀ ਸਾਬਤ ਹੋਏ ...(ਪੂਰੀ ਤਰ੍ਹਾਂ ਦੇਸ਼ ਵਿਚ ਉਲੀਕੇ ਗਏ ਕਣਕ ਦੇ ਸੁਧਾਰ ਅਤੇ ਉਤਪਾਦਨ ਦੇ ਪ੍ਰੋਗਰਾਮ) ... ਨੇ ਤੇਜ਼ੀ ਨਾਲ ਤਰੱਕੀ ਕੀਤੀ ... ਕਿਉਂਕਿ ਭਾਰਤ ਤਕਨਾਲੋਜੀ, ਸੇਵਾਵਾਂ ਅਤੇ ਜਨਤਕ ਨੀਤੀਆਂ ਦੇ ਦਰਮਿਆਨ ਇਕ ਬੇਹਤਰ ਤਾਲਮੇਲ ਸਥਾਪਤ ਕਰ ਸਕਿਆ।" (ਸਵਾਮੀਨਾਥਨ, 2013)।

ਲਗਭਗ ਪੰਜ ਦਹਾਕੇ ਪਹਿਲਾਂ, ਉੱਚ ਝਾੜ ਵਾਲੀਆਂ ਕਿਸਮਾਂ (ਐੱਚ ਵਾਈ ਵੀ) 'ਤੇ ਆਧਾਰਤ ਨਵੀਂ ਖੇਤੀਬਾੜੀ ਰਣਨੀਤੀ ਜਾਰੀ ਕਰਨ ਤੋਂ ਇਕਦਮ ਬਾਅਦ, ਬੀ.ਐੱਸ. ਮਿਨਹਾਸ ਅਤੇ ਟੀ.ਐੱਨ. ਸ੍ਰੀਨਿਵਾਸਨ ਨੇ *ਯੋਜਨਾ* ਦੇ ਜਨਵਰੀ 1966 ਦੇ ਅੰਕ ਵਿਚ ਇਸ ਦਾ ਮੁੱਲੰਕਣ ਕੀਤਾ। *ਯੋਜਨਾ* ਦੇ ਉਸ ਸਮੇਂ ਦੇ ਸੰਪਾਦਕ, ਮਰਹੂਮ ਐੱਚ.ਵਾਈ. ਸ਼ਾਰਦਾ ਪ੍ਰਸਾਦ ਸਨ (ਜਿਨ੍ਹਾਂ ਨੂੰ ਦੋਸਤ ਪਿਆਰ ਨਾਲ ਸ਼ੋਰੀ ਕਹਿ ਕੇ ਬੁਲਾਉਂਦੇ ਸਨ) ਜੋ ਬਾਅਦ ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਦੇ ਸੂਚਨਾ ਸਲਾਹਕਾਰ ਬਣੇ।

ਹਰਾ ਇਨਕਲਾਬ ਉਸ ਤਕਨਾਲੋਜੀ ਦਾ ਨਤੀਜਾ ਹੈ ਜਿਸ ਨੇ ਪ੍ਰਤਿ ਏਕੜ ਖੇਤੀ ਝਾੜ ਵਿਚ ਵਾਧਾ ਕੀਤਾ ਅਤੇ ਭਾਰਤ ਤੇ ਦੂਸਰੇ ਵਿਕਾਸਸ਼ੀਲ ਦੇਸ਼ਾਂ ਵਿਚ ਕੁੱਲ ਖੇਤੀਬਾੜੀ ਉਤਪਾਦਨ ਨੂੰ ਪ੍ਰਭਾਵੀ ਤਰੀਕੇ ਨਾਲ ਵਧਾਇਆ। ਰਵਾਇਤੀ ਕਿਸਮਾਂ ਦੇ ਮੁਕਾਬਲੇ ਪ੍ਰਤਿ ਏਕੜ ਉੱਚ ਝਾੜ ਪੈਦਾ ਕਰਨ ਦੀ ਵਿਰਾਸਤੀ ਸਮਰੱਥਾ ਦੇ ਚਲਦਿਆਂ, ਐੱਚ ਵਾਈ ਵੀ ਬੀਜਾਂ ਅਤੇ ਖਾਦਾਂ, ਕੀਟਨਾਸ਼ਕਾਂ ਅਤੇ ਸਿੰਜਾਈ ਦੀਆਂ ਬੇਹਤਰ ਸਹੂਲਤਾਂ ਕਰਕੇ ਭਾਰਤ ਅਤੇ ਦੂਸਰੇ ਵਿਕਾਸਸ਼ੀਲ ਦੇਸ਼ਾਂ ਵਿਚ ਖੇਤੀਬਾੜੀ ਉਤਪਾਦਨ ਵਿਚ ਚੋਖਾ ਵਾਧਾ ਹੋਇਆ। ਇਸ ਦੇ ਸਿੱਟੇ ਵਜੋਂ ਅੰਨ ਦਾ ਸੰਕਟ ਟਲ ਗਿਆ।

## ਸੀਮਤ ਖੇਤੀ ਉਤਪਾਦਨ ਅਤੇ ਅਨਾਜ ਲਈ ਵਧਦੀ ਹੋਈ ਮੰਗ

ਭਾਰਤ ਵਿਚ ਅਨੇਕ ਪੱਖ ਹਰੇ ਇਨਕਲਾਬ ਦਾ ਕਾਰਨ ਬਣੇ, ਜਿਨ੍ਹਾਂ ਵਿਚ ਮੁਕਾਬਲਤਨ ਸੀਮਤ ਖੇਤੀਬਾੜੀ ਝਾੜ, ਪ੍ਰਤਿ ਵਿਅਕਤੀ ਅਨਾਜ ਉਪਲਬਧਤਾ (ਆਯਾਤ ਸਮੇਤ) ਪ੍ਰਤਿ ਦਿਨ ਬਹੁਤ ਹੀ ਨਿਗੂਣਾ, 395 ਗ੍ਰਾਮ ਵੀ ਸ਼ਾਮਿਲ ਸੀ। ਖੇਤੀਬਾੜੀ ਦਾ ਮੁੱਖ ਤਰੀਕਾ ਗੁਜ਼ਾਰੇ ਵਾਲੀ ਖੇਤੀ ਸੀ ਜਿਸ ਵਿਚ ਕਿਸਾਨ ਆਪਣੀਆਂ ਨਿੱਜੀ ਅਤੇ ਪਰਿਵਾਰਕ ਖਪਤ ਲਈ ਹੀ ਫ਼ਸਲਾਂ ਪੈਦਾ ਕਰਦਾ ਸੀ, ਬਜਾਇ ਕਿ ਬਾਜ਼ਾਰ ਵਿਚ ਵਾਧੂ ਪੈਦਾਵਾਰ ਭੇਜਣ ਲਈ। ਫ਼ਸਲਾਂ ਜ਼ਿਆਦਾਤਰ ਗ਼ੈਰ-ਭਰੋਸੇ ਯੋਗ ਮੌਨਸੂਨ ਅਤੇ ਸੀਮਤ ਸਿੰਜਾਈ ਸਾਧਨਾਂ 'ਤੇ ਪੂਰੀ ਤਰ੍ਹਾਂ ਨਿਰਭਰ ਹੁੰਦੀਆਂ ਸਨ। ਸਰਕਾਰ ਵਲੋਂ ਉਦਯੋਗੀਕਰਨ ਨੂੰ ਪਹਿਲ ਦਿਤੀ ਗਈ, ਜਿਸ ਵਿਚ ਖੇਤੀ ਦੇ ਮੁਕਾਬਲੇ ਵੱਡੇ ਉਦਯੋਗਾਂ 'ਤੇ ਜ਼ਿਆਦਾ ਜ਼ੋਰ ਦਿਤਾ ਗਿਆ (ਭਗਵਤੀ ਅਤੇ ਦੇਸਾਈ, 1970), ਸਿੱਟੇ ਵਜੋਂ ਖੇਤੀਬਾੜੀ ਦੀ ਅਣਦੇਖੀ ਹੋਈ। ਵਧਦੀ ਹੋਈ ਜਨਸੰਖਿਆ ਦਰ ਦੇ ਮੁਕਾਬਲੇ ਖੇਤੀਬਾੜੀ ਉਤਪਾਦਨ ਦੀ ਦਰ ਘੱਟ ਹੋ ਗਈ, ਉਪਜਾਊ ਦਰ ਦੇ ਮੁਕਾਬਲੇ ਮੌਤਾਂ ਦੀ ਦਰ ਵਿਚ ਤੇਜ਼ੀ ਨਾਲ ਕਮੀ ਆਈ। 1961-66 ਦੇ ਸਮੇਂ ਦੌਰਾਨ ਅਨਾਜ ਦੀ ਪ੍ਰਤਿ ਵਿਅਕਤੀ ਉਪਲਬਧਤਾ (ਕਣਕ ਨੂੰ ਛੱਡ ਕੇ) 1950-51 ਦੇ ਪੱਧਰ ਤਕ ਡਿਗ ਪਈ। ਅਸਲ ਵਿਚ, 1959 ਵਿਚ ਫੋਰਡ ਫਾਊਂਡੇਸ਼ਨ ਨੇ ਭਾਰਤ ਨੂੰ ਭਵਿੱਖੀ ਅੰਨ ਸੰਕਟ ਬਾਰੇ ਸਾਵਧਾਨ ਕੀਤਾ ਸੀ ਅਤੇ ਵਿਸ਼ਵ ਭਰ ਵਿਚ ਆਉਣ ਵਾਲੇ ਅੰਨ ਸੰਕਟ ਦੀਆਂ ਕਿਆਸ ਅਰਾਈਆਂ ਦੇ ਮੱਦੇਨਜ਼ਰ, ਇਸ ਨੂੰ ਟਾਲਣ ਲਈ ਸੁਝਾਅ ਵੀ ਦਿਤੇ ਸਨ।

ਹੋਰ, ਭਾਰਤ ਨੂੰ ਖੇਤੀਬਾੜੀ ਉਤਪਾਦਨ ਵਧਾਉਣ ਦੇ ਮਾਮਲੇ ਵਿਚ ਸੀਮਤ ਸੰਭਾਵਨਾਵਾਂ ਵਾਲਾ ਦੇਸ਼ ਮੰਨਿਆ ਜਾਂਦਾ ਸੀ। ਕੁਝ ਪ੍ਰਮੁੱਖ ਪਹਿਲਾਂ – ਜਿਵੇਂ 'ਜ਼ਿਆਦਾ ਅੰਨ ਉਗਾਓ' ਅਭਿਆਨ ਅਤੇ ਇਸ ਦੇ ਟੀਚੇ ਨਾ ਹਾਸਲ ਕਰਨ ਦੀ ਅਸਫਲਤਾ (ਐੱਮ ਓ ਐੱਫ ਏ, 1952), ਖੇਤੀਬਾੜੀ ਦੇ ਰਵਾਇਤੀ ਤਰੀਕਿਆਂ ਦੀ ਨਿਰੰਤਰ ਵਰਤੋਂ ਜਿਸ ਵਿਚ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦਾ ਨਾਮ ਦੇ ਬਰਾਬਰ ਜਾਂ ਬਹੁਤ ਨਿਗੂਣਾ ਇਸਤੇਮਾਲ ਕੀਤਾ ਜਾਂਦਾ ਸੀ, ਅਤੇ ਗੁਜ਼ਾਰੇ ਦੀ ਖੇਤੀ ਵਾਲੀਆਂ ਪ੍ਰਥਾਵਾਂ ਨੇ ਭਾਰਤ ਦੀਆਂ ਸੰਭਾਵਨਾਵਾਂ 'ਤੇ ਬਹੁਤ ਬੁਰਾ ਅਸਰ ਪਾਇਆ। ਸਿੰਜਾਈ ਲਈ ਨਿੱਜੀ ਟਿਊਬਵੈੱਲ ਨਾਮ ਦੇ ਬਰਾਬਰ ਸਨ ਅਤੇ ਸਿੰਜਾਈ ਲਈ ਨਹਿਰੀ ਪ੍ਰਣਾਲੀ ਬਹੁਤ ਮੱਠੀ ਰਫ਼ਤਾਰ ਨਾਲ ਵਿਕਸਤ ਹੋ ਰਹੀ ਸੀ। ਪੇਂਡੂ ਖੇਤਰਾਂ ਦਾ ਬਿਜਲੀਕਰਨ ਸੀਮਤ ਸੀ ਅਤੇ

ਖੇਤੀਬਾੜੀ ਲਈ ਊਰਜਾ ਦੀਆਂ ਲੋੜਾਂ ਜ਼ਿਆਦਾਤਰ ਜਾਨਵਰਾਂ ਅਤੇ ਖੇਤੀ ਕਾਮਿਆਂ ਦੁਆਰਾ ਪੂਰੀਆਂ ਕੀਤੀਆਂ ਜਾਂਦੀਆਂ ਸਨ। ਇਨ੍ਹਾਂ ਸਾਰੇ ਕਾਰਨਾਂ ਕਰਕੇ ਖੇਤੀਬਾੜੀ ਉਤਪਾਦਨ ਸੀਮਤ ਰਿਹਾ : ਕਣਕ ਅਤੇ ਝੋਨੇ ਦਾ ਪ੍ਰਤਿ ਹੈਕਟੇਅਰ ਝਾੜ 851 ਕਿਲੋਗ੍ਰਾਮ ਅਤੇ 1013 ਕਿਲੋਗ੍ਰਾਮ ਸੀ 1960-61 ਵਿਚ ਜੋ 2011-12 ਵਿਚੋਂ ਕ੍ਰਮਵਾਰ 3177 ਅਤੇ 2393 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਸੀ (ਡੀ ਈ ਐੱਸ, 2013)।

## ਅਨਾਜ ਆਯਾਤ ਵਿਚ ਰੁਕਾਵਟਾਂ

ਘਰੇਲੂ ਅਨਾਜ ਉਤਪਾਦਨ ਦਾ ਇਕ ਵਿਕਲਪ ਦੂਸਰੇ ਦੇਸ਼ਾਂ ਤੋਂ ਅੰਨ ਆਯਾਤ ਕਰਨਾ ਹੈ। ਭਾਰਤ ਦੇ ਰਿਜ਼ਰਵ ਬੈਂਕ ਦੇ 2014 ਦੇ ਭਾਰਤੀ ਅਰਥਵਿਵਸਥਾ ਦੇ ਇਕ ਕਿਤਾਬਚੇ ਵਿਚ ਦੱਸਿਆ ਗਿਆ ਹੈ ਕਿ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ 1950-51 ਦੇ 9.11 ਬਿਲੀਅਨ ਦੇ ਮੁਕਾਬਲੇ 1964-65 ਵਿਚ ਘਟ ਕੇ ਕੇਵਲ 1.16 ਬਿਲੀਅਨ ਰਹਿ ਗਏ ਸਨ। ਨਾਲ ਹੀ, ਮੁਦਰਾ ਬਦਲਾਅ ਦਰ ਨੂੰ ਵਧਾ ਕੇ ਦੱਸਣ ਅਤੇ ਨਿਰਯਾਤ ਲਚਕ ਆਗਿਆ (ਵੇਖੋ ਸਿੰਘ, 1964) ਅਤੇ (ਵੋਲਫ, 1982) ਨੇ ਭਾਰਤ ਦੇ ਅੰਤਰਰਾਸ਼ਟਰੀ ਵਪਾਰ ਦੇ ਹਾਲਾਤ ਨੂੰ ਕਾਫ਼ੀ ਕਮਜ਼ੋਰ ਕਰ ਦਿਤਾ ਜਿਸ ਕਰਕੇ ਦੂਸਰੇ ਦੇਸ਼ਾਂ ਤੋਂ ਅਨਾਜ ਆਯਾਤ ਕਰਨਾ ਔਖਾ ਹੋ ਗਿਆ।

ਸਮੇਂ ਦੇ ਅੰਤਰਰਾਸ਼ਟਰੀ ਰਾਜਨੀਤਕ ਹਾਲਾਤ ਦੇ ਚਲਦਿਆਂ, ਰਿਆਇਤੀ ਆਯਾਤ, ਜਿਸ ਵਿਚ ਅਨੁਦਾਨ ਅਤੇ ਅਨਾਜ ਵਾਸਤੇ ਰੁਪਏ ਵਿਚ ਭੁਗਤਾਨ (ਜੋ ਅਮਰੀਕਾ ਸ਼ਾਂਤੀ ਪ੍ਰੋਗਰਾਮਾਂ ਦੇ ਇਵਜ਼ ਵਿਚ ਅਨਾਜ ਦੇਣ ਲਈ ਕੀਤਾ ਜਾਂਦਾ ਸੀ) ਜਾਂ ਪੀ ਐੱਲ-480 ਕਿਸਮ ਆਦਿ 'ਤੇ ਵੀ ਪਾਬੰਦੀਆਂ ਨੇ ਅਸਰ ਪਾਇਆ। ਭਾਵੇਂ ਕਿ ਅਮਰੀਕੀ ਕਾਂਗਰਸ ਨੇ ਭਾਰਤ ਨੂੰ ਅਨਾਜ ਸਹਾਇਤਾ ਦੇਣ ਲਈ ਜਨਤਕ ਕਾਨੂੰਨ-480 ਪਾਸ ਕਰ ਦਿਤਾ ਸੀ, ਪਰ ਰਾਸ਼ਟਰਪਤੀ ਲਿੰਡਨ ਜਾਹਨਸਨ ਨੇ ਭਾਰਤ ਵਲੋਂ ਅਮਰੀਕਾ ਦੀ ਵੀਅਤਨਾਮ ਵਿਰੋਧੀ ਨੀਤੀ ਦੇ ਚਲਦਿਆਂ ਇਸ ਵਿਚ ਅੜਿੱਕੇ ਡਾਹ ਦਿਤੇ ਜਿਸ ਨਾਲ ਅਨਿਸ਼ਚਿਤਤਾ ਵਾਲਾ ਮਾਹੌਲ ਬਣ ਗਿਆ। 1965-66 ਅਤੇ 1966-67 ਵਿਚ ਲਗਾਤਾਰ ਪਏ ਸੋਕੇ ਕਾਰਨ ਘਰੇਲੂ ਅਨਾਜ ਉਤਪਾਦਨ ਵਿਚ ਕਮੀ ਅਤੇ ਖੇਤੀ ਆਧਾਰਿਤ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ, ਦੋਵਾਂ 'ਤੇ ਬੁਰਾ ਅਸਰ ਪਾਇਆ। ਭਾਰਤ ਦਾ ਭੁਗਤਾਨ ਸੰਤੁਲਨ ਬਹੁਤ ਖਰਾਬ ਹੋ ਗਿਆ ਅਤੇ ਇਸ 'ਤੇ ਕਾਬੂ ਪਾਉਣ ਲਈ ਮਾਰਚ 1966 ਵਿਚ ਭਾਰਤ ਨੂੰ ਅੰਤਰਰਾਸ਼ਟਰੀ ਵਿੱਤੀ ਫ਼ੰਡ (ਆਈ ਐੱਮ ਐਫ) ਅਤੇ ਵਿਸ਼ਵ ਬੈਂਕ ਤਕ ਪਹੁੰਚ ਕਰਨੀ ਪਈ।

## ਘਰੇਲੂ ਰਾਜਨੀਤੀ

ਭਾਰਤ ਵਿਚ ਹਰੇ ਇਨਕਲਾਬ ਦੇ ਪਿਛੇ ਬਦਲ ਰਹੇ ਸਿਆਸੀ ਹਾਲਾਤ ਵੀ ਸਨ। ਚਲ ਰਹੇ ਸਿਆਸੀ ਹਾਲਾਤ ਦੇ ਪਿਛੋਕੜ ਵਿਚ, ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਹੰਗਾਮੀ ਕਦਮ ਉਠਾਉਣ ਲਈ ਮਜਬੂਰ ਹੋ ਗਏ, ਆਈ ਐੱਮ ਐੱਫ ਅਤੇ ਵਿਸ਼ਵ ਬੈਂਕ ਦੇ ਦਬਾਅ ਦੇ ਚਲਦਿਆਂ ਜੂਨ 1966 ਵਿਚ ਰੁਪਏ ਦੀ ਕੀਮਤ ਘੱਟ ਕਰਨੀ ਪਈ। ਪਰ, ਰੁਪਏ ਦੀ ਕੀਮਤ ਘਟਾਈ ਨਾਲ ਨਿਰਯਾਤ ਵਧਾਉਣ ਜਾਂ ਪੂੰਜੀ ਆਕਰਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਅਸਫਲ ਸਿੱਧ ਹੋਈਆਂ। ਪਹਿਲਾਂ ਹੀ, ਪੀ ਐੱਲ-480 ਦੀ ਅਫਸਲਤਾ ਕਾਰਨ, ਸ੍ਰੀਮਤੀ ਗਾਂਧੀ ਦੀ ਸਰਕਾਰ ਨੂੰ ਗੰਭੀਰ ਰਾਜਨੀਤਕ ਨਮੋਸ਼ੀ ਝੱਲਣੀ ਪਈ ਸੀ। ਆਪਣੀ ਸਰਕਾਰ ਦੀ ਭਰੋਸੇਯੋਗਤਾ ਬਹਾਲ ਕਰਨ ਲਈ ਅਤੇ ਅਨਾਜ ਦੇ ਮਾਮਲੇ ਵਿਚ ਅਮਰੀਕਾ 'ਤੇ ਨਿਰਭਰਤਾ ਘੱਟ ਕਰਨ ਲਈ ਉਨ੍ਹਾਂ ਨੇ ਘਰੇਲੂ ਖੇਤੀ ਉਤਪਾਦਨ ਵਧਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਿਸ ਸਦਕਾ ਖੇਤੀਬਾੜੀ ਵਿਕਾਸ ਲਈ ਨਵੀਂ ਰਣਨੀਤੀ ਬਣਾਈ ਗਈ ਜਿਸ ਦੇ ਕਰਤਾ-ਧਰਤਾ ਅਨਾਜ ਅਤੇ ਖੇਤੀਬਾੜੀ ਮੰਤਰੀ ਸੀ. ਸੁਬਰਾਮਨੀਅਮ ਸਨ।

## ਖੇਤੀਬਾੜੀ ਖੋਜ

ਸੀ. ਸੁਬਰਾਮਨੀਅਮ ਨੇ ਡਾ. ਐੱਮ ਐੱਸ ਸਵਾਮੀਨਾਥਨ, ਡਾ. ਨਾਰਮਨ ਬਰਲਾਗ, ਦੂਜੇ ਖੇਤੀਬਾੜੀ ਵਿਗਿਆਨਕਾਂ ਅਤੇ ਫੋਰਡ ਫਾਊਂਡੇਸ਼ਨ, ਰਾਕਫੈਲਰ ਫਾਊਂਡੇਸ਼ਨ ਅਤੇ ਅਮਰੀਕਾ ਦੇ ਖੇਤੀਬਾੜੀ ਵਿਭਾਗ ਦੇ ਅਰਥਸ਼ਾਸਤਰੀਆਂ ਨਾਲ ਵੱਡੇ ਪੱਧਰ 'ਤੇ ਵਿਚਾਰ-ਵਟਾਂਦਰੇ ਕੀਤੇ ਗਏ ਸਨ। ਉਨ੍ਹਾਂ ਨੇ ਲੋਕ ਸਭਾ ਨੂੰ ਯਕੀਨ ਦੁਆਇਆ ਕਿ ਉਨ੍ਹਾਂ ਦਾ ਮੰਤਰਾਲਾ ਉਨ੍ਹਾਂ ਯੋਜਨਾਵਾਂ ਨੂੰ ਅਪਣਾ ਕੇ ਲਾਗੂ ਕਰੇਗਾ ਜੋ ਭਾਰਤ ਦੇ ਅੰਨ ਉਤਪਾਦਨ ਨੂੰ ਹੁਲਾਰਾ ਦੇਣਗੇ (ਫਰੈਂਕੇਲ, 1969)। ਉਨ੍ਹਾਂ ਦੇ ਭਰੋਸੇ ਦਾ ਆਧਾਰ ਨਵੇਂ ਵਿਕਸਤ ਉੱਚ ਝਾੜ ਵਾਲੇ ਬੀਜਾਂ 'ਤੇ ਸੀ ਜਿਸ ਨਾਲ ਅੰਨ ਉਤਪਾਦਨ ਵਧਣ ਦੀ ਆਸ ਸੀ। ਇਨ੍ਹਾਂ ਕਿਸਮਾਂ ਦੀ ਖੋਜ ਅਤੇ ਵਿਕਾਸ ਅੰਤਰਰਾਸ਼ਟਰੀ ਮੱਕੀ ਅਤੇ ਕਣਕ ਸੁਧਾਰ ਕੇਂਦਰ (ਸੀ ਆਈ ਐੱਮ ਐੱਮ ਵਾਈ ਟੀ) ਮੈਕਸੀਕੋ, ਅੰਤਰਰਾਸ਼ਟਰੀ ਚੌਲ ਖੋਜ ਸੰਸਥਾਨ (ਆਈ ਆਰ ਆਰ ਆਈ) ਫਿਲੀਪੀਨਜ਼ ਤੇ ਭਾਰਤੀ ਖੇਤੀ ਖੋਜ ਸੰਸਥਾਨ (ਆਈ ਸੀ ਏ ਆਰ) ਵਲੋਂ ਕੀਤਾ ਗਿਆ ਸੀ। ਉਹ ਹੋਰ ਥਾਵੇਂ ਵਿਕਸਤ ਕੀਤੇ ਐੱਚ ਵਾਈ ਵੀ ਬੀਜਾਂ ਦੇ ਭਾਰਤੀ ਹਾਲਾਤ ਵਿਚ ਅਨੁਕੂਲਣ ਲਈ ਜ਼ਿੰਮੇਵਾਰ ਸਨ।

## ਉੱਚ ਝਾੜ ਦੀਆਂ ਕਿਸਮਾਂ ਦੀ ਤਕਨਾਲੋਜੀ

ਆਪਣਾ ਧਿਆਨ ਭਾਰਤ ਵਿਚ ਹਰੇ ਇਨਕਲਾਬ ਤੋਂ ਪਿਛਲੇ ਕਾਰਨਾਂ ਤੋਂ ਹਟਾ ਕੇ, ਇਸ ਨੂੰ 'ਕਿਵੇਂ ਹਾਸਲ ਕੀਤਾ ਗਿਆ' ਵੱਲ ਲਗਾ ਕੇ, ਇਹ ਪਤਾ ਲਗਦਾ ਹੈ ਕਿ ਹਰੇਕ ਆਕਾਰ ਦੇ ਖੇਤਾਂ ਵਿਚ ਐੱਚ ਵਾਈ ਵੀ ਬੀਜਾਂ ਨੂੰ ਬੀਜ ਕੇ ਉੱਚ ਝਾੜ ਹਾਸਲ ਕੀਤਾ ਜਾ ਸਕਦਾ ਹੈ, ਮੁਕਾਬਲਤਨ ਗ਼ੈਰ ਐੱਚ ਵਾਈ ਵੀ ਬੀਜਾਂ ਦੇ। ਐੱਚ ਵਾਈ ਵੀ ਪ੍ਰਤਿ ਹੈਕਟੇਅਰ ਰਸਾਇਣਕ ਖਾਦ ਅਤੇ ਨਿਯਮਤ ਪਾਣੀ ਦੀ ਪੂਰਤੀ ਦੇ ਚਲਦਿਆਂ ਵੱਧ ਝਾੜ ਦਿੰਦੇ ਹਨ। ਢੁਕਵੀਂ ਮਾਤਰਾ ਵਿਚ ਖਾਦ, ਕੀਟਨਾਸ਼ਕ ਅਤੇ ਸਿੰਜਾਈ ਦੀ ਵਰਤੋਂ ਕਰਨ ਨਾਲ ਜਿਸ ਸਦਕਾ ਉਤਪਾਦਨ ਵਿਚ ਵਾਧਾ ਹੋਇਆ, ਸਿੱਟੇ ਵਜੋਂ ਪ੍ਰਤਿ ਹੈਕਟੇਅਰ ਮੁਨਾਫ਼ੇ ਵਿਚ ਵਾਧਾ ਹੋਇਆ ਅਤੇ ਖਾਦ, ਪਾਣੀ, ਜਾਨਵਰਾਂ ਅਤੇ ਮਨੁੱਖੀ ਸ਼ਕਤੀ ਦੇ ਲਾਗਤ ਖਰਚਿਆਂ ਵਿਚ ਕਮੀ ਆਈ। ਇਨ੍ਹਾਂ ਬੀਜਾਂ ਨੂੰ ਆਮ ਤੌਰ ਤੇ 'ਚਮਤਕਾਰੀ ਬੀਜ' ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਐੱਚ ਵਾਈ ਵੀ ਪ੍ਰੋਗਰਾਮ ਦਾ ਇਕ ਜ਼ਰੂਰੀ ਅੰਗ ਕਿਸਾਨਾਂ ਨੂੰ ਐੱਚ ਵਾਈ ਵੀ ਦੀਆਂ ਵਧੇਰੇ ਝਾੜ ਦੇਣ ਦੀਆਂ ਵਿਸ਼ੇਸ਼ਤਾਈਆਂ ਪ੍ਰਦਰਸ਼ਿਤ ਕਰਨਾ ਸੀ। 1960ਵਿਆਂ ਦੇ ਅੱਧ ਤਕ ਇਹ ਚਮਤਕਾਰੀ ਬੀਜ, ਨਿਯਮਤ ਹਾਲਾਤ ਤਹਿਤ ਤਜਰਬੇ ਦੀ ਖੋਜ ਵਜੋਂ ਹੀ ਬੀਜੇ ਜਾਂਦੇ ਸਨ। ਵਿਗਿਆਨਕਾਂ ਵਲੋਂ ਜਿਨ੍ਹਾਂ ਦੇ ਖੇਤਾਂ ਵਿਚ ਵੱਡੀ ਪੱਧਰ 'ਤੇ ਤਜਰਬੇ ਬਾਅਦ ਵਿਚ ਸ਼ੁਰੂ ਹੋਏ।

## ਐੱਚ ਵਾਈ ਵੀ ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ

ਚੌਲ ਅਤੇ ਕਣਕ ਦੀਆਂ ਐੱਚ ਵਾਈ ਵੀ

ਕਿਸਮਾਂ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਉਨ੍ਹਾਂ ਦਾ ਅਰਧ-ਮਧਰਾਪਨ ਸੀ ਜਿਸ ਨਾਲ ਅਸਿੱਧੇ ਤੌਰ ਤੇ ਝਾੜ ਵਿਚ ਵਾਧਾ ਹੁੰਦਾ ਹੈ ਕਿਉਂਕਿ ਝੁਕ ਕੇ ਡਿੱਗਣ ਦਾ ਖ਼ਤਰਾ ਘੱਟ ਹੋ ਜਾਂਦਾ ਹੈ।

'ਤਣੇ ਦਾ ਟੁੱਟਣਾ' ਕਈ ਪ੍ਰਕਾਰ ਦੇ ਕੀੜੇ ਮਕੌੜਿਆਂ ਦੇ ਕਾਰਨ ਵਾਪਰਦਾ ਹੈ, ਜਿਸ ਨਾਲ ਤਣਾ ਕਮਜ਼ੋਰ ਹੋ ਕੇ ਡਿੱਗ ਪੈਂਦਾ ਹੈ। ਇਸ 'ਤੇ ਬਾਹਰੀ ਕਾਰਕਾਂ ਜਿਵੇਂ ਹਵਾ, ਭਾਰੀ ਬਰਸਾਤ ਜਾਂ ਝੱਖੜ ਦਾ ਵੀ ਅਸਰ ਪੈਂਦਾ ਹੈ। ਜੇ ਇਕ ਵਾਰੀ ਪੌਦਾ ਡਿੱਗ ਜਾਵੇ ਤਾਂ ਦਾਣੇ ਦੀ ਗੁਣਵੱਤਾ 'ਤੇ ਮਾੜਾ ਅਸਰ ਪੈਂਦਾ ਹੈ। ਇਸ ਤਰ੍ਹਾਂ ਦੇ ਡਿੱਗਣ ਨੂੰ ਤਣੇ ਦਾ ਟੁੱਟਣਾ ਆਖਿਆ ਜਾਂਦਾ ਹੈ (ਪਿੰਥਸ, 1974)। ਲੰਮੇ ਪੌਦਿਆਂ ਦੇ ਡਿੱਗਣ ਦਾ ਜ਼ਿਆਦਾ ਖ਼ਤਰਾ ਰਹਿੰਦਾ ਹੈ ਕਿਉਂਕਿ ਮਧਰੇ ਪੌਦੇ ਦੇ ਮੁਕਾਬਲੇ ਉਨ੍ਹਾਂ ਨੂੰ ਜ਼ਿਆਦਾ ਜ਼ੋਰ ਨਾਲ ਝੁਕਣਾ ਪੈਂਦਾ ਹੈ। ਇਸ ਤਰ੍ਹਾਂ, ਰਵਾਇਤੀ ਗ਼ੈਰ ਮਧਰੀਆਂ ਕਿਸਮਾਂ ਦੀ ਰਸਾਇਣਕ ਖਾਦਾਂ ਅਤੇ ਢੁਕਵੀਂ ਸਿੰਜਾਈ ਸਹੂਲਤ ਨਾਲ ਜਿਥੇ ਲੰਮੇ ਪੌਦੇ ਪੈਦਾ ਹੁੰਦੇ ਹਨ, ਉਨ੍ਹਾਂ ਦੇ ਟੁੱਟਣ ਕਰਕੇ ਦਾਣੇ ਦਾ ਨੁਕਸਾਨ ਜ਼ਿਆਦਾ ਹੋਣ ਦਾ ਵੀ ਖ਼ਤਰਾ ਰਹਿੰਦਾ ਹੈ। ਕਣਕ ਅਤੇ ਚੌਲਾਂ ਦੀਆਂ ਮਧਰੀਆਂ ਅਤੇ ਅਰਧ-ਮਧਰੀਆਂ ਕਿਸਮਾਂ ਦੇ ਆਕਾਰ ਕਰਕੇ ਤਣੇ ਦੇ ਟੁੱਟਣ ਜਾਂ ਪੁੱਟੇ ਜਾਣ ਦਾ ਖ਼ਤਰਾ ਘਟ ਜਾਂਦਾ ਹੈ, ਜੋ ਦਾਣਿਆਂ ਨੂੰ ਉਪਰਲੇ ਸਿਰੇ 'ਤੇ ਰੱਖਦਾ ਹੈ। ਨਾਲ ਹੀ, ਚੌਲਾਂ ਦੀ ਫ਼ਸਲ ਵਾਸਤੇ ਨਮੀ ਵਾਲੀ ਅਤੇ ਭੁਰਭੁਰੀ ਮਿੱਟੀ ਕਰਕੇ 'ਜੜ੍ਹ ਤੋਂ ਟੁੱਟਣ' ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ ਜਿਥੇ ਪੌਦੇ ਜੜ੍ਹ ਵਿਚ ਹੀ ਮਰ ਜਾਂਦੇ ਹਨ, ਖ਼ਾਸ ਕਰਕੇ ਝੋਨੇ ਦੇ ਖੇਤਾਂ ਵਿਚ। ਇਸ ਕਰਕੇ ਇਹ ਮਹਿਸੂਸ ਕੀਤਾ ਗਿਆ ਕਿ ਚੌਲ ਅਤੇ ਕਣਕ ਦੀਆਂ ਅਰਧ-ਮਧਰੀਆਂ ਕਿਸਮਾਂ – ਜੋ ਉਸ ਸਮੇਂ ਜਾਪਾਨ ਅਤੇ ਚੀਨ ਵਿਚ ਪ੍ਰਚੱਲਿਤ ਸਨ (ਡੇਲਰਿੰਪਲ, 1974 ਅਤੇ 1979) ਅਗੇਰੀ ਖੋਜ ਅਤੇ ਵਿਕਾਸ ਲਈ ਬਿਲਕੁਲ ਢੁਕਵੀਂ ਚੋਣ ਸਨ।

## ਅਰਧ-ਮਧਰੀਆਂ ਕਿਸਮਾਂ ਅਤੇ ਐੱਚ ਵਾਈ ਵੀਜ਼

ਦੂਜੀ ਵਿਸ਼ਵ ਜੰਗ ਤੋਂ ਬਾਅਦ, ਜਾਪਾਨ ਦੀ ਕਣਕ ਦੀ ਇਕ ਅਰਧ-ਮਧਰੀ ਕਿਸਮ (ਨੌਰਿਨ 10) ਇਕ ਵਿਗਿਆਨਕ ਦੁਆਰਾ ਅਮਰੀਕਾ ਦੇ ਖੇਤੀਬਾੜੀ ਵਿਭਾਗ ਵਿਚ ਲਿਜਾਈ ਗਈ ਅਤੇ ਉਸ ਦਾ ਇਕ ਦੂਜੀ ਕਣਕ ਦੀ ਕਿਸਮ (ਬਰੇਵਰ) ਨਾਲ ਅੰਤਰ ਮਿਲਾਪ ਕੀਤਾ ਗਿਆ। ਇਸ ਨੂੰ ਬਾਅਦ ਵਿਚ ਮੈਕਸੀਕੋ ਭੇਜਿਆ ਗਿਆ ਜਿਥੇ ਡਾ. ਨਾਰਮਨ ਬਰਲਾਗ ਨੇ ਸੀ ਆਈ ਐੱਮ ਐੱਮ ਵਾਈ ਟੀ ਵਿਚ ਇਸ ਦਾ ਦੂਜੀਆਂ ਕਿਸਮਾਂ ਨਾਲ ਹੋਰ ਅੰਤਰ ਮਿਲਾਪ ਕੀਤਾ (ਡੇਲਰਿੰਪਲ, 1974 ਅਤੇ 1979)।

1950 ਦੇ ਸ਼ੁਰੂ ਵਿਚ ਹੀ, ਜਾਪਾਨ ਦੀ ਚੌਲਾਂ ਦੀ ਮਧਰੀ ਕਿਸਮ (ਜਾਪੋਨਿਕਾ) ਦਾ ਸਥਾਨਕ ਕਿਸਮ (ਇੰਡਿਕਾ) ਨਾਲ ਕੇਂਦਰੀ ਚੌਲ ਖੋਜ ਸੰਸਥਾਨ (ਸੀ ਆਰ ਆਰ ਆਈ) ਕੱਟਕ, ਓਡੀਸ਼ਾ ਵਿਖੇ ਅੰਤਰ ਮਿਲਾਪ ਕੀਤਾ ਗਿਆ, ਪਰ ਸੀਮਤ ਸਫਲਤਾ ਹੀ ਹੱਥ ਲੱਗੀ। ਇਸੇ ਤਰ੍ਹਾਂ ਹੀ, 1961 ਵਿਚ, ਉੱਚ ਝਾੜ, ਡਿੱਗਣ ਤੋਂ ਬਚਣ ਵਾਲੀਆਂ ਅਰਧ-ਮਧਰੀ, ਬੀਮਾਰੀ ਰੋਧਕ ਚੌਲਾਂ ਦੀਆਂ ਕਿਸਮਾਂ ਵਿਕਸਤ ਕਰਨ ਲਈ ਇਕ ਯੋਜਨਾ ਦੀ ਸ਼ੁਰੂਆਤ ਅੰਤਰਰਾਸ਼ਟਰੀ ਚੌਲ ਖੋਜ ਸੰਸਥਾਨ (ਆਈ ਆਰ ਆਰ ਆਈ) ਫਿਲੀਪੀਨਜ਼ ਵਿਚ ਕੀਤੀ ਗਈ ਜੋ ਵੱਖ-ਵੱਖ ਵਾਤਾਵਰਣਕ ਹਾਲਤਾਂ ਲਈ ਢੁਕਵੀਆਂ ਹੋਣ। ਨਵੰਬਰ 1966 ਵਿਚ ਚੌਲਾਂ ਦੀ ਆਈ ਆਰ 8 ਨਾਮਕ ਕਿਸਮ ਜਾਰੀ ਕੀਤੀ ਗਈ ਜਿਸ ਵਿਚ ਇੱਛਤ ਤਕਨੀਕੀ ਵਿਸ਼ੇਸ਼ਤਾਵਾਂ ਸਨ। ਸਹੀ ਅਰਥਾਂ ਵਿਚ, ਕਣਕ ਅਤੇ ਚੌਲਾਂ ਦੀਆਂ ਐੱਚ ਵਾਈ ਵੀ ਕਿਸਮਾਂ ਦੀ ਅਚਨਚੇਤੀ ਉਪਲਬਧਤਾ ਭਾਰਤ ਵਿਚ ਹਰੇ ਇਨਕਲਾਬ ਦਾ ਸਭ ਤੋਂ ਅਹਿਮ ਅਗਾਊਂ ਸੂਚਕ ਸੀ। ਪਰ, ਸਥਿਰਤਾ ਇਕ ਗੰਭੀਰ ਮੁੱਦਾ ਬਣਿਆ ਰਿਹਾ। ਕੀ ਭਾਰਤੀ ਵਾਤਾਵਰਣਿਕ ਢਾਂਚੇ ਅੰਦਰ ਇਹ ਕਿਸਮਾਂ ਅਨੁਕੂਲ ਸਾਬਤ ਹੋਣਗੀਆਂ? ਜੇ ਅੰਤਰਰਾਸ਼ਟਰੀ ਸਹਿਯੋਗ ਨਾ ਹੁੰਦਾ, ਤਾਂ ਢੁਕਵਾਂਪਨ ਸਥਾਪਤ ਕਰਨ ਲਈ ਭਾਰਤ ਐਚ ਵਾਈ ਵੀ ਬੀਜ ਪ੍ਰਾਪਤ ਕਰਨ ਵਿਚ ਸਫਲ ਨਾ ਹੁੰਦਾ।

## ਭਾਰਤੀ ਵਾਤਾਵਰਣਿਕ ਹਾਲਾਤ ਲਈ ਐੱਚ ਵਾਈ ਵੀਜ਼ : ਸੰਖੇਪ ਇਤਿਹਾਸ

1961 ਵਿਚ ਭਾਰਤ ਸਰਕਾਰ ਨੇ ਡਾ. ਐੱਮ ਐੱਸ ਸਵਾਮੀਨਾਥਨ ਦੀ ਸਲਾਹ 'ਤੇ ਐੱਚ ਵਾਈ ਵੀਜ਼ ਦੀ ਕਣਕ ਦੀਆਂ ਕਿਸਮਾਂ ਦੀ ਭਾਰਤੀ ਵਾਤਾਵਰਣਿਕ ਹਾਲਾਤ ਵਿਚ ਢੁਕਵਾਂ ਹੋਣ ਬਾਰੇ ਵਿਚਾਰ-ਵਟਾਂਦਰਾ ਅਤੇ ਮੈਦਾਨੀ ਤਜਰਬੇ ਕਰਨ ਲਈ ਨਾਰਮਨ ਬਰਲਾਗ ਨੂੰ ਭਾਰਤ ਆਉਣ ਦਾ ਸੱਦਾ ਦਿਤਾ। ਮਾਰਚ 1963 ਵਿਚ ਭਾਰਤ ਆਉਂਦਿਆਂ ਡਾ. ਬਰਲਾਗ ਨੂੰ ਦੋ ਸਾਲ ਲੱਗ ਗਏ। ਸਵਾਮੀਨਾਥਨ, ਬਰਲਾਗ ਅਤੇ ਕੁੱਝ ਹੋਰ ਪ੍ਰਸਿੱਧ ਵਿਗਿਆਨਕਾਂ ਨੇ ਭਾਰਤੀ ਕਣਕ ਪੱਟੀ ਦਾ ਸਫ਼ਰ ਕੀਤਾ ਤਾਂ ਜੋ ਫ਼ਸਲ ਪੈਦਾ ਕਰਨ ਵਾਲੇ ਹਾਲਾਤ ਦਾ ਮੁੱਲੰਕਣ ਕੀਤਾ ਜਾ ਸਕੇ। ਸਿੱਟੇ ਵਜੋਂ, ਬਰਲਾਗ ਮੈਕਸੀਕਨ ਮਧਰੀ ਕਣਕ ਦੀਆਂ ਮਧਰੀਆਂ ਕਿਸਮਾਂ – (ਸੋਨੋਰਾ 63, ਸੋਨੋਰਾ 64, ਮੇਓ 64 ਅਤੇ ਲੇਰਮਾ ਰੋਜੋ 64-ਏ) ਭਾਰਤ ਭੇਜਣ ਲਈ ਸਹਿਮਤ ਹੋ ਗਏ, ਜਿਸ ਦੇ ਪਾਕਿਸਤਾਨ ਵਿਚ ਚੰਗੇ ਨਤੀਜੇ ਪ੍ਰਾਪਤ ਹੋਏ ਸਨ (ਸਵਾਮੀਨਾਥਨ, 2013)। ਛੇਤੀ ਹੀ, ਰਾਕਫੈਲਰ ਫਾਊਂਡੇਸ਼ਨ ਦੀ ਵਿਤੀ ਸਹਾਇਤਾ ਅਤੇ ਮੈਕਸੀਕੋ ਦੇ ਖੇਤੀਬਾੜੀ ਮੰਤਰਾਲਾ ਦੀ ਖੇਤੀ ਖੋਜ ਸਹਾਇਤਾ ਸਦਕਾ, ਭਾਰਤ ਦੇ ਵਿਗਿਆਨਕਾਂ ਨੇ ਵੱਡੇ ਪੱਧਰ 'ਤੇ ਕਣਕ ਦੀਆਂ ਪੰਜ ਮਧਰੀਆਂ ਕਿਸਮਾਂ – ਲੇਰਮਾ ਰੋਜੋ 64-ਏ, ਸੋਨੋਰਾ 63, ਸੋਨੋਰਾ 64, ਮੇਓ 64 ਅਤੇ ਐੱਸ-227 ਅਤੇ 200 ਦੀ ਪਰਖ ਸ਼ੁਰੂ ਕਰ ਦਿਤੀ। ਨਾਲ ਹੀ ਭਾਰਤੀ ਵਾਤਾਵਰਨ ਹਾਲਾਤ ਦੇ ਅਨੁਕੂਲ ਕੁਝ ਦੂਸਰੀਆਂ ਕਣਕ ਦੀਆਂ ਮਧਰੀਆਂ ਕਿਸਮਾਂ ਦੀ ਖੋਜ ਵੀ ਆਰੰਭ ਕੀਤੀ ਗਈ। 1964 ਤਕ ਇਹ ਸਪੱਸ਼ਟ ਹੋ ਚੁੱਕਾ ਸੀ ਕਿ ਲੇਰਮੇ ਰੋਜੋ 64-ਏ, ਸੋਨੋਰਾ 64 ਅਤੇ ਪੀ ਵੀ-18 ਕਿਸਮਾਂ ਦੇ ਭਾਰਤ ਵਿਚ ਉੱਚ ਝਾੜ ਦੀਆਂ ਵੱਡੀਆਂ ਸੰਭਾਵਨਾਵਾਂ ਹਨ।

## ਭਾਰਤ 'ਚ ਐੱਚ ਵਾਈ ਵੀ ਕਿਸਮਾਂ ਦੀ ਖੇਤੀ ਲਈ ਪਰਖ ਤੇ ਕਲੇਸ਼ : ਕੁਝ ਰਾਜਨੀਤੀ

ਯੋਜਨਾ ਆਯੋਗ ਦੇ ਮੈਂਬਰਾਂ ਦੇ ਜ਼ੋਰਦਾਰ ਵਿਰੋਧ ਦੇ ਬਾਵਜੂਦ, ਅੰਨ ਅਤੇ ਖੇਤੀਬਾੜੀ ਮੰਤਰੀ ਸੀ. ਸੁਬਰਾਮਨੀਅਮ ਨੇ ਪ੍ਰਧਾਨ ਮੰਤਰੀ ਦੇ ਸਮਰਥਨ ਨਾਲ 1966 ਵਿਚ ਲੇਰਮਾ ਰੋਜੋ 64-ਏ ਅਤੇ ਸੋਨੋਰੋ-64 ਕਿਸਮਾਂ ਦਾ ਲਗਭਗ 18000 ਟਨ ਬੀਜ ਆਯਾਤ ਕਰਨ ਦਾ ਫ਼ੈਸਲਾ ਕੀਤਾ ਤਾਂ ਕਿ ਇਸ ਨੂੰ ਭਾਰਤ ਦੇ 4 ਲੱਖ ਹੈਕਟੇਅਰ ਰਕਬੇ ਵਿਚ ਬੀਜਿਆ ਜਾ ਸਕੇ। ਕਣਕ ਉਤਪਾਦਨ ਵਿਚ ਇਕ ਸਾਲ ਦੇ ਅੰਦਰ ਭਾਰੀ ਵਾਧਾ ਹੋਇਆ – 1966-67 ਦੇ 11.3 ਮਿਲੀਅਨ ਟਨ ਦੇ ਮੁਕਾਬਲੇ 1967-68 ਵਿਚ 16.5 ਮਿਲੀਅਨ ਟਨ ਹੋ ਗਿਆ। ਪਰ, ਖਪਤਕਾਰ ਅਤੇ ਕਿਸਾਨ ਸਭਿਆਚਾਰਕ ਮਜਬੂਰੀਆਂ ਵਿਚ ਫਸੇ ਸਨ। ਉਹ ਇਸ ਨਵੀਂ 'ਲਾਲ' ਕਣਕ ਦੇ ਮੁਕਾਬਲੇ ਕਣਕ ਦੀ ਰਵਾਇਤੀ ਕਿਸਮ ਨੂੰ

ਤਰਜੀਹ ਦਿੰਦੇ ਸਨ। ਰਵਾਇਤੀ ਕਣਕ ਤੋਂ ਚਿੱਟੇ ਫੁਲਕੇ ਪੱਕਦੇ ਸਨ ਜਿਸ ਦਾ ਜਾਣਿਆ-ਪਛਾਣਿਆ ਸ਼ਬਦ ਸੀ ਅਤੇ ਜਿਸ ਨੂੰ ਘਰੇਲੂ ਭੰਡਾਰਨ ਹਾਲਾਤ ਵਿਚ ਸੰਭਾਲਿਆ ਜਾ ਸਕਦਾ ਸੀ (ਸਵਾਮੀਨਾਥਨ, 1989)। ਇਸੇ ਤਰ੍ਹਾਂ ਹੀ, ਐੱਚ ਵਾਈ ਵੀ ਕਿਸਮਾਂ ਦੇ ਚੌਲਾਂ ਦਾ ਸੁਆਦ ਵੀ ਭਾਰਤੀ ਖਪਤਕਾਰਾਂ ਦੇ ਮਨਭਾਉਂਦਾ ਨਹੀਂ ਸੀ।

## ਜਨਤਕ ਨੀਤੀ ਦਖ਼ਲ

1960ਵਿਆਂ ਦੇ ਅੱਧ ਵਿਚ ਭਾਰਤ ਐੱਚ ਆਈ ਵੀਜ਼ ਦਾ ਪੂਰਾ ਫ਼ਾਇਦਾ ਚੁੱਕਣ ਦੀ ਹਾਲਤ ਵਿਚ ਨਹੀਂ ਸੀ। ਪਹਿਲਾ, ਬਿਜਾਈ ਮੌਨਸੂਨ 'ਤੇ ਹੱਦੋਂ ਵੱਧ ਨਿਰਭਰ ਸੀ। 1960-61 ਅਤੇ 1964-65 ਵਿਚ ਸਿੰਜਾਈ ਹੇਠ ਕੁੱਲ ਰਕਬੇ ਦੀ ਪ੍ਰਤਿਸ਼ਤਤਾ ਕ੍ਰਮਵਾਰ 18.3 ਅਤੇ 19.3 ਸੀ (ਡੀ ਈ ਐੱਸ, 2012)। ਦੂਜਾ, ਘਰੇਲੂ ਪੱਧਰ 'ਤੇ ਖਾਦਾਂ ਉਤਪਾਦਨ ਕਰਨ ਦੀ ਸਮਰੱਥਾ ਜਾਂ ਵੱਡੇ ਪੱਧਰ 'ਤੇ ਇਨ੍ਹਾਂ ਦੀ ਉਪਲਬਧਤਾ ਲਈ ਆਯਾਤ ਕਰਨ ਦੀ ਸਮਰਥਾ ਵੀ ਸੀਮਤ ਸੀ। ਫਿਰ ਵੀ ਨੀਤੀ ਨਿਰਮਾਤਾ ਜਾਣਦੇ ਸਨ ਕਿ ਐੱਚ ਵਾਈ ਵੀ ਕਿਸਮਾਂ ਰਸਾਇਣਕ ਖਾਦਾਂ ਅਤੇ ਨਿਯਮਤ ਸਿੰਜਾਈ ਨੂੰ ਜ਼ਬਰਦਸਤ ਹੁੰਗਾਰਾ ਦੇਣ ਵਾਲੀਆਂ ਹਨ, ਇਨ੍ਹਾਂ ਦੇ ਇਸਤੇਮਾਲ ਨਾਲ ਉਤਪਾਦਨ ਵਿਚ ਚੋਖਾ ਵਾਧਾ ਹੋ ਸਕਦਾ ਹੈ। ਇਸ ਕਰਕੇ ਸਿੰਜਾਈ ਸਮਰਥਾ, ਖਾਦਾਂ ਦੇ ਉਤਪਾਦਨ ਅਤੇ ਆਯਾਤ ਵਿਚ ਵਿਆਪਕ ਸੁਧਾਰ ਹਾਸਲ ਕਰਨ ਲਈ ਜਨਤਕ ਨੀਤੀ ਦਖ਼ਲ ਬੇਹੱਦ ਜ਼ਰੂਰੀ ਹੋ ਗਏ।

ਅਜਿਹੀ ਮਿਥੀ ਹੋਈ ਨੀਤੀ ਦੇ ਲਾਗੂ ਕਰਨ ਲਈ ਬਹੁ-ਪੱਧਰ 'ਤੇ ਦਖ਼ਲ ਜ਼ਰੂਰੀ ਹੋ ਗਏ। ਸਭ ਤੋਂ ਪ੍ਰਮੁੱਖ, ਇਹ ਵੇਖਦਿਆਂ ਕਿ ਭਾਰਤੀ ਖੇਤੀ ਵਿਆਪਕ ਪੱਧਰ 'ਤੇ ਇਕ ਨਿੱਜੀ ਉੱਦਮ ਹੈ ਜਿਸ ਵਿਚ ਕਰੋੜਾਂ ਕਿਸਾਨ ਪਰਿਵਾਰ ਲੱਗੇ ਹੋਏ ਹਨ, ਜਿਨ੍ਹਾਂ ਵਿਚੋਂ ਬਹੁਤਿਆਂ ਕੋਲ ਇਕ ਹੈਕਟੇਅਰ ਤੋਂ ਘੱਟ ਵਾਹੀਯੋਗ ਜ਼ਮੀਨ ਹੈ, ਇਹ ਜ਼ਰੂਰੀ ਹੋ ਗਿਆ ਕਿ ਐੱਚ ਵਾਈ ਵੀਜ਼ ਨੂੰ ਅਪਣਾਉਣ ਲਈ ਕਿਸਮਾਂ ਨੂੰ ਉੱਚਿਤ ਪ੍ਰੋਤਸਾਹਨ ਦਿਤੇ ਜਾਣ। ਦੂਜਾ, ਦਿਤੇ ਜਾਣ ਵਾਲੇ ਪ੍ਰੋਤਸਾਹਨਾਂ ਦੀ ਕਿਸਮ ਲਾਗਤ 'ਤੇ ਨਿਰਭਰ ਸੀ ਜਿਸ ਵਿਚ ਵਾਧਾ ਕਰਨ ਦੀ ਲੋੜ ਸੀ। ਤੀਜਾ, ਲਾਗਤ ਵੇਲੇ ਸਿਰ ਅਤੇ ਢੁਕਵੀਂ ਉਪਲਬਧਤਾ ਲਈ, ਢੁਕਵਾਂ ਸੰਸਥਾਗਤ ਤੰਤਰ ਬਣਾਇਆ ਜਾਣਾ ਜ਼ਰੂਰੀ ਸੀ। ਐੱਚ ਵਾਈ ਵੀਜ਼ ਦੀਆਂ ਵਿਸ਼ੇਸ਼ਤਾਈਆਂ ਨੇ ਇਨ੍ਹਾਂ ਤਿੰਨਾਂ ਕਾਰਕਾਂ ਨੂੰ ਪ੍ਰਭਾਵਿਤ ਕੀਤਾ।

ਜਿਵੇਂ ਕਿ ਸਵਾਮੀਨਾਥਨ (2013) ਬਿਆਨ ਕਰਦੇ ਹਨ, ''ਹਰਾ ਇਨਕਲਾਬ ਤਕਨਾਲੋਜੀ, ਜਨਤਕ ਨੀਤੀ ਅਤੇ ਕਿਸਾਨ ਦੇ ਉਤਸ਼ਾਹ ਦੇ ਸੁਮੇਲ ਸਦਕਾ ਹੀ ਸੰਭਵ ਹੋ ਸਕਿਆ।" ਉਸ ਸਮੇਂ ਲਾਗੂ ਕੀਤੀਆਂ ਨੀਤੀਆਂ ਦਾ ਉਦੇਸ਼ ਕਿਸਾਨਾਂ ਦੁਆਰਾ ਵੱਡੇ ਪੱਧਰ 'ਤੇ ਐੱਚ ਵਾਈ ਵੀਜ਼ ਨੂੰ ਅਪਣਾਉਣਾ ਸੀ। ਇਸ ਵਿਚ ਜਨਤਕ ਸਿੰਜਾਈ ਸਹੂਲਤਾਂ ਦਾ ਵਿਸਥਾਰ, ਵਧੇ ਹੋਏ ਖਾਦ ਅਤੇ ਕੀਟ ਨਾਸ਼ਕਾਂ ਦੇ ਇਸਤੇਮਾਲ ਲਈ ਰਿਆਇਤਾਂ, ਪੇਂਡੂ ਬਿਜਲੀਕਰਨ, ਖੇਤੀਬਾੜੀ ਲਈ ਵਰਤੀ ਜਾਂਦੀ ਬਿਜਲੀ ਅਤੇ ਡੀਜ਼ਲ 'ਤੇ ਰਿਆਇਤ, ਖੇਤੀ ਖੇਤਰ ਲਈ ਵਧੇਰੇ ਕਰਜ਼ੇ ਦੀ ਸਹੂਲਤ, ਖੇਤੀਬਾੜੀ ਕੀਮਤ ਨੀਤੀ ਅਤੇ ਪੇਂਡੂ ਢਾਂਚਾਗਤ ਵਿਕਾਸ ਲਈ ਵਧੇਰੇ ਜਨਤਕ ਨਿਵੇਸ਼ ਆਦਿ ਸ਼ਾਮਿਲ ਸਨ।

ਰਸਾਇਣਕ ਖਾਦਾਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਨੀਤੀ ਨਿਰਮਾਤਾਵਾਂ ਨੇ ਉਤਪਾਦਕ ਸਬਸਿਡੀ ਸਕੀਮਾਂ, ਵਧੀ ਹੋਈ ਮੰਗ ਅਤੇ ਖਾਦਾਂ ਦੇ ਵਧੇ ਹੋਏ ਆਯਾਤ ਸਦਕਾ ਖਾਦਾਂ ਦੇ ਘਰੇਲੂ ਉਤਪਾਦਨ ਨੂੰ ਪ੍ਰੋਤਸਾਹਨ ਦੇਣੇ ਸ਼ੁਰੂ ਕੀਤੇ। ਹੋਰ, ਖੇਤੀ ਕਰਜ਼ਾ ਆਸਾਨੀ ਨਾਲ ਉਪਲਬਧ ਹੋਣਾ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਵਲੋਂ ਬਿਜਲੀ ਅਤੇ ਡੀਜ਼ਲ 'ਤੇ ਰਿਆਇਤਾਂ ਦਿਤੀਆਂ ਗਈਆਂ ਤਾਂ ਕਿ ਨਿਯਮਿਤ ਸਿੰਜਾਈ ਲਈ ਕਿਸਾਨ ਧਰਤੀ ਹੇਠਲਾ ਪਾਣੀ ਕੱਢ ਸਕਣ। ਛੇਤੀ ਹੀ ਕਿਸਾਨਾਂ ਦੀ ਮੌਨਸੂਨ 'ਤੇ ਨਿਰਭਰਤਾ ਘਟਾਉਣ ਅਤੇ ਐੱਚ ਵਾਈ ਵੀ ਬਿਜਾਈ ਲਈ ਨਿਯਮਿਤ ਸਿੰਜਾਈ ਵਧਾਉਣ ਲਈ ਕਾਫ਼ੀ ਪ੍ਰੋਤਸਾਹਨ ਦਿਤੇ ਗਏ।

ਉਪਰ ਵਰਣਿਤ ਲਾਗਤ ਪੱਖ ਦੇ ਨੀਤੀ ਦਖ਼ਲ ਮੁੱਖ ਤੌਰ ਤੇ ਇਹ ਯਕੀਨੀ ਬਣਾਉਣ ਲਈ ਕੀਤੇ ਗਏ ਕਿ ਸਿਧਾਂਤਕ ਤੌਰ ਤੇ ਕਿਸਾਨ ਸਾਰੀਆਂ ਲੋੜੀਂਦੀਆਂ ਲਾਗਤਾਂ ਵਾਜਬ ਕੀਮਤ 'ਤੇ ਹਾਸਲ ਕਰ ਸਕੇ। ਪਰ, ਕਿਸਾਨਾਂ ਲਈ ਬਿਜਾਈ ਤੇ ਲਾਭ ਦੀ ਦਰ ਉਤਪਾਦਨ ਕੀਮਤਾਂ 'ਤੇ ਵੀ ਨਿਰਭਰ ਕਰਦੀ ਸੀ। ਇਸ ਕਰਕੇ, ਨੀਤੀ ਨਿਰਮਾਤਾਵਾਂ ਨੇ ਉਨ੍ਹਾਂ ਨੂੰ ਬਿਜਲੀ ਵੇਲੇ ਕਿਸਾਨ ਦੀਆਂ ਫ਼ਸਲਾਂ ਲਈ ਕੀਮਤਾਂ ਦਾ ਨਿਰਧਾਰਨ ਕਰਨ ਦਾ ਭਰੋਸਾ ਦਿਤਾ। ਜਦ ਕਿ ਸਿੰਜਾਈ ਖਾਦਾਂ ਅਤੇ ਦੂਜੇ ਉਦਯੋਗਾਂ ਵਿਚ ਜਨਤਕ ਨਿਵੇਸ਼ ਉਤਪਾਦਨ ਵਧਾਉਣ ਵਿਚ ਭਾਗੀਦਾਰ ਬਣਿਆ, ਭਾਵੇਂ ਇਹ ਦਖ਼ਲ ਇਕ ਸਮਾਜਿਕ ਲਾਗਤੀ ਲਾਭ ਦੇ ਪੱਖੋਂ ਯੋਗ ਸਾਬਤ ਹੋਏ ਜਾਂ ਨਹੀਂ, ਇਹ ਯਕੀਨੀ ਬਣਾਉਣਾ ਜ਼ਰੂਰੀ ਸੀ ਕਿਉਂਕਿ ਇਨ੍ਹਾਂ ਨਾਲ ਬਹੁਤ ਸਾਰੇ ਅਦ੍ਰਿਸ਼ ਅਤੇ ਅਣਇੱਛਤ ਨਾਂਹ-ਪੱਖੀ ਵਿੱਤੀ ਅਤੇ ਵਾਤਾਵਰਣਿਕ ਵਿਗਾੜ ਵੀ ਪੈਦਾ ਹੁੰਦੇ ਹਨ।

## ਐੱਚ ਵਾਈ ਵੀ ਯੋਜਨਾ

1966-67 ਵਿਚ ਅਪਣਾਏ ਗਏ ਖੇਤੀਬਾੜੀ ਵਿਕਾਸ ਦੀ ਨਵੀਂ ਰਣਨੀਤੀ ਦਾ ਇਕ ਪ੍ਰਮੁੱਖ ਅੰਗ (ਯੋਜਨਾ ਆਯੋਗ, 1971) ਐੱਚ ਵਾਈ ਵੀ ਯੋਜਨਾ ਸੀ (ਐੱਚ ਵਾਈ ਵੀ ਪੀ)। ਕਿਉਂਕਿ ਐੱਚ ਵਾਈ ਵੀ ਦੀ ਖੇਤੀ ਲਈ ਪਾਣੀ ਅਤੇ ਖਾਦਾਂ ਦੀ ਵੱਧ ਜ਼ਰੂਰਤ ਪੈਂਦੀ ਸੀ, ਅਜਿਹੀ ਖੇਤੀ ਲਈ ਇਲਾਕੇ ਦੀ ਚੋਣ ਐੱਚ ਵਾਈ ਵੀ ਪੀ ਦੀ ਸਫਲਤਾ ਲਈ ਇਕ ਅਹਿਮ ਖੇਤੀ ਲਈ ਇਲਾਕੇ ਦੀ ਚੋਣ ਐੱਚ ਵਾਈ ਵੀ ਪੀ ਦੀ ਸਫਲਤਾ ਲਈ ਇਕ ਅਹਿਮ ਮੁੱਦਾ ਸੀ। 1965 ਦੇ ਅਖੀਰ ਵਿਚ ਕੇਂਦਰ ਸਰਕਾਰ ਵਲੋਂ ਕਰਵਾਈ ਇਕ ਕਾਨਫਰੰਸ ਵਿਚ ਸਿਫ਼ਾਰਸ਼ਾਂ ਕੀਤੀਆਂ ਗਈਆਂ ਕਿ ਸ਼ੁਰੂਆਤੀ ਸਾਲਾਂ ਵਿਚ :

- ਚੁਣੇ ਜਾਣ ਵਾਲੇ ਖੇਤਰਾਂ ਵਿਚ ਪਹਿਲਾਂ ਤੋਂ ਹੀ ਜ਼ਰੂਰੀ ਸੰਗਠਨ ਅਤੇ ਸਹੂਲਤਾਂ ਮੌਜੂਦ ਹੋਣ। ਇਸ ਕਰਕੇ, ਕੁਦਰਤੀ ਚੋਣ ਉਹ ਜ਼ਿਲ੍ਹੇ ਸਨ ਜੋ ਵਿਆਪਕ ਖੇਤੀ ਵਿਕਾਸ ਯੋਜਨਾ (ਆਈ ਏ ਡੀ ਪੀ) ਅਤੇ ਵਿਆਪਕ ਖੇਤੀ ਖੇਤਰ ਯੋਜਨਾ (ਆਈ ਏ ਏ ਪੀ) ਅਧੀਨ ਆਉਂਦੇ ਸਨ।

- ਚੁਣੇ ਗਏ ਖੇਤਰ ਦਾ 80 ਪ੍ਰਤਿਸ਼ਤ ਖੇਤਰ ਸਿੰਜਾਈ ਅਧੀਨ ਹੋਣਾ ਚਾਹੀਦਾ ਹੈ ਅਤੇ ਇਸ ਦਾ ਵੱਡਾ ਭਾਗ ਸੂਖਮ ਸਿੰਜਾਈ ਅਧੀਨ ਹੋਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਪਾਣੀ ਦੀ ਪੂਰਤੀ 'ਤੇ ਅੰਕੁਸ਼ ਰੱਖਣ ਵਿਚ ਮਦਦ ਮਿਲਦੀ ਹੈ।

- ਜਿਹੜੇ ਖੇਤਰ ਆਈ ਏ ਡੀ ਪੀ ਅਧੀਨ ਨਹੀਂ ਹਨ, ਨੂੰ ਅਜਿਹੀ ਖੇਤੀ ਲਈ ਚੁਣਿਆ ਜਾ ਸਕਦਾ ਹੈ, ਬਸ਼ਰਤੇ ਕਿ ਇਕ ਵੱਡਾ ਭਾਗ ਪਹਿਲਾਂ ਹੀ ਸਿੰਜਾਈ ਹੇਠ ਹੋਵੇ ਅਤੇ ਇਸ ਵਿਚ ਕਣਕ ਉਗਾਈ ਜਾਂਦੀ ਹੋਵੇ। 1966 ਵਿਚ ਮੁੱਖ ਮੰਤਰੀਆਂ ਦੀ ਕੁੱਲ ਹਿੰਦ ਮੁਲਾਕਾਤ ਵਿਚ ਉਪਰ ਦਿਤੇ ਮਾਪਦੰਡਾਂ ਨੂੰ ਐੱਚ ਵਾਈ ਪੀ ਪ੍ਰੋਗਰਾਮ ਅਧੀਨ ਚੋਣ ਕਰਨ ਲਈ ਵਰਤਿਆ ਗਿਆ।

## ਸੰਸਥਾਗਤ ਸਹਾਇਤਾ

ਨਵੀਂ ਤਕਨਾਲੋਜੀ ਦੀ ਜਟਿਲਤਾ ਅਤੇ ਭਾਰਤੀ ਖੇਤੀ ਦੇ ਸੰਦਰਭ ਵਿਚ ਇਸ ਦੀ ਸੰਭਾਵਨਾ ਅਤੇ ਵਿਸਥਾਰ, ਵਿਆਪਕ ਸੰਸਥਾਗਤ ਸਹਾਇਤਾ ਦੀ ਮੰਗ ਕਰਦਾ ਸੀ। ਸਰਕਾਰ ਵਲੋਂ 'ਸੰਸਥਾਨਾਂ ਦਾ ਇਕ ਸਮੂਹ' ਗਠਿਤ ਕੀਤਾ ਗਿਆ (ਵਿਆਸ, 1975) ਜਿਸ ਵਿਚ ਰਾਸ਼ਟਰੀ ਬੀਜ ਨਿਗਮ ਸ਼ਾਮਿਲ ਸੀ ਤਾਂ ਕਿ ਮੰਡਲ ਪੱਧਰ 'ਤੇ ਹਰਿਆਲੇ ਖੇਤਰਾਂ ਵਿਚ ਐੱਚ ਵਾਈ ਵੀ ਪ੍ਰੋਗਰਾਮ ਅਧੀਨ ਕਿਸਾਨਾਂ ਨੂੰ ਨਵੇਂ ਬੀਜ ਮੁਹੱਈਆ ਕਰਵਾਏ ਜਾ ਸਕਣ।

## ਖਾਦਾਂ ਦੀ ਪੂਰਤੀ ਲਈ ਕਿਸਾਨ ਸਹਿਕਾਰੀ ਸਭਾਵਾਂ

ਸਹਿਕਾਰੀ ਸਭਾਵਾਂ ਨੂੰ ਖਾਦਾਂ ਅਤੇ ਕਿਸਾਨਾਂ ਨੂੰ ਕਰਜ਼ਾ ਆਦਿ ਮੁਹੱਈਆ ਕਰਵਾਉਣ ਦਾ ਮਹੱਤਵਪੂਰਨ ਕੰਮ ਸੌਂਪਿਆ ਗਿਆ ਸੀ। ਪਿੰਡ ਪੱਧਰ ਦੀਆਂ ਸਹਿਕਾਰੀ ਸਭਾਵਾਂ ਨੇ ਆਪਣੀਆਂ ਲੋੜਾਂ ਬਾਰੇ ਜ਼ਿਲ੍ਹਾ ਪੱਧਰੀ ਸਹਿਕਾਰੀ ਗੁਦਾਮ ਸਭਾਵਾਂ ਨੂੰ ਸੂਚਿਤ ਕਰਨਾ ਹੁੰਦਾ ਹੈ ਜੋ ਸਾਰੀਆਂ ਲੋੜਾਂ ਦਾ ਵੇਰਵਾ ਬਣਾ ਕੇ ਅੱਗੋਂ ਰਾਜ ਸਹਿਕਾਰੀ ਬਾਜ਼ਾਰੀਕਰਨ ਫੈਡਰੇਸ਼ਨ ਨੂੰ ਭੇਜਦੇ ਹਨ। ਖੇਤੀਬਾੜੀ ਵਿਭਾਗ ਦਾ ਸਕੱਤਰ ਇਹ ਯਕੀਨੀ ਬਣਾਵੇਗਾ ਕਿ ਰਾਜ ਸਹਿਕਾਰੀ ਮੰਡੀਕਰਨ ਫੈਡਰੇਸ਼ਨਾਂ ਨੂੰ ਖਾਦਾਂ ਦੀ ਉੱਚਿਤ ਪੂਰਤੀ ਹੋਵੇ ਜੋ ਅੱਗੋਂ ਜ਼ਿਲ੍ਹੇ ਤੋਂ ਹੁੰਦੀ ਹੋਈ ਪਿੰਡ ਪੱਧਰ ਦੀਆਂ ਸਹਿਕਾਰੀ ਸਭਾਵਾਂ ਨੂੰ ਭੇਜੀ ਜਾਣੀ ਹੁੰਦੀ ਹੈ। ਇਹ ਸਹਿਕਾਰੀ ਸਭਾਵਾਂ ਕਿਸਾਨਾਂ ਨੂੰ ਰਿਆਇਤੀ ਭਾਅ 'ਤੇ ਖਾਦ ਵੇਚਦੀਆਂ ਹਨ।

## ਕਰਜ਼ੇ ਦੀ ਪੂਰਤੀ

ਕਿਸਾਨਾਂ ਨੂੰ ਕਰਜ਼ੇ ਦੀ ਸੌਖੀ ਉਪਲਬਧਤਾ ਲਈ ਸਹਿਕਾਰੀ ਸਭਾਵਾਂ ਨੂੰ ਕਰਜ਼ੇ ਦਾ ਆਧਾਰ ਮਜ਼ਬੂਤ ਕਰਨ ਦੀ ਭੂਮਿਕਾ ਵੀ ਦਿਤੀ ਗਈ ਸੀ। ਕਿਸਾਨਾਂ ਨੂੰ ਕਰਜ਼ਾ ਮੁਹੱਈਆ ਕਰਾਉਣ ਲਈ ਜ਼ਿਲ੍ਹਾ ਸਹਿਕਾਰੀ ਬੈਂਕਾਂ ਨੇ ਮੋਹਰੀ ਭੂਮਿਕਾ ਨਿਭਾਈ। ਪਿੰਡ ਦੀ ਸਹਿਕਾਰੀ ਸਭਾ ਨੇ ਕਰਜ਼ੇ ਦੀ ਮੰਗ ਦਾ ਵੇਰਵਾ ਬਣਾ ਕੇ ਅੱਗੋਂ ਜ਼ਿਲ੍ਹਾ ਸਹਿਕਾਰੀ ਬੈਂਕ ਨੂੰ ਭੇਜਣਾ ਹੁੰਦਾ ਹੈ ਜੋ ਰਾਜ ਸਹਿਕਾਰੀ ਬੈਂਕ ਦੇ ਮਾਧਿਅਮ ਰਾਹੀਂ ਕਰਜ਼ੇ ਦੀ ਪ੍ਰਾਪਤੀ ਲਈ ਭਾਰਤੀ ਰਿਜ਼ਰਵ ਬੈਂਕ ਨੂੰ ਦਰਖ਼ਾਸਤ ਦਿੰਦਾ ਹੈ। ਮਨਜ਼ੂਰ ਹੋਇਆ ਕਰਜ਼ਾ ਸਹਿਕਾਰੀ ਸਭਾਵਾਂ ਰਾਹੀਂ ਕਿਸਾਨਾਂ ਨੂੰ ਵੰਡਿਆ ਜਾਂਦਾ ਹੈ।

## ਉਤਪਾਦਨ ਦਾ ਮੰਡੀਕਰਨ

ਕੇਂਦਰੀ ਸਰਕਾਰ ਦੇ ਪੱਧਰ 'ਤੇ ਅਨਾਜ ਦਾ ਸਹੀ ਮੰਡੀਕਰਨ ਭਾਰਤੀ ਖਾਦਯ ਨਿਗਮ ਰਾਹੀਂ ਕੀਤਾ ਗਿਆ। ਇਹ ਕਿਸਾਨਾਂ ਤੋਂ ਅਨਾਜ ਦੀ ਖਰੀਦ ਕਰਕੇ ਅੱਗੋਂ ਰਾਜ ਸਰਕਾਰਾਂ ਨੂੰ ਵੰਡਣ ਲਈ ਜ਼ਿੰਮੇਵਾਰ ਸੀ ਜੋ ਅੱਗੋਂ ਉੱਚਿਤ ਦਰ ਦੀਆਂ ਦੁਕਾਨਾਂ (ਪੀ ਏ ਐੱਸ) ਰਾਹੀਂ ਇਹ ਅਨਾਜ ਖਪਤਕਾਰਾਂ ਨੂੰ ਸਸਤੀ ਦਰ 'ਤੇ ਵੇਚਦੀ ਹੈ। ਖੇਤੀਬਾੜੀ ਕੀਮਤ ਆਯੋਗ (ਏ ਪੀ ਸੀ) ਕੇਂਦਰ ਸਰਕਾਰ ਨੂੰ ਸਲਾਹ ਦੇਣ ਲਈ ਸਥਾਪਿਤ ਕੀਤਾ ਗਿਆ ਸੀ ਕਿ ਭਾਰਤੀ ਖਾਦਯ ਨਿਗਮ ਕਿਸ ਕੀਮਤ 'ਤੇ ਕਿਸਾਨਾਂ ਕੋਲੋਂ ਅਨਾਜ ਦੀ ਖਰੀਦ ਕਰੇ। ਇਹ ਕੀਮਤਾਂ ਕਿਸਾਨਾਂ ਦੇ ਹਿਤਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪੂਰਤੀ ਅਤੇ ਮੰਗ ਦੇ ਅਨੁਪਾਤ ਨੂੰ ਧਿਆਨ ਵਿਚ ਰੱਖ ਕੇ ਨਿਰਧਾਰਤ ਕੀਤੀਆਂ ਜਾਂਦੀਆਂ ਹਨ।

## ਖੇਤੀਬਾੜੀ ਖੋਜ

ਵੱਖ-ਵੱਖ ਜਿਣਸਾਂ ਵਿਚ 35 ਤਾਲਮੇਲ ਖੋਜ ਪ੍ਰੋਗਰਾਮ ਸ਼ੁਰੂ ਕੀਤੇ ਗਏ ਜਿਸ ਦਾ ਮਕਸਦ ਭਾਰਤ ਵਿਚ ਐੱਚ ਵਾਈ ਵੀਜ਼ ਨਾਲ ਸੰਬੰਧਿਤ ਖੇਤੀ ਖੋਜ ਲਈ ਤਕਨਾਲੋਜੀ ਆਧਾਰ ਵਿਚ ਸੁਧਾਰ ਕਰਨਾ ਸੀ। ਵੱਖ-ਵੱਖ ਰਾਜਾਂ ਵਿਚ ਬਹੁਤ ਸਾਰੀਆਂ ਖੇਤੀਬਾੜੀ ਯੂਨੀਵਰਸਿਟੀਆਂ ਸਥਾਪਤ ਕੀਤੀਆਂ ਗਈਆਂ ਅਤੇ ਪਹਿਲਾਂ ਤੋਂ ਚਲ ਰਹੀਆਂ ਯੂਨੀਵਰਸਿਟੀਆਂ ਨੂੰ ਵਧੇਰੇ ਵਿੱਤ ਦੇ ਕੇ ਅਤੇ ਖੋਜ ਤੇ ਪਸਾਰ ਦੀਆਂ ਸਹੂਲਤਾਂ ਦੇ ਕੇ ਹੋਰ ਮਜ਼ਬੂਤ ਕੀਤਾ ਗਿਆ। ਭਾਰਤੀ ਖੇਤੀ ਖੋਜ ਸੰਸਥਾਨ (ਆਈ ਸੀ ਏ ਆਰ) ਨੂੰ ਹੋਰ ਜ਼ਿਆਦਾ ਅਧਿਕਾਰ, ਵਿੱਤ ਅਤੇ ਮਨੁੱਖੀ ਸੰਸਾਧਨ ਮੁਹੱਈਆ ਕਰਵਾਏ ਗਏ ਤਾਂ ਕਿ ਸਰਕਾਰੀ ਸੰਸਥਾਨਾਂ ਵਿਚ ਖੇਤੀ ਖੋਜ ਸਰਗਰਮੀਆਂ 'ਤੇ ਨਜ਼ਰ ਰੱਖੀ ਜਾ ਸਕੇ।" ਨਵੀਆਂ ਸਥਾਪਿਤ ਖੇਤੀ ਯੂਨੀਵਰਸਿਟੀਆਂ ਕਿਸਾਨਾਂ ਅਤੇ ਵਿਗਿਆਨਕਾਂ ਵਿਚਾਲੇ ਇਕ ਪੁਲ ਸਾਬਤ ਹੋਈਆਂ। ਨਵੀਆਂ ਕਿਸਮਾਂ ਨੂੰ ਕਿਸਾਨਾਂ ਵਲੋਂ ਖਿੜੇ ਮੱਥੇ ਸਵੀਕਾਰ ਕਰ ਲਿਆ ਗਿਆ ਜਿਨ੍ਹਾਂ ਨੇ ਟ੍ਰੈਕਟਰਾਂ ਦੁਆਰਾ ਵਾਹੀ, ਟਿਊਬਵੈੱਲ ਨਾਲ ਸਿੰਜਾਈ, ਰਸਾਇਣਿਕ ਖਾਦਾਂ ਅਤੇ ਪੌਦਿਆਂ ਦੀ ਸੁਰੱਖਿਆ ਵਾਲੇ ਰਸਾਇਣਾਂ ਨੂੰ ਅਪਣਾਇਆ ਗਿਆ। ਕਿਸਾਨਾਂ ਦੁਆਰਾ ਆਧੁਨਿਕ ਤਕਨੀਕ ਨੂੰ ਸਵੀਕਾਰ ਕਰਨ ਕਰਕੇ, ਅਨਾਜ ਦੇ ਉਤਪਾਦਨ ਵਿਚ ਬੇਮਿਸਾਲ ਵਾਧਾ ਹੋਇਆ। ਇਹ 12 ਸਾਲਾਂ ਵਿਚ ਤਿੰਨ ਗੁਣਾ ਹੋ ਗਿਆ (1965-66 ਨੂੰ ਆਧਾਰ ਮੰਨ ਕੇ। ਕਣਕ ਦੀ ਪੈਦਾਵਾਰ ਵਿਚ ਵਾਧਾ ਲਾਮਿਸਾਲ ਸੀ (ਰੰਧਾਵਾ, 1979)।

ਸਪੱਸ਼ਟ ਤੌਰ ਤੇ, ਉੱਚ ਝਾੜ ਵਾਲੀਆਂ ਕਿਸਮਾਂ ਦੇ ਪ੍ਰੋਗਰਾਮ ਅਧੀਨ ਹਰੇ ਇਨਕਲਾਬ ਦੀ ਸਫਲਤਾ ਲਈ ਸੰਸਥਾਗਤ ਬੁਨਿਆਦੀ ਸਹਾਇਕ ਢਾਂਚਾ ਸਥਾਪਤ ਹੋ ਚੁੱਕਾ ਸੀ।

## ਖਾਦਾਂ ਦੀ ਵਧੀ ਹੋਈ ਘਰੇਲੂ ਉਪਲਬਧਤਾ

ਐੱਚ ਵਾਈ ਵੀ ਪ੍ਰੋਗਰਾਮ ਦੀ ਸਫਲਤਾ ਕਿਸਾਨਾਂ ਦੀ ਵਰਤੋਂ ਲਈ ਖਾਦਾਂ ਦੀ ਵਿਆਪਕ ਅਤੇ ਸਸਤੀ ਉਪਲਬਧਤਾ 'ਤੇ ਨਿਰਭਰ ਸੀ। ਇਸ ਨੂੰ ਹਾਸਲ ਕਰਨ ਲਈ ਘਰੇਲੂ ਤੇ ਵਿਦੇਸ਼ੀ ਨਿਵੇਸ਼ ਅਤੇ ਆਯਾਤ ਰਾਹੀਂ ਘਰੇਲੂ ਉਤਪਾਦਨ ਸਮਰੱਥਾ ਵਿਚ ਨਿਵੇਸ਼ ਬੇਹੱਦ ਅਹਿਮ ਸੀ।

## ਵਿਦੇਸ਼ੀ ਨਿੱਜੀ ਨਿਵੇਸ਼

1960ਵਿਆਂ ਵਿਚ, ਜਦੋਂ ਨਿੱਜੀ ਇਕਾਈਆਂ ਦੁਆਰਾ ਬਾਹਰੀ ਨਿਵੇਸ਼ ਦਾ ਵਿਰੋਧ ਕੀਤਾ ਜਾਂਦਾ ਸੀ ਤਾਂ ਸੀ. ਸੁਬਰਾਮਨੀਅਮ ਨੇ ਭਾਰਤ ਵਿਚ ਵਿਦੇਸ਼ੀ ਨਿੱਜੀ ਨਿਵੇਸ਼ ਲਈ ਇਕ ਨਵੀਂ ਨੀਤੀ ਦਾ ਐਲਾਨ ਕੀਤਾ ਜਿਸ ਵਿਚ ਜ਼ਿਆਦਾ ਜ਼ੋਰ ਭਾਰਤੀ ਖਾਦ ਉਦਯੋਗ 'ਤੇ ਦਿਤਾ ਗਿਆ ਸੀ। ਇਸ ਸਮੇਂ, ਵਿਦੇਸ਼ੀ ਉਤਪਾਦਕ ਭਾਰਤ ਵਿਚ ਨਿਵੇਸ਼ ਦੇ ਵਾਤਾਵਰਨ ਤੋਂ ਜ਼ਿਆਦਾ ਉਤਸ਼ਾਹਿਤ ਨਹੀਂ ਸਨ, ਸਗੋਂ ਉਹ ਆਪਣਾ ਘਰੇਲੂ ਉਤਪਾਦਨ ਭਾਰਤ ਨੂੰ ਨਿਰਯਾਤ ਕਰਨ ਨੂੰ ਤਰਜੀਹ ਦਿੰਦੇ ਹਨ। ਦੂਜੇ ਪਾਸੇ, ਭਾਰਤ ਚਾਹੁੰਦਾ ਸੀ ਕਿ ਉਹ ਭਾਰਤੀਆਂ ਦੁਆਰਾ ਚਲਾਏ ਜਾ ਰਹੇ ਪਲਾਂਟਾਂ ਵਿਚ ਘਰੇਲੂ ਉਤਪਾਦਨ ਸਮਰੱਥਾ ਦਾ ਨਿਰਮਾਣ ਕਰਨ। ਭਾਰਤ ਸਰਕਾਰ ਚਾਹੁੰਦੀ ਸੀ ਕਿ ਸਟੀਲ ਪਲਾਂਟਾਂ ਨੂੰ ਡਿਜ਼ਾਈਨ ਕਰਨ ਵਿਚ ਭਾਰਤੀਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ (ਪੋਸਗੇਟ, 1974, ਖਾਦਾਂ ਬਾਰੇ ਅਤੇ ਡੀਕੋਸਟਾ, 2009, ਸਟੀਲ ਬਾਰੇ)। ਇਹ ਗੱਲ ਖਾਦ ਉਦਯੋਗ 'ਤੇ ਵੀ ਲਾਗੂ ਹੁੰਦੀ ਸੀ।

## ਘਰੇਲੂ ਉਤਪਾਦਨ ਲਈ ਆਰਥਿਕ ਪ੍ਰੋਤਸਾਹਨ

ਨਾਈਟ੍ਰੋਜਨ ਯੁਕਤ ਖਾਦਾਂ ਵਾਤਾਵਰਨ ਤੋਂ

ਨਾਈਟ੍ਰੋਜਨ ਲੈ ਕੇ ਉਸ ਨੂੰ ਹਾਈਡ੍ਰੋਜਨ ਨਾਲ ਮਿਲਾ ਕੇ ਤਿਆਰ ਕੀਤੀਆਂ ਜਾਂਦੀਆਂ ਹਨ, ਜਿਸ ਤੋਂ ਅੱਗੋਂ ਅਮੋਨੀਆ ਬਣਦਾ ਹੈ ਜਿਸ ਨੂੰ ਅੱਗੋਂ ਸਲਫਿਊਰਿਕ, ਨਾਈਟ੍ਰਿਕ ਅਤੇ ਫਾਸਫੋਰਿਕ ਆਦਿ ਤੇਜ਼ਾਬਾਂ ਨਾਲ ਮਿਲਾ ਕੇ ਅਮੋਨੀਆ ਸਲਫੇਟ, ਨਾਈਟ੍ਰੇਟ, ਫਾਸਫੇਟ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ। ਹਾਈਡ੍ਰੋਜਨ ਪੈਦਾ ਕਰਨ ਲਈ ਅਨੇਕ ਪ੍ਰਕਿਰਿਆਵਾਂ ਹਨ ਜਿਸ ਵਿਚ ਪਾਣੀ ਦਾ ਬਿਜਲਈ-ਵਿਘਟਨ ਸ਼ਾਮਿਲ ਹੈ ਜਿਸ ਵਿਚ ਬਿਜਲੀ ਅਤੇ ਵੱਖ-ਵੱਖ ਹਾਈਡ੍ਰੋਕਾਰਬਨ ਜਿਵੇਂ ਨਾਪਥਾ ਬਾਲਣ ਤੇਲ ਅਤੇ ਕੋਲੇ ਨੂੰ ਵਰਤਿਆ ਜਾਂਦਾ ਹੈ। ਇਨ੍ਹਾਂ ਨੂੰ ਫੀਡ ਸਟਾਕ ਵਜੋਂ ਜਾਣਿਆ ਜਾਂਦਾ ਹੈ। ਕੋਲੇ ਅਤੇ ਬਿਜਲੀ ਨੂੰ ਛੱਡ ਕੇ, ਜ਼ਿਆਦਾਤਰ ਫੀਡ ਸਟਾਕ ਆਯਾਤ ਕੀਤਾ ਜਾਂਦਾ ਹੈ। ਆਯਾਤ ਕੀਤੇ ਜਾਣ ਵਾਲੇ ਫੀਡ ਸਟਾਕ ਦੀ ਕੀਮਤ ਅਤੇ ਉਪਲਬਧਤਾ ਸਮੇਂ ਦੇ ਨਾਲ ਘੱਟ ਵੱਧ ਹੁੰਦੀ ਰਹਿੰਦੀ ਹੈ। ਵੱਖ-ਵੱਖ ਸਮਿਆਂ 'ਤੇ ਲਗਾਏ ਗਏ ਪਲਾਂਟ ਵੱਖ-ਵੱਖ ਫੀਡ ਸਟਾਕ ਦਾ ਸਾਮਾਨ ਵਰਤਦੇ ਸਨ ਅਤੇ ਉਨ੍ਹਾਂ ਦੀ ਪ੍ਰਤਿ ਇਕਾਈ ਉਤਪਾਦਨ ਕੀਮਤ ਵੀ ਵੱਖ-ਵੱਖ ਹੁੰਦੀ ਹੈ।

ਖਾਦਾਂ ਦੀ ਭਾਰੀ ਮੰਗ ਲਈ ਪੂਰੀ ਸਮਰੱਥਾ ਦਾ ਉਤਪਾਦਨ ਚਾਹੀਦਾ ਸੀ ਅਤੇ ਉਤਪਾਦਨ ਨੂੰ ਵਿਵਹਾਰਕ ਬਣਾਉਣ ਲਈ ਭਾਰਤ ਸਰਕਾਰ ਨੇ ਕੀਮਤ ਬਣਾਏ ਰੱਖਣ ਦੀ ਸਕੀਮ ਜਾਰੀ ਕੀਤੀ ਜਿਸ ਦੀ ਸਿਫ਼ਾਰਸ਼ ਖਾਦ ਕੀਮਤ ਕਮੇਟੀ ਵਲੋਂ 1977 ਵਿਚ ਕੀਤੀ ਗਈ ਸੀ। ਅਸਲ ਵਿਚ, ਇਹ ਹਰੇਕ ਖਾਦ ਫੈਕਟਰੀ ਦੀ ਗੇਟ ਦੀ ਕੀਮਤ ਸੀ ਜੋ ਕਰ ਦੇਣ ਉਪਰੰਤ ਕੁੱਲ ਲਾਭ 'ਤੇ 12 ਪ੍ਰਤਿਸ਼ਤ ਲਾਭ ਹਰੇਕ ਪਲਾਂਟ ਲਈ ਨਿਸ਼ਚਿਤ ਕਰਦੀ ਸੀ, ਇਸ ਸ਼ਰਤ 'ਤੇ ਕਿ ਉਤਪਾਦਨ ਪਲਾਂਟ ਨਿਪੁੰਨਤਾ ਦੇ ਰੱਖੇ ਗਏ ਸਾਰੇ ਨੇਮਾਂ ਦਾ ਪਾਲਣ ਕਰਨ। ਕਿਸਾਨਾਂ ਨੂੰ ਵੇਚੀ ਜਾਣ ਵਾਲੀਆਂ ਕੀਮਤਾਂ 'ਤੇ ਭਾਰੀ ਰਿਆਇਤਾਂ ਦਿਤੀਆਂ ਜਾਂਦੀਆਂ ਸਨ। ਸਰਕਾਰ ਦੁਆਰਾ ਉਤਪਾਦਕਾਂ ਲਈ ਨਿਰਧਾਰਤ ਕੀਮਤਾਂ ਅਤੇ ਘੱਟ ਕੀਮਤ 'ਤੇ ਵਿਕਰੀ ਦਾ ਫਰਕ ਸਰਕਾਰ ਵਲੋਂ ਪੂਰਾ ਕੀਤਾ ਜਾਂਦਾ ਸੀ। ਇਸ ਤਰ੍ਹਾਂ ਉਤਪਾਦਕ ਅਤੇ ਖਪਤਕਾਰ, ਦੋਹਾਂ ਦੇ ਹਿਤ ਸੁਰੱਖਿਅਤ ਰਹਿੰਦੇ ਸਨ। ਕੁੱਲ ਮਿਲਾ ਕੇ ਅਸਰ ਇਹ ਪਿਆ ਕਿ ਘੱਟ ਕੀਮਤ ਦੇ ਚਲਦਿਆਂ ਕਿਸਾਨਾਂ ਵਲੋਂ ਵੱਧ ਖਪਤ ਕੀਤੀ ਗਈ ਜਿਸ ਨਾਲ ਨਿਵੇਸ਼ਕਾਂ ਨੂੰ ਲਾਹੇਵੰਦ ਅਤੇ ਘਰੇਲੂ ਖਾਦ ਖੇਤਰ ਵਿਚ ਪ੍ਰੋਤਸਾਹਨ ਵਾਲਾ ਨਿਵੇਸ਼ ਪ੍ਰਾਪਤ ਹੋਏ। ਖਾਦ ਉਤਪਾਦਨ (ਅਤੇ ਖਪਤ) ਨੂੰ ਹੁਲਾਰੇ ਨਾਲ ਹਰੇ ਇਨਕਲਾਬ ਦੀ ਸਫਲਤਾ ਵਿਚ ਵੱਡਾ ਯੋਗਦਾਨ ਪ੍ਰਾਪਤ ਹੋਇਆ।

ਪਰ, ਆਰ ਪੀ ਐੱਸ ਸਕੀਮ ਸਿਰਫ਼ ਨਾਈਟ੍ਰੋਜਨ ਯੁਕਤ ਖਾਦਾਂ, ਖ਼ਾਸ ਕਰਕੇ ਯੂਰੀਆ 'ਤੇ ਸਬਸਿਡੀ ਦੇਣ ਲਈ ਹੀ ਵਰਤੀ ਗਈ। ਪੋਟਾਸ਼ੀਅਮ ਆਧਾਰਿਤ ਖਾਦਾਂ (ਐੱਮ ਓ ਪੀ) ਅਤੇ ਫਾਸਫੋਰਸ ਆਧਾਰਿਤ 90 ਪ੍ਰਤਿਸ਼ਤ ਖਾਦਾਂ (ਡੀ ਏ ਪੀ) ਪੂਰੀਆਂ ਆਯਾਤ ਕੀਤੀਆਂ ਜਾਂਦੀਆਂ ਸਨ (ਯੋਜਨਾ ਆਯੋਗ, 2011), ਇਸ ਕਰਕੇ ਇਨ੍ਹਾਂ ਖਾਦਾਂ ਲਈ ਆਰ ਪੀ ਐੱਸ ਵਰਗੀ ਕੋਈ ਸਕੀਮ ਨਹੀਂ ਸੀ। ਇਸੇ ਸਮੇਂ ਉੱਚ ਵਰਤੋਂ ਲਈ ਪ੍ਰੋਤਸਾਹਿਤ ਕਿਸਾਨ ਕੁੱਲ ਖਪਤ ਲਗਾਤਾਰ ਵਧਾਉਂਦੇ ਗਏ : ਬਿਜਾਈ ਅਧੀਨ ਕੁੱਲ ਖੇਤਰ ਵਿਚ ਪ੍ਰਤਿ ਹੈਕਟੇਅਰ ਖਾਦਾਂ ਦੀ ਖਪਤ 1970-71 ਦੇ 13 ਕਿਲੋਗ੍ਰਾਮ ਦੇ ਮੁਕਾਬਲੇ 1980-81 ਵਿਚ 31 ਕਿਲੋਗ੍ਰਾਮ ਹੋ ਗਈ ਜੋ ਤੇਜ਼ੀ ਨਾਲ ਵਧਦੀ ਗਈ।

## ਸਿੰਜਾਈ ਸਹੂਲਤਾਂ ਦੀ ਵਿਵਸਥਾ

ਬੀਜਾਂ ਅਤੇ ਖਾਦਾਂ ਤੋਂ ਇਲਾਵਾ ਐੱਚ ਵਾਈ ਵੀ ਖੇਤੀ ਲਈ ਤੀਜਾ ਨਿਵੇਸ਼ ਬਰਸਾਤੀ ਪਾਣੀ ਅਤੇ ਸਿੰਜਾਈ ਦਾ ਸੀ। ਅਜਿਹਾ ਨਹੀਂ ਕਿ ਐੱਚ ਵਾਈ ਵੀਜ਼ ਲਈ ਪ੍ਰਤਿ ਹੈਕਟੇਅਰ ਬਿਜਾਈ ਲਈ ਜ਼ਿਆਦਾ ਪਾਣੀ ਦੀ ਲੋੜ ਸੀ, ਸਗੋਂ ਹੋਰ ਸਥਾਨਕ ਗ਼ੈਰ ਐੱਚ ਵਾਈ ਵੀਜ਼ ਦੇ ਮੁਕਾਬਲੇ ਜ਼ਿਆਦਾ ਨਿਯਮਿਤ ਸਿੰਜਾਈ ਦੀ ਜ਼ਰੂਰਤ ਸੀ (ਕੰਵਰ, 1969)। ਪੌਦੇ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ 'ਤੇ ਪਾਣੀ ਦੇਣਾ ਇਕ ਜ਼ਰੂਰੀ ਸਚਾਈ ਹੈ ਅਤੇ ਢੁਕਵੇਂ ਸਮੇਂ 'ਤੇ ਪਾਣੀ ਨਾ ਮਿਲਣ ਕਰਕੇ ਝਾੜ ਘਟ ਜਾਂਦਾ ਹੈ। ਜਿਵੇਂ ਕਿ ਕਾਸਮੈਨ ਅਤੇ ਗ੍ਰਾਸਿਨੀ (2013) ਨੇ ਕਿਹਾ, ''ਸਿੰਜਾਈ ਅਧੀਨ ਖੇਤਰ ਦੇ ਵਿਸਥਾਰ ਲਈ ਕਾਫ਼ੀ ਨਿਵੇਸ਼ ਅਤੇ ਇਸ ਨੂੰ ਬਣਾਏ ਰੱਖਣ ਅਤੇ ਮੌਜੂਦਾ ਸਿੰਜਾਈ ਢਾਂਚੇ ਵਿਚ ਸੁਧਾਰ ਕੀਤੇ ਬਿਨਾਂ ਹਰੇ ਇਨਕਲਾਬ ਦਾ ਸੁਪਨਾ ਵੇਖਣਾ ਔਖਾ ਕੰਮ ਹੈ।" ਅਜਿਹਾ ਹੀ ਭਾਰਤ ਵਿਚ ਵਾਪਰਿਆ।

## ਸਿੰਜਾਈ ਵਿਚ ਬੁਨਿਆਦੀ ਪਰਿਵਰਤਨ

1960ਵਿਆਂ ਦੇ ਸ਼ੁਰੂ ਵਿਚ ਭਾਰਤ ਵਿਚ ਜਨਤਕ ਸਿੰਜਾਈ ਨੀਤੀ ਦੀ ਵਿਸ਼ੇਸ਼ਤਾ ਸੁਰੱਖਿਆਤਮਕ ਸਿੰਜਾਈ ਸੀ, ਜੋ ਇਸ ਸਿਧਾਂਤ 'ਤੇ ਆਧਾਰਤ ਸੀ ਕਿ ਦਰਿਆਵਾਂ ਜਾਂ ਜਨਤਕ ਭੰਡਾਰਾਂ ਤੋਂ ਪ੍ਰਾਪਤ ਪਾਣੀ ਵੱਧ ਤੋਂ ਵੱਧ ਕਿਸਾਨਾਂ ਨੂੰ ਬਰਾਬਰ ਵੰਡਣਾ ਚਾਹੀਦਾ ਹੈ ਜੋ ਇਕ ਵੱਡੇ ਭੂਗੋਲਿਕ ਖੇਤਰ ਵਿਚ ਫੈਲੇ ਹੋਏ ਹਨ ਤਾਂ ਕਿ ਘੱਟ ਬਰਸਾਤ ਹੋਣ ਕਰਕੇ ਪੈਦਾ ਹੋਣ ਵਾਲੇ ਸੋਕੇ ਜਾਂ ਫ਼ਸਲ ਤਬਾਹ ਹੋਣ ਤੋਂ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਸਮਾਜਿਕ ਲਾਭ ਵਧਾਉਣ ਦੀ ਬਜਾਇ ਸਮਾਜਿਕ ਖ਼ਤਰਾ ਘੱਟ ਕਰਨਾ ਹੀ ਇਸ ਜਨਤਕ ਨੀਤੀ ਦਾ ਮੁੱਖ ਧੁਰਾ ਸੀ। ਪਰ, ਕਿਸਾਨਾਂ ਦਾ ਨਿੱਜੀ ਪ੍ਰੋਤਸਾਹਨ ਨਗਦ ਫ਼ਸਲਾਂ ਉਗਾਉਣ ਵੱਲ ਸੀ ਜਿਵੇਂ ਕਮਾਦ ਜੋ ਰੇਸ਼ੇਦਾਰ ਫ਼ਸਲਾਂ ਤੋਂ ਵੱਧ ਲਾਭ ਦਿੰਦਾ ਹੈ। ਨਗਦ ਫ਼ਸਲਾਂ ਦੀ ਬਿਜਾਈ ਨੂੰ ਨਿਰਉਤਸਾਹਿਤ ਕਰਨ ਲਈ ਉਨ੍ਹਾਂ ਦੀ ਬਿਜਾਈ 'ਤੇ ਕਰ ਲਾ ਦਿਤੇ ਗਏ ਜੋ ਅਕਸਰ ਕਿਸਾਨਾਂ ਵਲੋਂ ਨਹੀਂ ਦਿਤੇ ਜਾਂਦੇ ਸਨ।

ਐੱਚ ਵਾਈ ਵੀਜ਼ ਦੀ ਖੇਤੀ ਨੂੰ ਹੁਲਾਰਾ ਦੇਣ ਲਈ, ਜ਼ਰੂਰੀ ਸੀ ਕਿ ਕਿਸਾਨਾਂ ਨੂੰ ਸਮਾਜਿਕ ਅਤੇ ਨਿੱਜੀ ਤੌਰ ਤੇ ਲਾਭਕਾਰੀ ਬਣਾਇਆ ਜਾਵੇ, ਜਿਸ ਵਿਚ ਖ਼ਤਰਿਆਂ ਨਾਲ ਨਜਿੱਠਣ ਦੀ ਗੁੰਜਾਇਸ਼ ਹੋਵੇ। ਇਸ ਵਾਸਤੇ ਸਿੰਜਾਈ ਨੀਤੀ ਵਿਚ ਸੁੱਰਖਿਆ ਤੋਂ ਉਤਪਾਦਿਕਤਾ ਸਿੰਜਾਈ ਆਧਾਰਿਤ ਨੀਤੀ ਬਦਲਾਅ ਦੀ ਜ਼ਰੂਰਤ ਸੀ ਤਾਂ ਕਿ ਨਿੱਜੀ ਅਤੇ ਸਮਾਜਿਕ ਤੌਰ ਤੇ ਪਾਣੀ ਦੀ ਵਰਤੋਂ ਨੂੰ ਲਾਭਕਾਰੀ ਬਣਾਇਆ ਜਾ ਸਕੇ ਅਤੇ ਖ਼ਤਰੇ ਲਈ ਗੁੰਜਾਇਸ਼ ਰੱਖੀ ਜਾਵੇ। ਐੱਚ ਵਾਈ ਵੀਜ਼ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਿਆਪਕ ਪਾਣੀ ਦੀ ਪੂਰਤੀ ਜ਼ਰੂਰੀ ਸੀ ਜਿਸ ਵਾਸਤੇ ਸਿੰਜਾਈ ਖੇਤਰ ਵਿਚ ਨਿੱਜੀ ਅਤੇ ਜਨਤਕ ਨਿਵੇਸ਼ ਵੀ ਲੋੜੀਂਦਾ ਸੀ।

ਅਜਿਹਾ ਪਰਿਵਰਤਨ ਦੋ ਪੱਧਰਾਂ 'ਤੇ ਵਾਪਰਿਆ। ਸਰਕਾਰ ਦੇ ਪੱਧਰ 'ਤੇ, ਸਤਹੀ ਪਾਣੀ ਦੀ ਸਿੰਜਾਈ ਅਤੇ ਲਘੂ ਸਿੰਜਾਈ ਦੇ ਮਾਮਲੇ ਵਿਚ ਜਨਤਕ ਨਿਵੇਸ਼ ਦੁਆਰਾ ਨਹਿਰੀ ਪ੍ਰਣਾਲੀ ਦਾ ਵਿਕਾਸ ਕਰਕੇ ਸਿੰਜਾਈ ਸਹੂਲਤਾਂ ਦਾ ਵਿਸਥਾਰ ਕੀਤਾ ਗਿਆ। ਕਿਸਾਨਾਂ ਦੇ ਪੱਧਰ 'ਤੇ, ਅਜਿਹਾ ਨਿੱਜੀ ਟਿਊਬਵੈੱਲਾਂ ਲਈ ਨਿਵੇਸ਼ ਉਪਲਬਧ ਕਰਵਾਉਣ ਲਈ ਸੰਸਥਾਗਤ ਕਰਜ਼ਾ ਅਤੇ ਰਿਆਇਤੀ ਦਰ 'ਤੇ ਬਿਜਲੀ ਅਤੇ ਡੀਜ਼ਲ

ਮੁਹੱਈਆ ਕਰਵਾਏ ਗਏ। ਸੰਭਵਤਾ, ਸਿੰਜਾਈ ਨੀਤੀ ਵਿਚ ਇਸ ਬੁਨਿਆਦੀ ਪਰਿਵਰਤਨ ਦੇ ਚਲਦਿਆਂ ਸਿੰਜਾਈ ਅਧੀਨ ਕੁੱਲ ਖੇਤਰ (ਜੀ ਆਈ ਹੈ) (ਅਤੇ ਐੱਚ ਵਾਈ ਵੀ ਅਧੀਨ ਖੇਤਰ) 1970-71 ਦੇ 38.2 ਐੱਮ ਐੱਚ ਏ (15.3) ਐੱਮ ਐੱਚ ਏ ਤੋਂ ਵਧ ਕੇ 2010-11 ਵਿਚ 89.4 (64.9) ਐੱਮ ਐੱਚ ਏ (1990-91) ਹੋ ਗਿਆ (ਡੀ ਈ ਐੱਸ 2013)। ਅਜਿਹੇ ਵਾਧਿਆਂ ਨੇ ਖੇਤੀਬਾੜੀ ਉਤਪਾਦਨ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਈ ਕਿਉਂਕਿ ਇਨ੍ਹਾਂ ਦੁਆਰਾ ਬਹੁ-ਫ਼ਸਲੀ ਪ੍ਰਣਾਲੀ ਸ਼ੁਰੂ ਹੋਈ, ਖ਼ਾਸ ਕਰਕੇ ਗਰਮੀਆਂ ਦੀਆਂ ਫ਼ਸਲਾਂ ਦੀ ਬਿਜਾਈ ਜਿਵੇਂ ਕਿ ਐੱਚ ਵਾਈ ਵੀਜ਼, ਜਿਨ੍ਹਾਂ ਲਈ ਨਿਯਮਤ ਸਿੰਜਾਈ ਦੀ ਜ਼ਰੂਰਤ ਹੁੰਦੀ ਹੈ। ਅਨਾਜ ਉਤਪਾਦਨ ਵਧ ਗਿਆ ਜੋ 1970-71 ਦੇ 108.4 ਮਿਲੀਅਨ ਟਨ ਦੇ ਮੁਕਾਬਲੇ 2012-13 ਵਿਚ 255.36 ਮਿਲੀਅਨ ਟਨ ਹੋ ਗਿਆ (ਡੀ ਈ ਐੱਸ, 2013)।

## ਲਾਗਤ ਦੀ ਵਸੂਲੀ

ਸਿੱਧੇ ਤੌਰ ਤੇ, ਸਿੰਜਾਈ ਅਧੀਨ ਖੇਤਰ ਵਿਚ ਵਾਧੇ ਦਾ ਮੁੱਖ ਕਾਰਨ ਸਰਕਾਰ ਵਲੋਂ ਸਸਤਾ ਨਹਿਰੀ ਪਾਣੀ, ਬਿਜਲੀ ਅਤੇ ਡੀਜ਼ਲ ਮੁਹੱਈਆ ਕਰਵਾਉਣਾ ਸੀ। 1960ਵਿਆਂ ਦੇ ਸ਼ੁਰੂ ਵਿਚ ਦਿਤੇ ਗਏ ਪਾਣੀ ਦੀ ਕੀਮਤ ਵਸੂਲੀ ਲਈ ਸਰਕਾਰ ਦੀ ਸੋਚ ਜਨਤਕ ਨਿਵੇਸ਼ ਦੁਆਰਾ ਸੰਚਾਲਨ ਅਤੇ ਰੱਖ-ਰਖਾਅ ਦੀ ਲਾਗਤ ਵਸੂਲਣ ਦੇ ਇਰਦ-ਗਿਰਦ ਘੁੰਮਦੀ ਰਹੀ।

ਯੋਜਨਾ ਆਯੋਗ (1992) ਦੇ ਮੁਤਾਬਕ ਜਨਤਕ ਸਿੰਜਾਈ ਪ੍ਰਾਜੈਕਟਾਂ ਵਿਚ ਨਿਵੇਸ਼ ਤਾਂ ਹੀ ਮਨਜ਼ੂਰ ਕੀਤਾ ਜਾਂਦਾ ਸੀ ਜੇ ਉਹ ਲਾਭ-ਲਾਗਤ ਦੇ 1.5:1 ਦੇ ਅਨੁਪਾਤ ਨੂੰ ਪੂਰਾ ਕਰਦੇ ਹੋਣ ਜਿਥੇ ਲਾਭ-ਲਾਗਤ ਦੇ ਅਨੁਪਾਤ ਨੂੰ ਸ਼ੁੱਧ ਲਾਭ (ਪ੍ਰਾਜੈਕਟ ਕਰਕੇ ਉਤਪਾਦਨ ਵਿਚ ਵਾਧਾ), ਸਿੰਜਾਈ ਤੋਂ ਸੰਚਾਲਨ ਦੀ ਸਾਲਾਨਾ ਲਾਗਤ (ਪੂੰਜੀ ਤੇ ਵਿਆਜ ਸਹਿਤ) 10 ਪ੍ਰਤਿਸ਼ਤ ਦੇ ਹਿਸਾਬ ਨਾਲ ਲਾਇਆ ਜਾਂਦਾ ਹੈ ਜਿਸ ਵਿਚ ਰੁਪਏ ਦੀ ਘਟਦੀ ਹੋਈ ਕੀਮਤ ਵੀ ਸ਼ਾਮਿਲ ਹੁੰਦੀ ਹੈ (ਸਿੰਜਾਈ ਆਯੋਗ, 1972)।

ਕੀ ਲਾਭ ਲਾਗਤ ਅਨੁਪਾਤ ਵਿਚ 1:5:1 ਦੀ ਕਸੌਟੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਗਿਆ, ਇਸ ਬਾਰੇ ਸ਼ੱਕ ਹੈ। ਸਿੰਜਾਈ ਵਾਲੇ ਪਾਣੀ ਦੀ ਕੀਮਤ ਤੈਅ ਕਰਨਾ ਰਾਜ ਸਰਕਾਰਾਂ ਦਾ ਅਧਿਕਾਰ ਸੀ। ਯਕੀਨੀ ਤੌਰ ਤੇ, ਜਨਤਕ ਸਿੰਜਾਈ ਸਹੂਲਤਾਂ ਦੁਆਰਾ ਦਿਤੇ ਗਏ ਪਾਣੀ ਦੀਆਂ ਘੱਟ ਕੀਮਤਾਂ ਪਿਛੇ ਰਾਜਨੀਤਕ ਸੋਚ ਸੀ ਨਾ ਕਿ ਸਮਾਜਿਕ ਲਾਗਤ ਲਾਭ ਦੀ ਸੋਚ।

1960ਵਿਆਂ ਵਿਚ ਖੇਤੀਬਾੜੀ ਵਿਕਾਸ ਲਈ ਐੱਚ ਵਾਈ ਵੀ ਅਤੇ ਨਵੀਂ ਰਣਨੀਤੀ ਦੇ ਅਨੁਕੂਲਣ ਲਈ ਟਿਊਬਵੈੱਲ (ਜ਼ਿਆਦਾਤਰ ਨਿੱਜੀ) ਪੂਰੇ ਭਾਰਤ ਵਿਚ ਤੇਜ਼ੀ ਨਾਲ ਲਾਏ ਗਏ। 1965 ਵਿਚ ਨਿੱਜੀ ਟਿਊਬਵੈੱਲਾਂ ਦੀ ਅੰਦਾਜ਼ਨ ਗਿਣਤੀ, 1,00,000 ਸੀ। ਇਹ 1969 ਵਿਚ ਵਧ ਕੇ 3,60,000 ਅਤੇ 1974 ਤਕ 11,84,800 ਹੋ ਗਈ (ਧਵਨ, 1979)। ਭਾਰਤ ਵਿਚ ਟਿਊਬਵੈੱਲਾਂ ਦੀ ਗਿਣਤੀ ਵਿਚ ਇਹ ਤੇਜ਼ੀ ਨਾਲ ਵਾਧਾ ਟਿਊਬਵੈੱਲ ਬੋਰ ਕਰਨ, ਪੰਪ ਸੈੱਟ, ਡੀਜ਼ਲ ਅਤੇ ਧਰਤੀ ਹੇਠਲੇ ਪਾਣੀ ਨੂੰ ਕੱਢਣ ਲਈ ਬਿਜਲੀ ਲਈ ਵਧੇ ਹੋਏ ਕਰਜ਼ੇ ਦੀ ਸਹੂਲਤ ਅਤੇ ਸਬਸਿਡੀ ਦੁਆਰਾ ਹਾਸਿਲ ਕੀਤਾ ਗਿਆ।

## ਖੇਤੀਬਾੜੀ ਕੀਮਤ ਨੀਤੀ

1965 ਦੀ ਨਵੀਂ ਖੇਤੀ ਰਣਨੀਤੀ ਦਾ ਕੇਂਦਰ ਬਿੰਦੂ ਖੇਤੀ ਉਤਪਾਦਨ ਨੂੰ ਵਧਾਉਣਾ ਸੀ – ਪਹਿਲਾ, ਨਵੇਂ ਉਪਲਬਧ ਐੱਚ ਵਾਈ ਵੀ ਦੀ ਵਰਤੋਂ ਕਰਕੇ ਦੂਜਾ ਐੱਚ ਵਾਈ ਵੀ ਨੂੰ ਅਪਣਾਉਣ ਲਈ ਕਿਸਾਨਾਂ ਨੂੰ ਪ੍ਰੋਤਸਾਹਨ ਦੇ ਕੇ ਤਾਂ ਜੋ ਉਤਪਾਦਨ ਵਧ ਸਕੇ। ਇਸ ਰਣਨੀਤੀ ਵਿਚ ਕਿਸਾਨਾਂ ਨੂੰ ਮੁੱਲ ਸਹਾਇਤਾ ਦੇਣਾ ਵੀ ਸ਼ਾਮਿਲ ਸੀ ਤਾਂ ਕਿ ਉਨ੍ਹਾਂ ਨੂੰ ਪ੍ਰੋਤਸਾਹਨ ਦੇ ਕੇ ਐੱਚ ਵਾਈ ਵੀ ਖੇਤੀ ਦੀ ਉੱਚ ਲਾਗਤ ਸਹਿਣ ਕਰਨ ਅਤੇ ਐੱਚ ਵਾਈ ਵੀ ਖੇਤੀ ਤੋਂ ਹੋਣ ਵਾਲੇ ਲਾਭਾਂ ਲਈ ਤਿਆਰ ਕੀਤਾ ਜਾ ਸਕੇ (ਕ੍ਰਿਸ਼ਨਾ, 1971)। ਪ੍ਰੋਤਸਾਹਨ ਕੀਮਤ ਨੀਤੀ ਦਾ ਇਕ ਅਹਿਮ ਅੰਗ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਸੀ, ਜਿਹੜਾ ਬਾਜ਼ਾਰ ਵਿਚ ਫ਼ਸਲ ਦਾ ਮੁੱਲ ਡਿਗਣ ਦੀ ਸੂਰਤ ਵਿਚ ਇਕ ਜ਼ਾਮਨੀ ਸੀ, ਜਿਸ ਭਾਅ 'ਤੇ ਸਰਕਾਰ ਕਿਸਾਨਾਂ ਦੀ ਕੋਈ ਵੀ ਫ਼ਸਲ ਖਰੀਦਣ ਲਈ ਤਿਆਰ ਹੁੰਦੀ ਹੈ। ਅਸਲ ਵਿਚ, ਭਵਿੱਖੀ ਬਾਜ਼ਾਰੀ ਕੀਮਤ ਨਿਘਾਰ ਦੇ ਇਵਜ਼ ਵਿਚ ਇਕ ਭਰੋਸਾ ਦੇਣ ਦੀ ਲੋੜ ਸੀ ਕਿਉਂਕਿ ਵੱਡੇ ਪੱਧਰ 'ਤੇ ਐੱਚ ਵਾਈ ਵੀ ਬਿਜਾਈ ਕਰਕੇ ਬਾਜ਼ਾਰ ਵਿਚ ਵਾਧੂ ਅਨਾਜ ਪੂਰਤੀ ਦੀ ਸੰਭਾਵਨਾ ਬਣੀ ਹੋਈ ਸੀ।

1965 ਵਿਚ, ਖੇਤੀਬਾੜੀ ਕੀਮਤ ਆਯੋਗ (ਏ ਪੀ ਸੀ) ਜਿਸ ਦਾ 1980 ਵਿਚ ਖੇਤੀਬਾੜੀ ਲਾਗਤ ਅਤੇ ਕੀਮਤਾਂ ਬਾਰੇ ਆਯੋਗ (ਸੀ ਏ ਸੀ ਪੀ) ਨਾਮਕਰਨ ਕੀਤਾ ਗਿਆ, ਸਰਕਾਰ ਨੂੰ ਖੇਤੀਬਾੜੀ ਵਸਤਾਂ ਬਾਰੇ ਕੀਮਤ ਨੀਤੀ ਸੰਬੰਧੀ ਸਲਾਹ ਦੇਣ ਲਈ ਤਿਆਰ ਸੀ ਜਿਸ ਦਾ ਮੰਤਵ ਸੰਤੁਲਤ ਕੀਮਤ ਢਾਂਚਾ ਵਿਕਸਤ ਕਰਨਾ ਅਤੇ ਉਤਪਾਦਕਾਂ, ਖਪਤਕਾਰਾਂ, ਸਮਾਜ ਅਤੇ ਸਮੁੱਚੇ ਤੌਰ ਤੇ ਆਰਥਿਕਤਾ ਦੇ ਹਿਤਾਂ ਦੀ ਰੱਖਿਆ ਕਰਨਾ ਸੀ (ਐੱਮ ਓ ਐੱਫ ਏ, 1965)।

ਏ ਪੀ ਸੀ (ਜਾਂ 1980 ਤੋਂ ਬਾਅਦ (ਏ ਸੀ ਪੀ) ਵਲੋਂ ਤਿੰਨ ਪ੍ਰਕਾਰ ਦੀਆਂ ਕੀਮਤਾਂ ਦੀ ਸਿਫ਼ਾਰਸ਼ ਕੀਤੀ ਗਈ : ਘੱਟੋ-ਘੱਟ ਸਮਰਥਨ ਮੁੱਲ, ਖਰੀਦ ਕੀਮਤ ਅਤੇ ਵੇਚ ਕੀਮਤ। ਪਹਿਲੀ, ਜਿਵੇਂ ਕਿ ਪਿੱਛੇ ਕਿਹਾ ਗਿਆ, ਦਾ ਮੰਤਵ ਬਾਜ਼ਾਰ ਵਿਚ ਕੀਮਤ ਘਟਣ ਦੀ ਹਾਲਤ ਵਿਚ ਕਿਸਾਨਾਂ ਦੀ ਸੁਰੱਖਿਆ ਕਰਨਾ ਸੀ ਜੋ ਸ਼ੁਰੂਆਤ ਵਿਚ ਉਸ ਸਮੇਂ ਬਾਜ਼ਾਰ ਵਿਚ ਪ੍ਰਚਲਿਤ ਔਸਤ ਕੀਮਤ ਤੋਂ ਘੱਟ ਨਿਰਧਾਰਤ ਕੀਤੀਆਂ ਗਈਆਂ ਸਨ, ਕੀਮਤਾਂ ਵਿਚ ਨਿਘਾਰ ਦੀ ਅਣਹੋਂਦ ਵਿਚ। ਦੂਜੀ, ਸਰਕਾਰ ਨੂੰ ਪੀ ਡੀ ਐੱਸ ਪ੍ਰਣਾਲੀ ਰਾਹੀਂ ਬਹੁਤ ਹੀ ਘੱਟ ਕੀਮਤ 'ਤੇ ਸੀਮਤ ਮਾਤਰਾ ਵਿਚ ਖਰੀਦ ਕਰਨ ਦੇ ਸਮਰੱਥ ਬਣਾਉਂਦੀ ਸੀ। ਇਹ ਸਮਰਥਨ ਮੁੱਲ ਤੋਂ ਵੱਧ ਪਰ ਆਸ ਕੀਤੀ ਜਾਂਦੀ ਬਾਜ਼ਾਰੀ ਕੀਮਤ ਤੋਂ ਘੱਟ ਨਿਰਧਾਰਤ ਕੀਤੀ ਜਾਂਦੀ ਸੀ। ਤੀਜੀ ਕੀਮਤ, ਜਿਸ 'ਤੇ ਸਰਕਾਰ ਰਾਸ਼ਨ ਦੁਕਾਨਾਂ ਤੋਂ ਖਪਤਕਾਰਾਂ ਨੂੰ ਵੇਚਣ ਲਈ ਅਨਾਜ ਭੰਡਾਰਨ ਵਾਸਤੇ ਵੇਚਦੀ ਸੀ, ਇਹ ਖਰੀਦ ਦੀ ਆਰਥਿਕ ਲਾਗਤ, ਆਵਾਜਾਈ ਅਤੇ ਭੰਡਾਰਨ ਲਾਗਤ ਤੋਂ ਘੱਟ ਨਿਰਧਾਰਤ ਕੀਤੀ ਜਾਂਦੀ ਸੀ। ਅਖੀਰਲੀ ਕੀਮਤ ਵਿਚ ਵੱਡੀ ਮਾਤਰਾ ਵਿਚ ਸਬਸਿਡੀ ਸ਼ਾਮਿਲ ਹੁੰਦੀ ਸੀ ਜੋ ਪ੍ਰਚੂਨ ਕੀਮਤ 'ਤੇ ਦਿਤੀ ਜਾਂਦੀ ਸੀ ਕਿਉਂਕਿ ਇਸ ਦਾ ਉਦੇਸ਼ ਖਪਤਕਾਰਾਂ ਦੇ ਹਿੱਤਾਂ ਦੀ, ਖ਼ਾਸ ਕਰਕੇ ਗਰੀਬਾਂ ਦੀ ਰਾਖੀ ਕਰਨਾ ਸੀ। ਬਦਕਿਸਮਤੀ ਨੂੰ, ਕਿਸਾਨ ਲਾਬੀ ਦੇ ਅਤਿਅੰਤ ਦਬਾਅ ਕਾਰਨ ਸਮਰਥਨ ਅਤੇ ਖਰੀਦ ਕੀਮਤ ਵਿਚਲਾ ਫ਼ਰਕ ਖਤਮ ਹੋ ਗਿਆ ਅਤੇ ਨਾਲ ਹੀ ਅਨਾਜ ਦੀ ਖਰੀਦ ਦੀ ਸੀਮਾ 'ਤੇ ਵੀ ਕੋਈ ਪਾਬੰਦੀ ਨਾ ਰਹੀ। ਇਸ ਪ੍ਰਕਾਰ, ਸਰਕਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਜਿੰਨਾ ਵੀ ਮਰਜ਼ੀ ਅਨਾਜ ਖਰੀਦਣ ਲਈ ਤਿਆਰ

ਸੀ। ਹੋਰ, ਇਸ ਲਾਬੀ ਨੇ ਇਹ ਨਿਸ਼ਚਿਤ ਕੀਤਾ ਕਿ ਸਮਰਥਨ ਮੁੱਲ ਸਮੇਂ ਦੇ ਨਾਲ-ਨਾਲ ਵਧਦਾ ਰਹੇ।

## ਵਿਗਾੜ

ਕੀਮਤ ਸਮਰਥਨ, ਨਿਵੇਸ਼ ਸਬਸਿਡੀ ਅਤੇ ਖੇਤੀਬਾੜੀ ਉਤਪਾਦਨ ਲਈ ਤਿਆਰ ਖਰੀਦਾਰ ਦਾ ਸਿੱਟਾ ਹਰੇ ਇਨਕਲਾਬ ਦੌਰਾਨ ਖੇਤੀ ਉਤਪਾਦਨ ਵਿਚ ਵੱਡੇ ਹੁਲਾਰੇ ਦੇ ਰੂਪ ਵਿਚ ਨਿਕਲਿਆ। ਪਰ, ਇਸ ਜਾਰੀ ਪ੍ਰਕਿਰਿਆ ਦੌਰਾਨ, ਨੀਤੀ ਦਾ ਕੇਂਦਰ ਬਿੰਦੂ ਛੋਟੇ ਅਤੇ ਲੰਮੇ ਸਮੇਂ ਵਿਚ ਖੇਤੀ ਉਤਪਾਦਨ ਅਤੇ ਉਤਪਾਦਿਕਤਾ ਵਧਾਉਣਾ ਸੀ ਅਤੇ ਦਖ਼ਲ ਇਸੇ ਮੰਤਵ ਨਾਲ ਕੀਤੇ ਗਏ। ਉਨ੍ਹਾਂ ਨੇ ਇਸ ਗੱਲ ਦਾ ਧਿਆਨ ਨਹੀਂ ਰੱਖਿਆ ਕਿ ਕੀ ਇਨ੍ਹਾਂ ਨੂੰ ਲੰਮੇ ਸਮੇਂ ਲਈ ਜਾਰੀ ਰੱਖਣ ਦੀ ਲੋੜ ਹੈ ; ਭਾਵੇਂ ਕਿ ਜ਼ਿਆਦਾਤਰ ਕਿਸਾਨ ਐੱਚ ਵਾਈ ਵੀ ਨੂੰ ਅਪਣਾ ਚੁੱਕੇ ਸਨ ਅਤੇ ਆਰਥਿਕ ਤੇ ਵਾਤਾਵਰਣਿਕ ਵਿਗਾੜਾਂ ਦੇ ਸੰਦਰਭ ਵਿਚ ਜੋ ਵਿਗਾੜ ਉਹ ਪੈਦਾ ਕਰ ਰਹੇ ਸਨ।

ਇਸ ਤਰ੍ਹਾਂ, ਭਾਵੇਂ ਕਿ ਐੱਚ ਵਾਈ ਵੀ ਦੀਆਂ ਤਕਨਾਲੋਜੀ ਵਿਸ਼ੇਸ਼ਤਾਈਆਂ ਨੇ ਖਾਦਾਂ, ਸਿੰਜਾਈ, ਮਜ਼ਦੂਰੀ ਅਤੇ ਦੂਜੇ ਨਿਵੇਸ਼ ਵਿਚ ਵਾਧਾ ਜ਼ਰੂਰੀ ਬਣਾ ਦਿਤਾ ਅਤੇ ਭਾਵੇਂ ਨਿਵੇਸ਼ ਵਿਚ ਵਾਧੇ ਨਾਲ ਖੇਤੀ ਉਤਪਾਦਨ ਅਤੇ ਜ਼ਮੀਨ ਦੀ ਉਤਪਾਦਿਕਤਾ ਵਿਚ ਵਾਧਾ ਹੋਇਆ, ਪਰ ਸਬਸਿਡੀਆਂ ਦੇ ਨੁਕਸਾਨ, ਕੇਂਦਰ ਅਤੇ ਰਾਜਾਂ ਵਿਚ ਵਧੇ ਹੋਏ ਵਿੱਤੀ ਦਬਾਅ ਕਰਕੇ ਇਹ ਨਿਵੇਸ਼ ਦੀ ਸੁਯੋਗ ਵਰਤੋਂ ਵਿਚ ਨਹੀਂ ਬਦਲ ਸਕਿਆ।

## ਖਾਦਾਂ ਦੀ ਨੀਤੀ

ਲੱਖਾਂ ਹੀ ਕਿਸਾਨਾਂ ਨੇ ਖ਼ੁਸ਼ੀ ਨਾਲ ਐੱਚ ਵਾਈ ਵੀ ਖੇਤੀ ਨੂੰ ਅਪਣਾ ਲਿਆ, ਪਰ ਨਾਈਟ੍ਰੋਜਨ ਯੁਕਤ ਖਾਦਾਂ ਲਈ ਸਬਸਿਡੀਆਂ ਨੇ ਵੱਖ-ਵੱਖ ਖਾਦਾਂ ਦੀ ਵਰਤੋਂ, ਵਿਗਿਆਨਕ ਸਿਫ਼ਾਰਸ਼ਾਂ ਦੇ ਅਨੁਸਾਰ ਕਰਨ ਵਿਚ, ਇਕ ਵੱਡਾ ਅਨੁਪਾਤਕ ਅਸੰਤੁਲਨ ਪੈਦਾ ਕਰ ਦਿਤਾ (ਗੁਲਾਟੀ, 2010) ਸਿੱਟੇ ਵਜੋਂ ਮਿੱਟੀ ਦੀ ਹਾਲਤ ਅਤੇ ਨਤੀਜਤਨ ਉਤਪਾਦਕਤਾ, ਦੋਵਾਂ 'ਤੇ ਨਾਂਹ ਪੱਖੀ ਪ੍ਰਭਾਵ ਪਿਆ (ਸਵਰੂਪ, 2000)।

ਜਦ ਕਿ ਵਧੇ ਹੋਏ ਖਾਦਾਂ ਦੇ ਇਸਤੇਮਾਲ ਕਰਕੇ ਔਸਤ ਸੀਮਾਂਤ ਹੁੰਗਾਰੇ ਦੀ ਦਰ ਵਿਚ ਕਮੀ ਦੀ ਆਸ ਕੀਤੀ ਜਾਂਦੀ ਸੀ, ਪਰ ਯੋਜਨਾ ਆਯੋਗ ਅਤੇ ਬਿਰਨਰ (2011) ਵਲੋਂ ਪੇਸ਼ ਕੀਤੀ ਰਿਪੋਰਟ ਨੂੰ ਵੇਖਿਆ ਜਾਏ ਤਾਂ ਸੀਮਾਂਤ ਜ਼ਮੀਨ ਉਤਪਾਦਿਕਤਾ ਵਿਚ ਨਿਰੰਤਰ ਗਿਰਾਵਟ ਦਿਖਾਈ ਦਿੰਦੀ ਹੈ ਜਿਸ ਨੂੰ ਫ਼ਸਲਾਂ ਦੀ ਔਸਤ ਹੁੰਗਾਰਾ ਦਰ ਤੇ ਖਾਦਾਂ ਦੀ ਵਰਤੀ ਗਈ ਮਾਤਰਾ ਵਜੋਂ ਗਿਣਿਆ ਜਾਂਦਾ ਹੈ (ਕਿਲੋਗ੍ਰਾਮ ਅਨਾਜ ਪ੍ਰਤਿ ਕਿਲੋਗ੍ਰਾਮ ਐੱਨ ਪੀ ਕੇ)। ਅਸਲ ਵਿਚ, ਜ਼ਮੀਨ ਦੀ ਸੀਮਾਂਤ ਉਤਪਾਦਿਕਤਾ ਤੇਜ਼ੀ ਨਾਲ ਘੱਟ ਹੋਈ 7.5:1 (ਮਤਲਬ ਪ੍ਰਤਿ ਕਿਲੋਗ੍ਰਾਮ ਵਰਤੀ ਗਈ ਐੱਨ ਪੀ ਕੇ ਖਾਦ ਪਿੱਛੇ ਪੈਦਾ ਕੀਤਾ ਗਿਆ 7.5 ਕਿਲੋਗ੍ਰਾਮ ਅਨਾਜ) ਜੋ 1992-97 ਵਿਚ 7:0:1 ਸੀ ਉਹ 1999-2000 ਵਿਚ ਘਟ ਕੇ 6:5:1 ਰਹਿ ਗਿਆ।

ਦੂਜਾ, ਆਰ ਪੀ ਐੱਸ ਰਾਹੀ ਖਾਦ ਉਤਪਾਦਨ ਦੇ ਨਿਮਨ ਪ੍ਰਭਾਵੀ ਉਤਪਾਦਨ ਦੇ ਢੰਗਾਂ ਦੁਆਰਾ ਉਤਪਾਦਨ ਦੇ ਸਮਰਥਨ ਵਿਚ ਲੰਮੇ ਸਮੇਂ ਤਕ ਚੱਲੀਆਂ ਸਬਸਿਡੀਆਂ ਨੇ ਜ਼ਰੂਰੀ ਤੌਰ ਤੇ ਮੌਜੂਦਾ ਸਾਰੇ ਪਲਾਂਟਾਂ ਨੂੰ, ਜੋ ਵੀ ਉਨ੍ਹਾਂ ਦੀ ਪ੍ਰਤਿ ਇਕਾਈ ਉਤਪਾਦਨ ਦੀ ਕੀਮਤ ਸੀ, ਉਸ ਨੂੰ ਬਰਾਬਰ ਬਰਾਬਰ ਕਰਨ ਲਈ ਮਜਬੂਰ ਕਰ ਦਿਤਾ। ਖਾਦ ਉਤਪਾਦਨ ਇਕ ਉੱਚ ਊਰਜਾ ਖਪਤ ਵਾਲੀ ਪ੍ਰਕਿਰਆ ਹੈ ਅਤੇ ਖਾਦ ਉਤਪਾਦਨ ਦਾ ਊਰਜਾ ਸਮਰੱਥਾ ਦਾ ਇਕ ਅਹਿਮ ਪੱਖ ਸਮਰੱਥਾ ਦਾ ਇਸਤੇਮਾਲ ਹੈ ਜੋ ਅੱਗੇ ਚੱਲ ਕੇ ਵਰਤੇ ਗਏ ਫੀਡ ਸਟਾਕ ਦਾ ਇਕ ਕੰਮ ਹੈ। ਆਮ ਫੀਡ ਸਟਾਕ ਪਦਾਰਥਾਂ ਵਿਚ ਕੁਦਰਤੀ ਗੈਸ, ਨਾਪਥਾ, ਬਲਣਸ਼ੀਲ ਤੇਲ, ਕੋਲਾ ਆਦਿ ਸ਼ਾਮਿਲ ਹੈ। ਆਮ ਭਾਸ਼ਾ ਵਿਚ, ਜਦੋਂ ਫੀਡ ਸਟਾਕ ਵਜੋਂ ਕੁਦਰਤੀ ਗੈਸ ਦੀ ਵਰਤੋਂ ਕਰਕੇ ਯੂਰੀਆ ਦਾ ਉਤਪਾਦਨ ਕੀਤਾ ਜਾਏ ਤਾਂ ਨਿਰਮਾਣ ਲਾਗਤ ਦੂਜੇ ਸਾਮਾਨ ਵਰਤਣ ਨਾਲੋਂ ਕਾਫ਼ੀ ਘੱਟ ਕਰਦਾ ਹੈ।

ਨਵੀਂ ਕੀਮਤ ਸਕੀਮ (ਐੱਨ ਪੀ ਐੱਸ) 2003 ਵਿਚ ਇਕ ਮਦ ਦਰਜ ਕੀਤੀ ਗਈ ਜਿਸ ਵਿਚ ਨਾਪਥਾ ਆਧਾਰਿਤ ਸਾਰੇ ਪਲਾਂਟਾਂ ਨੂੰ ਜਾਰੀ ਰੱਖਣ 'ਤੇ ਰੋਕ ਲਾਉਣ ਦੀ ਗੱਲ ਆਖੀ ਗਈ ਅਤੇ ਅਪ੍ਰੈਲ 2014 ਵਿਚ ਸਰਕਾਰ ਨੇ ਸਾਰੇ ਹੀ ਨਾਪਥਾ ਆਧਾਰਿਤ ਪਲਾਂਟਾਂ ਨੂੰ ਕੁਦਰਤੀ ਗੈਸ ਇਸਤੇਮਾਲ ਕਰਨਾ ਜ਼ਰੂਰੀ ਕਰਾਰ ਦੇ ਦਿਤਾ ਜਿਸ ਦੀ ਪਾਲਣਾ ਨਾ ਹੋਣ ਦੀ ਸੂਰਤ ਵਿਚ 30 ਜੂਨ, 2014 ਤੋਂ ਬਾਅਦ ਸਬਸਿਡੀ ਮਿਲਣੀ ਬੰਦ ਹੋ ਜਾਵੇਗੀ (ਬਿਜ਼ਨਸ ਲਾਈਨ, 2014)।

ਇਕ ਜਿਹੜਾ ਅਹਿਮ ਸਵਾਲ ਉੱਠਦਾ ਹੈ ਕਿ ਖਾਦਾਂ ਦੇ ਉਤਪਾਦਨ ਵਿਚ ਕੀਮਤ ਵਿਗਾੜ ਹਰੇ ਇਨਕਲਾਬ ਦੀ ਤਕਨਾਲੋਜੀ ਦੀ ਖਾਦਾਂ ਦੀ ਤੀਬਰਤਾ ਵਿਚ ਜਨਮ ਤੋਂ ਸ਼ਾਮਿਲ ਨਹੀਂ ਸਨ। ਇਨ੍ਹਾਂ ਵਿਗਾੜਾਂ ਨੂੰ ਪੈਦਾ ਕੀਤਾ ਗਿਆ ਸੀ ਜਿਸ ਦਾ ਕਾਰਨ ਨੀਤੀ ਦਖ਼ਲ ਸਨ ਤਾਂ ਜੋ ਖਾਦ ਉਤਪਾਦਨ ਕਰਨ ਵਾਲੇ ਪਲਾਂਟਾਂ ਨੂੰ ਵੱਖ-ਵੱਖ ਫੀਡ ਸਟਾਕ ਦੀ ਵਰਤੋਂ ਕਰਕੇ ਚਲਦਾ ਰੱਖਿਆ ਜਾ ਸਕੇ।

ਇਨ੍ਹਾਂ ਨੀਤੀ ਦਖਲਾਂ ਦਾ ਇਕ ਹੋਰ ਨਾਂਹ ਪੱਖੀ ਪ੍ਰਭਾਵ ਭਾਰਤੀ ਆਰਥਿਕਤਾ 'ਤੇ, ਖਾਦਾਂ ਦੀਆਂ ਸਬਸਿਡੀਆਂ ਕਰਕੇ ਪਏ ਬੋਝ ਕਰਕੇ ਪਿਆ। ਆਰ ਪੀ ਐੱਸ ਸਕੀਮ ਦੀ ਸ਼ੁਰੂਆਤ ਤੋਂ ਹੀ ਸਰਕਾਰ ਵਲੋਂ ਖਾਦ ਉਤਪਾਦਕਾਂ ਅਤੇ ਖਪਤਕਾਰਾਂ ਨੂੰ ਸਬਸਿਡੀ ਦੇਣ ਦਾ ਵਧਦਾ ਹੋਇਆ ਰੁਝਾਨ ਚੱਲ ਰਿਹਾ ਹੈ (ਬਿਰਨਰ 2011; ਗੁਲਾਟੀ ਅਤੇ ਨਾਰਾਇਣਨ, 2003)। ਜਦ ਕਿ ਸਬਸਿਡੀਆਂ ਘੱਟ ਕਰਨ ਨਾਲ ਖ਼ਜ਼ਾਨੇ 'ਤੇ ਭਾਰ ਘਟ ਜਾਵੇਗਾ ਅਤੇ ਪੀ ਅਤੇ ਕੇ ਖਾਦਾਂ ਦੇ ਮੁਕਾਬਲੇ ਐੱਨ ਖਾਦਾਂ ਦੀ ਵਰਤੋਂ ਘਟ ਜਾਵੇਗੀ, ਇਹ ਵੀ ਸੰਭਾਵਨਾ ਹੈ ਕਿ ਅਨਾਜ ਉਤਪਾਦਨ 'ਤੇ ਵੀ ਨਾਂਹ ਪੱਖੀ ਅਸਰ ਪਵੇ, ਕਿਉਂਕਿ ਉੱਚ ਕੀਮਤ ਦੇ ਚਲਦਿਆਂ ਕਿਸਾਨ ਖਾਦਾਂ ਦੀ ਵਰਤੋਂ ਘੱਟ ਜਾਂ ਬਿਲਕੁਲ ਬੰਦ ਕਰ ਦੇਣਗੇ। ਦੂਜੇ ਤਰੀਕੇ ਨਾਲ ਵੇਖਦਿਆਂ ਖਾਦ ਦੀ ਵਿਗੜੀ ਹੋਈ ਘੱਟ ਕੀਮਤ ਸਪੱਸ਼ਟ ਤੌਰ ਤੇ ਇਸ ਦੁਆਰਾ ਪੈਦਾ ਕੀਤੇ ਅੰਨ ਦੀ ਉੱਚ ਕੀਮਤ ਹੈ ਜੇ ਇਸ ਦੀ ਮੌਕੇ ਦੀ ਕੀਮਤ ਨਾਲ ਤੁਲਨਾ ਕੀਤੀ ਜਾਏ।

ਹੋਰ, ਖਾਦ ਕੀਮਤ ਨੀਤੀਆਂ ਵਿਚ ਸੁਧਾਰ ਕਰਨ ਜਾਂ ਸਮਾਂਬੱਧ ਤਰੀਕੇ ਨਾਲ ਖਤਮ ਕਰਨ ਦਾ ਵੱਖ-ਵੱਖ ਦਬਾਅ ਸਮੂਹਾਂ ਅਤੇ ਕਿਸਾਨ ਲਾਬੀ ਵਲੋਂ ਵਿਰੋਧ ਕੀਤਾ ਗਿਆ। ਇਹ ਰਾਜਨੀਤਕ ਦਲਾਂ ਲਈ ਮਹਿੰਗੇ ਸਾਬਤ ਹੋਣ ਬਾਰੇ ਸੋਚਿਆ ਗਿਆ, ਇਸ ਕਰਕੇ ਸਬਸਿਡੀਆਂ ਖਤਮ ਕਰਨ ਵੱਲ ਵਿਸ਼ੇਸ਼ ਜ਼ੋਰ ਦਿਤਾ ਜਾ ਰਿਹਾ ਹੈ।

## ਸਿੰਜਾਈ ਨੀਤੀ ਕਾਰਨ ਵਿਗਾੜ

ਭਾਰਤ ਵਿਚ ਐੱਚ ਵਾਈ ਵੀ ਖੇਤੀ ਦੇ ਸਮਰਥਨ ਵਿਚ ਸਿੰਜਾਈ ਦੇ ਫੈਲਾਅ ਲਈ ਸੋਚੀ ਸਮਝੀ ਨੀਤੀ ਨੇ ਪਾਣੀ ਲਈ ਘੱਟ ਕੀਮਤ

ਬਣਾਈ ਰੱਖਣ ਲਈ ਦਬਾਅ ਬਣਾਇਆ ਅਤੇ ਲਗਭਗ ਦੋ ਦਹਾਕਿਆਂ ਤਕ ਸਰਕਾਰ ਸਿੰਜਾਈ ਲਈ ਘੱਟ ਕੀਮਤ 'ਤੇ ਪਾਣੀ ਮੁਹੱਈਆ ਕਰਵਾਉਂਦੀ ਰਹੀ (1965 ਤੋਂ 1985) ਤਾਂ ਜੋ ਐੱਚ ਵਾਈ ਵੀ ਬਿਜਲੀ ਲਈ ਸਮਰਥਨ ਅਤੇ ਪ੍ਰੋਤਸਾਹਨ ਦਿਤਾ ਜਾ ਸਕੇ। 1987 ਵਿਚ ਜਨਤਕ ਸਿੰਜਾਈ ਪ੍ਰਣਾਲੀ ਤੋਂ ਲਾਗਤ ਵਸੂਲਣ ਦੇ ਤੌਖਲਿਆਂ ਨੇ ਇਸ਼ਾਰਾ ਕੀਤਾ ਕਿ ਪਾਣੀ ਦੀ ਦਰ ਢੁੱਕਵੀਂ ਪੱਧਰ 'ਤੇ ਤੈ ਕਰਨੀ ਚਾਹੀਦੀ ਹੈ ਤਾਂ ਜੋ ਸਾਲਾਨਾ ਰੱਖ ਰਖਾਅ, ਪ੍ਰਚਾਲਨ ਅਤੇ ਪੱਕੇ ਖਰਚੇ ਪੂਰੇ ਕੀਤੇ ਜਾ ਸਕਣ (ਯੋਜਨਾ ਆਯੋਗ, 1992)। ਪਰ, ਰਾਜ ਪੱਧਰ 'ਤੇ ਕੀਤੀ ਜਾਂਦੀ ਲਾਗਤ ਵਸੂਲੀ ਤੋਂ ਹਾਲੇ ਵੀ ਇਹ ਨਹੀਂ ਲਗਦਾ ਕਿ ਰਾਸ਼ਟਰੀ ਜਲ ਨੀਤੀ ਨੂੰ ਲਾਗੂ ਕੀਤਾ ਜਾ ਰਿਹਾ ਹੈ।

ਇਹ ਅਣਵਸੂਲੀ ਲਾਗਤ ਸਰਕਾਰ ਦੇ ਵਿੱਤੀ ਘਾਟੇ ਵਿਚ ਵੱਡਾ ਯੋਗਦਾਨ ਪਾ ਰਹੀ ਹੈ। ਇਹ ਸਰੋਤਾਂ ਦੀ ਉਪਲਬਧਤਾ 'ਤੇ ਵੀ ਦਬਾਅ ਪਾਉਂਦਾ ਹੈ ਜੋ ਉਤਪਾਦਕ ਸਮਰੱਥਾ ਅਤੇ ਦੂਜੇ ਸਮਾਜਿਕ ਸੇਵਾਵਾਂ ਦੇ ਰੂਪਾਂ ਨੂੰ ਵਧਾਉਂਦੇ ਹਨ (ਵੈਦਿਆਨਾਥਨ, 2010)। ਪਾਣੀ ਦੀ ਕੀਮਤ ਵਧਾਉਣ ਦੀ ਕਿਸੇ ਵੀ ਕੋਸ਼ਿਸ਼ ਦਾ ਕਿਸਾਨ ਲਾਬੀ ਵਲੋਂ ਸਖਤ ਵਿਰੋਧ ਕੀਤਾ ਜਾਂਦਾ ਹੈ। ਪਰ ਇਹ ਸਿੰਜਾਈ ਵਾਲੇ ਪਾਣੀ ਦੀ ਨੁਕਸਦਾਰ ਕੀਮਤ ਪ੍ਰਣਾਲੀ ਦੀ ਸਿਰਫ਼ ਅੱਧੀ ਤਸਵੀਰ ਹੈ। ਦੂਜੇ, ਅੱਧੀ ਤਸਵੀਰ ਵਿਚ ਧਰਤੀ ਹੇਠੋਂ ਪਾਣੀ ਖਿੱਚਣ ਲਈ ਪੰਪ ਚਲਾਉਣ ਵਾਸਤੇ ਬਿਜਲੀ ਤੇ ਡੀਜ਼ਲ ਤੇ ਦਿਤੀ ਜਾਣ ਵਾਲੀ ਸਬਸਿਡੀ ਸ਼ਾਮਿਲ ਹੈ ਜਿਸ ਦਾ ਹਰੇ ਇਨਕਲਾਬ ਨਾਲ ਗਹਿਰਾ ਸੰਬੰਧ ਹੈ।

## ਤੇਲ ਅਤੇ ਬਿਜਲੀ ਸਬਸਿਡੀ

ਬਿਜਲੀ ਸਬਸਿਡੀ ਦੇਣ ਨਾਲ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੀ ਵੱਧ ਵਰਤੋਂ ਹੋਈ ਜਿਸ ਨਾਲ ਖੇਤੀਬਾੜੀ ਲਾਭ ਅਤੇ ਪੇਂਡੂ ਆਮਦਨ ਵਿਚ ਵਾਧਾ ਹੋਇਆ। ਕਿਸਾਨਾਂ ਨੇ ਪਾਣੀ ਦੇ ਸਥਿਰ ਅਤੇ ਨਿਸ਼ਚਿਤ ਸਰੋਤ ਦੀ ਅਹਿਮੀਅਤ ਨੂੰ ਪਛਾਣ ਕੇ, ਜਿਸ ਨੂੰ ਬਿਜਲੀ ਸਬਸਿਡੀ ਦਾ ਵੀ ਠੁੰਮ੍ਹਣਾ ਸੀ, ਆਪਣੇ ਆਪ ਨੂੰ ਸ਼ਕਤੀਸ਼ਾਲੀ ਵੋਟ ਆਧਾਰ ਵਿਚ ਸੰਗਠਿਤ ਕਰ ਲਿਆ (ਬਦਿਆਨੀ, 2012)। ਦੂਸਰਾ, ਭਾਰਤ ਵਿਚ ਖੇਤੀ ਤੋਂ ਹੋਣ ਵਾਲੀ ਆਮਦਨ 'ਤੇ ਆਮਦਨ ਕਰ ਨਹੀਂ ਲਗਦਾ। ਇਸ ਨਾਲ ਨਕਲੀ ਕਿਸਾਨ ਬਣ ਕੇ ਗ਼ੈਰ ਖੇਤੀ ਆਮਦਨ ਨੂੰ ਖੇਤੀ ਆਮਦਨ ਵਜੋਂ ਦਿਖਾਉਣ ਦਾ ਕਾਰੋਬਾਰ ਸ਼ੁਰੂ ਹੋ ਗਿਆ, ਜਿਸ ਨਾਲ ਅੰਦਰਲਾ ਵੋਟ ਆਧਾਰ ਹੋਰ ਸ਼ਕਤੀਸ਼ਾਲੀ ਹੋਇਆ (ਦੁਬਾਸ਼ ਅਤੇ ਰਾਜਨ, 2001)। ਸਮੂਹਿਕ ਤੌਰ ਤੇ, ਸਿੰਜਾਈ ਸਹੂਲਤਾਂ ਦੇ ਵਿਕਾਸ, ਬਿਜਲੀ 'ਤੇ ਸਬਸਿਡੀ, ਇਥੋਂ ਤਕ ਕਿ ਖੇਤੀ ਖੇਤਰ ਲਈ ਮੁਫ਼ਤ ਬਿਜਲੀ ਦੇਣ ਨਾਲ ਬਹੁਤ ਸਾਰੀਆਂ ਵਾਤਾਵਰਣਿਕ ਤੇ ਆਰਥਿਕ ਸਮੱਸਿਆਵਾਂ ਵੀ ਉਤਪੰਨ ਹੋਈਆਂ ਹਨ। ਸਿੰਜਾਈ ਦੇ ਕੰਮ ਲਈ ਧਰਤੀ ਹੇਠਲੇ ਪਾਣੀ ਦੀ ਅਧਿਕ ਤੇ ਨਾਵਾਜਬ ਵਰਤੋਂ ਨਾਲ ਸੇਮ ਅਤੇ ਮਿੱਟੀ ਦੇ ਖਾਰੇਪਨ ਦੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ ਅਤੇ ਧਰਤੀ ਹੇਠਲੇ ਪਾਣੀ ਦੀ ਪੱਧਰ ਵਿਚ ਵੀ ਵੱਡੀ ਗਿਰਾਵਟ ਆਈ ਹੈ ਜਿਸ ਨੇ ਧਰਤੀ ਹੇਠੋਂ ਪਾਣੀ ਕੱਢਣ ਦੇ ਖਰਚੇ ਵਧਾਉਣ ਦੇ ਨਾਲ-ਨਾਲ ਭਾਰਤ ਦੇ ਕਈ ਭਾਗਾਂ ਵਿਚ ਸੇਮ ਅਤੇ ਖਾਰੇਪਨ ਦੀ ਸਮੱਸਿਆ ਵੀ ਖੜ੍ਹੀ ਕਰ ਦਿਤੀ ਹੈ (ਯੋਜਨਾ ਆਯੋਗ, 2013)।

ਸਿੰਜਾਈ ਲਈ ਮੁਫ਼ਤ ਤੇ ਸਬਸਿਡੀ ਵਾਲੀ ਬਿਜਲੀ ਦੇਣ ਨਾਲ ਸਾਰੇ ਪੱਧਰਾਂ 'ਤੇ ਵਿੱਤੀ ਘਾਟੇ ਵਿਚ ਵਾਧਾ ਹੋਇਆ ਹੈ ਜਿਸ ਨਾਲ ਬਿਜਲੀ ਚੋਰੀ ਵੀ ਵਧੀ ਹੈ। ਪ੍ਰਸਾਰਣ ਅਤੇ ਵੰਡ ਦੇ ਨੁਕਸਾਨ, ਜੋ ਦੂਜੇ ਦੇਸ਼ਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹਨ, ਇਨ੍ਹਾਂ ਨੂੰ ਚੋਰੀ ਅਤੇ ਡਕੈਤੀ ਦੇ ਨੁਕਸਾਨ ਵਜੋਂ ਜਾਣਿਆ ਜਾਂਦਾ ਹੈ, ਜਿਸ ਨਾਲ ਦੇਸ਼ ਭਰ ਵਿਚ ਬਿਜਲੀ ਦੀ ਵੱਡੀ ਕਿੱਲਤ ਹੋਈ ਹੈ। ਕਹਿਣ ਦੀ ਲੋੜ ਨਹੀਂ ਕਿ ਰਾਜਾਂ ਦੇ ਬਿਜਲੀ ਬੋਰਡਾਂ ਨੂੰ ਮਾਲੀਏ ਦਾ ਵੱਡਾ ਨੁਕਸਾਨ ਝੱਲਣਾ ਪੈ ਰਿਹਾ ਹੈ (ਬਦਿਆਨੀ, 2012)। ਇਸ ਨੇ ਖੇਤੀ ਕਾਰਜਾਂ ਲਈ ਬਿਜਲੀ ਸਬਸਿਡੀ ਨਾਲ ਜੁੜੀਆਂ ਕਈ ਸਮੱਸਿਆਵਾਂ/ਲਾਗਤਾਂ ਨੂੰ ਵੀ ਉਜਾਗਰ ਕੀਤਾ ਹੈ।

ਇਹ ਸੱਚ ਹੈ ਕਿ ਸਬਸਿਡੀਆਂ ਭਾਰਤ ਵਿਚ ਮਾੜੀ, ਗ਼ੈਰ-ਭਰੋਸੇਯੋਗ ਅਤੇ ਅਨਿਸ਼ਚਿਤ ਬਿਜਲੀ ਪੂਰਤੀ ਲਈ ਜ਼ਿੰਮੇਵਾਰ ਸਭ ਤੋਂ ਅਹਿਮ ਕਾਰਨ ਹਨ। ਕੁਝ ਟਿੱਪਣੀਆਂ ਮੁਤਾਬਕ ਬਿਜਲੀ ਦੀ 12.5 ਪ੍ਰਤਿਸ਼ਤ ਮੰਗ ਪੂਰੀ ਨਹੀਂ ਹੋਈ ਜਿਸ ਕਰਕੇ ਸ਼ਹਿਰੀ ਖੇਤਰਾਂ ਵਿਚ ਵਾਰ-ਵਾਰ ਬਿਜਲੀ ਗੁੱਲ ਰਹਿਣਾ, ਲੋਡ ਸ਼ੈਡਿੰਗ ਅਤੇ ਬਿਜਲੀ ਦੇ ਕੱਟ ਦਿਨ ਵਿਚ 4 ਘੰਟੇ ਤਕ ਲਗਦੇ ਰਹੇ। ਖੇਤੀ ਖੇਤਰ ਨੂੰ ਮੁਫ਼ਤ ਜਾਂ ਸਬਸਿਡੀ ਵਾਲੀ ਬਿਜਲੀ ਦੇਣ ਕਾਰਨ ਉਦਯੋਗਿਕ ਅਤੇ ਵਪਾਰਕ ਖੇਤਰਾਂ ਨੂੰ ਵੱਡੇ ਘਾਟੇ ਸਹਿਣੇ ਪਏ ਹਨ। ਭਾਰਤ ਭਰ ਵਿਚ ਉਦਯੋਗਿਕ ਅਤੇ ਵਪਾਰਕ ਖਪਤਕਾਰਾਂ ਲਈ ਔਸਤ ਵਰਤੋਂ ਦਰ ਬਿਜਲੀ ਦੀ ਔਸਤ ਕੀਮਤ ਨਾਲੋਂ ਕਿਤੇ ਵੱਧ ਹੈ। ਮਿਸਾਲ ਦੇ ਤੌਰ ਤੇ, ਕਰਨਾਟਕ (ਅਤੇ ਗੁਜਰਾਤ) ਵਿਚ ਵਪਾਰਕ ਖੇਤਰ ਤੋਂ ਬਿਜਲੀ ਦੀ ਔਸਤ ਕੀਮਤ ਦਾ 153 ਪ੍ਰਤਿਸ਼ਤ (130 ਪ੍ਰਤਿਸ਼ਤ) ਵਸੂਲ ਕੀਤਾ ਜਾਂਦਾ ਹੈ। ਅਜਿਹੀਆਂ ਉੱਚੀਆਂ ਦਰਾਂ ਦੇ ਬਾਵਜੂਦ ਉਨ੍ਹਾਂ ਨੂੰ ਬਿਜਲੀ ਦੀ ਘਟੀਆ ਪੂਰਤੀ ਹੁੰਦੀ ਹੈ ਅਤੇ ਵਾਰ-ਵਾਰ ਕੱਟ ਲਾਏ ਜਾਂਦੇ ਹਨ। ਵਿਸ਼ਵ ਬੈਂਕ ਦੇ ਮੁਤਾਬਕ, "ਬਿਜਲੀ ਦੀ ਘਟੀਆ ਗੁਣਵੱਤਾ ਭਾਰਤ ਦੇ ਆਰਥਿਕ ਵਿਕਾਸ ਅਤੇ ਤਰੱਕੀ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਹੈ।" ਇਹ 2003 ਵਿਚ ਹੋਇਆ ਕਿ ਬਿਜਲੀ ਐਕਟ ਵਿਚ ਸੋਧ ਕਰਕੇ ਬਿਜਲੀ ਦੇ ਉਤਪਾਦਨ, ਪ੍ਰਸਾਰਣ ਅਤੇ ਵੰਡ ਨੂੰ ਰਾਜ ਬਿਜਲੀ ਬੋਰਡਾਂ ਤੋਂ ਲੈ ਲਿਆ ਗਿਆ ਜੋ ਹਰ ਸਾਲ ਵੱਡੇ ਨੁਕਸਾਨ ਝੱਲਦੇ ਸਨ।

## ਉਤਪਾਦਨ ਕੀਮਤ ਨੀਤੀ ਤੋਂ ਨੁਕਸਾਨ

ਭਾਵੇਂ ਕਿ ਭਾਰਤੀ ਖਾਦਯ ਨਿਗਮ ਵਲੋਂ ਸਥਾਪਿਤ ਨਵੀਂ ਕੀਮਤ ਨੀਤੀ ਦੇ ਯੋਗਦਾਨ ਸਦਕਾ ਹਰੇ ਇਨਕਲਾਬ ਦੀ ਆਮਦ ਹੋਈ, ਪਰ ਇਨ੍ਹਾਂ ਦੇ ਕੁਝ ਨਾਂਹ ਪੱਖੀ ਪ੍ਰਭਾਵ ਵੀ ਸਾਹਮਣੇ ਆਏ।

ਪਹਿਲਾ, ਵੱਡੇ ਹਿੱਸੇ ਵਿਚ ਸਦਾ ਵਧਦਾ ਹੋਇਆ ਵਿੱਤੀ ਦਬਾਅ ਗ਼ੈਰ ਯੋਗ ਸਬਸਿਡੀਆਂ ਕਰਕੇ ਹੋਰ ਵਧ ਗਿਆ ਜਿਸ ਦਾ ਕੋਈ ਸਮਾਜਿਕ ਤੇ ਆਰਥਿਕ ਲਾਭ ਨਹੀਂ ਹੋਇਆ। ਭਾਰਤੀ ਖਾਦਯ ਨਿਗਮ ਰਾਹੀਂ ਦਿਤੀਆਂ ਜਾਣ ਵਾਲੀਆਂ ਸਬਸਿਡੀਆਂ, ਅਨਾਜ ਦੀ ਖਰੀਦ ਅਤੇ ਆਵਾਜਾਈ ਦੀ ਅਯੋਗਤਾ ਕਰਕੇ ਕੁਝ ਵਧ ਗਈਆਂ ਅਤੇ ਕੁਝ ਭਾਰਤੀ ਖਾਦਯ ਨਿਗਮ ਦੇ ਉੱਚ ਆਰਥਿਕ ਖਰਚਿਆਂ ਦੇ ਚਲਦਿਆਂ ਸਬਸਿਡੀਆਂ ਦੇ ਵਧਦੇ ਹੋਏ ਵਿੱਤ ਕਾਰਨ ਵਧ ਗਈਆਂ।

ਬਾਜ਼ਾਰੀ ਤੱਤ ਤੋਂ ਪ੍ਰੇਰਿਤ ਹੋ ਕੇ, ਖਪਤਕਾਰਾਂ ਨੂੰ ਸਰਕਾਰਾਂ ਕੋਲੋਂ ਮੁਢਲੀ ਕੀਮਤ 'ਤੇ ਖਰੀਦ ਕੇ ਖਰੀਦ ਕੀਮਤਾਂ 'ਤੇ ਵੇਚਣ ਲਈ ਲਾਭ ਲੈਣ ਵਾਸਤੇ ਪ੍ਰੋਤਸਾਹਿਤ ਕੀਤਾ ਗਿਆ। ਕੀਮਤ ਨੀਤੀ ਵਿਚ ਸੁਧਾਰ ਕਰਕੇ ਵਿੱਤੀ ਦਬਾਅ ਨੂੰ ਘੱਟ

ਕਰਨ ਦੀ ਕਿਸੇ ਵੀ ਕੋਸ਼ਿਸ਼ ਦਾ ਭਾਰਤੀ ਖੇਤੀ ਦੀ ਕਿਸਾਨ ਲਾਬੀ ਵਲੋਂ ਜ਼ਬਰਦਸਤ ਵਿਰੋਧ ਕੀਤਾ ਗਿਆ।

ਦੂਜਾ, ਕੀਮਤ ਨੀਤੀ ਨੇ, ਤੰਤਰ ਤੋਂ ਵਸਤਾਂ ਦੇ ਨਿਯੰਤ੍ਰਣ ਅਤੇ ਚੋਰੀ ਦੇ ਪ੍ਰਣਾਲੀਗਤ ਪ੍ਰੋਤਸਾਹਨ ਪੈਦਾ ਕਰ ਦਿਤੇ। ਕੀਮਤ ਨੀਤੀ ਨੇ ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ) ਨਾਲ ਮਿਲੇ ਕੇਸ ਦੋਹਰੇ ਬਾਜ਼ਾਰ ਪੈਦਾ ਕਰ ਦਿਤੇ : ਇਕ ਸਰਕਾਰੀ ਨਿਯੰਤ੍ਰਣ ਵਾਲਾ ਬਾਜ਼ਾਰ ਜਿਸ ਨੂੰ ਜਨਤਕ ਵੰਡ ਪ੍ਰਣਾਲੀ ਦੇ ਮਾਧਿਅਮ ਰਾਹੀਂ ਚਲਾਇਆ ਜਾਂਦਾ ਸੀ ਅਤੇ ਦੂਸਰਾ ਖੁੱਲ੍ਹਾ ਬਾਜ਼ਾਰ ਜਿਸ ਨੂੰ ਨਿੱਜੀ ਵਿਅਕਤੀਆਂ ਵਲੋਂ ਸੰਚਾਲਿਤ ਕੀਤਾ ਜਾਂਦਾ ਸੀ। ਨਿਯੰਤ੍ਰਿਤ ਬਾਜ਼ਾਰ ਵਿਚ ਕੀਮਤਾਂ ਰਾਜ ਅਤੇ ਕੇਂਦਰ ਸਰਕਾਰਾਂ ਵਲੋਂ ਤੈਅ ਕੀਤੀਆਂ ਜਾਂਦੀਆਂ ਹਨ ਜਦ ਕਿ ਖੁੱਲ੍ਹੇ ਬਾਜ਼ਾਰਾਂ ਵਿਚ ਕੀਮਤ ਨਿਰਧਾਰਨ ਬਾਜ਼ਾਰ ਸੰਤੁਲਨ ਦੇ ਮੁਤਾਬਕ ਕੀਤਾ ਜਾਂਦਾ ਹੈ। ਦੋਹਰੇ ਬਾਜ਼ਾਰ ਅਤੇ ਦੋਹਰੀਆਂ ਕੀਮਤਾਂ ਕਾਰਨ ਹੇਠਲੇ ਕੀਮਤ ਪੱਧਰ 'ਤੇ ਉੱਚ ਕੀਮਤ ਪੱਧਰ ਤਕ ਵਸਤਾਂ ਦੀ ਚੋਰੀ ਲਈ ਰਾਹ ਖੁੱਲ੍ਹ ਗਿਆ। ਹੋਰ, ਅਨਾਜ ਦੀਆਂ ਮੁਢਲੀਆਂ ਕੀਮਤਾਂ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਹੁੰਦੀਆਂ ਹਨ ਜਿਸ ਨਾਲ ਕੀਮਤਾਂ ਦੀ ਸਾਲਸੀ ਅਤੇ ਇਕ ਤੋਂ ਦੂਜੇ ਰਾਜ ਤਕ ਤਬਦੀਲੀ ਦੇ ਪ੍ਰੋਤਸਾਹਨ ਵੀ ਪੈਦਾ ਹੋ ਜਾਂਦੇ ਹਨ। ਇਸ ਦੇ ਜਵਾਬ ਵਿਚ ਸਰਕਾਰ ਨੇ ਨਿੱਜੀ ਵਪਾਰੀਆਂ ਦੇ ਅਨਾਜ ਦੀ ਤਬਦੀਲੀ/ਢੋ-ਢੁਆਈ 'ਤੇ ਪਾਬੰਦੀਆਂ ਲਾ ਦਿਤੀਆਂ। ਆਸ ਮੁਤਾਬਕ, ਅਜਿਹੀਆਂ ਪਾਬੰਦੀਆਂ ਕਰਕੇ ਅਨਾਜ ਦੀ ਕਾਲਾ ਬਾਜ਼ਾਰੀ ਸ਼ੁਰੂ ਹੋ ਗਈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਤੋਂ ਵੱਧ ਮੁਨਾਫ਼ਾ ਵੱਟਣ 'ਤੇ ਵੀ ਮਹਿਸੂਸ ਹੋਣਾ ਪਿਆ।

ਤੀਸਰਾ, ਕਿਸਾਨ ਲਾਬੀ ਵਰਗੇ ਦਬਾਅ ਪਾਉਣ ਵਾਲੇ ਸਮੂਹ ਬਣਾਏ ਗਏ ਤਾਂ ਕਿ ਸਰਕਾਰ 'ਤੇ, ਆਪਣੇ ਫ਼ਾਇਦੇ ਲਈ ਕੀਮਤਾਂ ਨਿਰਧਾਰਤ ਕਰਨ ਅਤੇ ਬਦਲਣ ਲਈ ਦਬਾਅ ਬਣਾਇਆ ਜਾ ਸਕੇ। ਇਸ ਕਰਕੇ, ਜਦੋਂ ਵੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਅਨਾਜ ਦੀਆਂ ਕੀਮਤਾਂ ਵਧੀਆਂ, ਸਰਕਾਰ 'ਤੇ ਸਮਰਥਨ ਮੁੱਲ ਵਧਾਉਣ ਦਾ ਅਤਿਅੰਤ ਦਬਾਅ ਪੈ ਜਾਂਦਾ। ਅਸਲ ਵਿਚ, ਕਿਸਾਨ ਲਾਬੀ ਦੇ ਜ਼ਿਆਦਾਤਰ ਧਰਨਿਆਂ, ਪ੍ਰਦਰਸ਼ਨਾਂ ਅਤੇ ਭੁੱਖ ਹੜਤਾਲ ਦਾ ਕੇਂਦਰ ਬਿੰਦੂ ਸਮਰਥਨ ਮੁੱਲ ਵਧਾਉਣਾ ਹੁੰਦਾ ਸੀ (ਲੇਨਬਰਗ, 1988) ਅਤੇ ਅਕਸਰ ਹੀ ਉਹ ਖੇਤੀ ਵਸਤਾਂ ਦੀ ਕੀਮਤ ਵਧਾਉਣ ਲਈ ਸਰਕਾਰ ਨੂੰ ਮਜਬੂਰ ਕਰਨ ਵਿਚ ਸਫਲ ਹੋ ਜਾਂਦੇ ਸਨ (ਲੇਨਬਰਗ, 1988, ਕਾਰਨਿਕ, 1996)। ਅਸਲ ਵਿਚ, ਘੱਟੋ-ਘੱਟ ਸਮਰਥਨ ਮੁੱਲ ਸੀ ਏ ਸੀ ਪੀ ਦੀਆਂ ਸਿਫ਼ਾਰਸ਼ਾਂ ਤੋਂ ਵੱਧ ਮਿਥੇ ਜਾਂਦੇ ਸਨ ਅਤੇ ਸਮੇਂ ਦੇ ਨਾਲ ਸਮੇਂ ਦੀਆਂ ਸਰਕਾਰਾਂ ਲਈ ਸੀ ਏ ਸੀ ਪੀ ਦੀਆਂ ਸਿਫ਼ਾਰਸ਼ਾਂ ਤੋਂ ਵੱਧ ਭਾਅ ਮਿਥਣਾ ਇਕ ਨੇਮ ਬਣ ਕੇ ਰਹਿ ਗਿਆ ਹੈ।

ਚੌਥਾ, ਸਾਰੇ ਖੇਤੀਬਾੜੀ ਬਾਜ਼ਾਰ ਮੁਕਾਬਲੇ ਵਾਲੇ ਨਹੀਂ ਅਤੇ ਨੁਕਸਦਾਰ ਵੀ ਹਨ ਜਿਸ ਦਾ ਨਤੀਜਾ ਕੀਮਤਾਂ ਵਿਚ ਫ਼ਰਕ, ਅਯੋਗ ਖਰੀਦ ਅਤੇ ਭੰਡਾਰਨ, ਜਿਸ ਵਿਚ ਖੁੱਲ੍ਹੇ ਵਿਚ ਭੰਡਾਰਨ ਅਤੇ ਬਾਜ਼ਾਰੀ ਨੀਤੀਆਂ ਦੇ ਰੂਪ ਵਿਚ ਨਿਕਲਦਾ ਹੈ (ਗਾਂਗੁਲੀ ਅਤੇ ਗੁਲਾਟੀ, 2013)। ਕਈ ਵਾਰ, ਅਨਾਜ ਦੇ ਭੰਡਾਰ ਬਹੁਤ ਜ਼ਿਆਦਾ ਹੋ ਜਾਂਦੇ ਜੋ ਵਾਧੂ ਲੋੜੀਂਦੇ ਭੰਡਾਰਨ ਤੋਂ ਕਿਤੇ ਵੱਧ ਹੁੰਦੇ ਸਨ। ਵਾਧੂ ਅਨਾਜ ਨੂੰ ਜੂਨ 2002 ਦੀਆਂ ਨਿਰਯਾਤ ਸਬਸਿਡੀਆਂ ਤਹਿਤ ਨਿਰਯਾਤ ਕਰਨਾ ਪੈਂਦਾ ਜਦੋਂ ਅੰਨ ਦੇ ਭੰਡਾਰ ਨੇ 82 ਮਿਲੀਅਨ ਟਨ ਦਾ ਰਿਕਾਰਡ ਟੀਚਾ ਹਾਸਲ ਕਰ ਲਿਆ ਸੀ।

ਪੰਜਵਾਂ, ਕੁੱਝ ਨੀਤੀ ਦਖ਼ਲਾਂ ਨੇ ਵੀ ਭਾਰਤ ਦੀਆਂ ਖੇਤੀ ਸਮਝੌਤਿਆਂ ਤਹਿਤ ਪ੍ਰਤਿਬੱਧਤਾਵਾਂ ਨੂੰ ਪ੍ਰਭਾਵਿਤ ਕੀਤਾ ਹੈ, ਜੋ ਉਰਗੁਏ ਸਮਝੌਤੇ ਦਾ ਹਿੱਸਾ ਹੈ, ਜਿਸ ਨੂੰ ਵਿਸ਼ਵ ਵਪਾਰ ਸੰਸਥਾ (ਡਬਲਯੂ ਟੀ ਓ) ਵਲੋਂ ਆਪਣੇ ਕੁੱਲ ਸਮਰਥਨ ਦੇ ਪੈਮਾਨੇ ਵਿਚ ਕਟੌਤੀ ਕਰਨ ਲਈ ਸਥਾਪਿਤ ਕੀਤਾ ਗਿਆ ਸੀ ਜਿਸ ਦਾ ਸੰਦਰਭ ਅੰਨ ਸੁਰੱਖਿਆ ਉਦੇਸ਼ਾਂ ਲਈ ਘਰੇਲੂ ਭੰਡਾਰਨ ਸੀ (ਸ੍ਰੀਨਿਵਾਸਨ 2014 ਏ, 2014 ਬੀ)।

ਭਾਰਤ ਨੇ 31 ਜੁਲਾਈ, 2014 ਦੀ ਸਮਾਂ ਸੀਮਾ ਦੇ ਅੰਦਰ ਸੋਧਾਂ ਦੇ ਪ੍ਰੋਟੋਕੋਲ ਨੂੰ ਪ੍ਰਵਾਨ ਨਾ ਕਰਨ ਦਾ ਫ਼ੈਸਲਾ ਲਿਆ। ਇਸ ਤਰ੍ਹਾਂ ਟੀ ਐੱਫ ਏ ਸਮਝੌਤਾ ਵਿਸ਼ਵ ਵਪਾਰ ਸੰਸਥਾ ਦੇ ਆਰਟੀਕਲ 9 ਤਹਿਤ ਲੋੜੀਂਦੀ ਪ੍ਰਵਾਨਗੀ 'ਤੇ ਸਹਿਮਤੀ ਨਾ ਬਣਾ ਕੇ ਵੱਟੇ-ਖਾਤੇ ਪੈ ਗਿਆ।

ਟੀ ਐੱਫ ਏ ਸਮਝੌਤੇ ਦੇ ਨਾਲ ਹੀ, ਬਾਲੀ ਮੰਤਰੀ ਸਮੂਹ ਨੇ ਅੰਨ ਸੁਰੱਖਿਆ ਦੇ ਮੰਤਵ ਲਈ ਭੰਡਾਰਨ ਕਰਨ ਹਿਤ ਇਕ ਮੰਤਰੀ ਸਮੂਹ ਦੇ ਫ਼ੈਸਲੇ 'ਤੇ ਸਹਿਮਤੀ ਪ੍ਰਗਟ ਕੀਤੀ। ਇਸ ਫ਼ੈਸਲੇ ਦੀਆਂ ਦੋ ਮਹੱਤਵਪੂਰਨ ਮੱਦਾਂ ਸਨ : ਪਹਿਲੀ, ਇਕ ਤਥਾਕਥਿਤ, 'ਸ਼ਾਂਤੀ ਜਾਂ ਅਮਨ ਦੀ ਮਦ' ਸੀ ਜਿਹੜੀ ਵਿਸ਼ਵ ਵਪਾਰ ਸੰਸਥਾ ਦੇ ਮੈਂਬਰਾਂ ਨੂੰ ਉਨਾ ਚਿਰ ਵਿਸ਼ਵ ਵਪਾਰ ਸੰਸਥਾ ਦੀ ਝਗੜੇ ਨਜਿੱਠਣ ਵਾਲੀ ਪ੍ਰਣਾਲੀ ਸਾਹਮਣੇ ਲਿਆਉਣ ਤੋਂ ਰੋਕਦੀ ਸੀ (ਜੋ ਉਨ੍ਹਾਂ ਦੀਆਂ ਏ ਐੱਮ ਐੱਸ ਪ੍ਰਤਿਬਧਤਾਵਾਂ ਦੀ ਉਲੰਘਣਾ ਕਰਦੀ ਸੀ) ਜਿੰਨਾ ਚਿਰ ਸਟਾਕ ਭੰਡਾਰਨ ਮੁੱਦੇ ਦਾ ਕੋਈ ਅੰਤਿਮ ਹੱਲ ਨਹੀਂ ਹੋ ਜਾਂਦਾ। ਦੂਜਾ ਸੀ, ਕਿ ਅੰਨ ਸੁਰੱਖਿਆ ਲਈ ਅੰਤਿਮ ਫ਼ੈਸਲਾ 2017 ਵਿਚ ਹੋਣ ਵਾਲੀ 11ਵੀਂ ਮੰਤਰੀ ਸਮੂਹ ਦੀ ਬੈਠਕ ਤੋਂ ਪਹਿਲਾਂ-ਪਹਿਲਾਂ ਲਿਆ ਜਾਣਾ ਚਾਹੀਦਾ ਹੈ, ਜਿਸ ਬਾਰੇ ਚਰਚਾ ਵਿਚ ਪ੍ਰਗਤੀ ਸੰਬੰਧੀ ਰਿਪੋਰਟ 2015 ਵਿਚ ਮੰਤਰੀ ਸਮੂਹ ਦੀ 10ਵੀਂ ਬੈਠਕ ਵਿਚ ਪੇਸ਼ ਕੀਤੀ ਜਾਣੀ ਸੀ। ਸਪੱਸ਼ਟ ਤੌਰ ਤੇ, ਮੰਤਰੀਆਂ ਦੇ ਇਸ ਫ਼ੈਸਲੇ ਨਾਲ ਅੰਨ ਸੁਰੱਖਿਆ ਨਾਲ ਜੁੜੇ ਸਾਰੇ ਮੁੱਦਿਆਂ 'ਤੇ ਚਰਚਾ ਕਰਨ ਲਈ ਢੁਕਵਾਂ ਸਮਾਂ ਮਿਲ ਗਿਆ ਅਤੇ ਨਾਲ ਹੀ ਏ ਐੱਮ ਐੱਸ ਦਾ ਹਿਸਾਬ ਲਾਉਣ ਲਈ ਫਾਰਮੂਲੇ ਲੱਭਣ ਵਾਸਤੇ ਵੀ, ਕਿਉਂਕਿ ਇਸ ਦਾ ਅਸਰ 'ਅਮਨ ਮਦ' 'ਤੇ ਪੈਂਦਾ ਸੀ।

ਇਹ ਦੇਖਣ ਵਾਲੀ ਗੱਲ ਹੈ ਕਿ ਵੈਂਜ਼ੁਏਲਾ ਤੋਂ ਬਿਨਾਂ, ਡਬਲਯੂ ਟੀ ਓ ਦੇ ਵਿਕਾਸਸ਼ੀਲ ਦੇਸ਼ਾਂ ਜਿਨ੍ਹਾਂ ਵਿਚ *ਸਾਫਟਾ* ਅਤੇ *ਬਰਿਕਸ* ਵੀ ਸ਼ਾਮਲ ਹਨ, ਪ੍ਰੋਟੋਕੋਲ ਸੋਧਾਂ ਬਾਰੇ ਉੱਭਰ ਰਹੀ ਸਹਿਮਤੀ ਵਿਚ ਸ਼ਾਮਿਲ ਨਾ ਹੋਣ ਲਈ ਭਾਰਤ ਦੇ ਹੱਕ ਵਿਚ ਨਹੀਂ ਉਤਰਿਆ। ਇਥੇ ਮਸਲਾ ਖਲੋਤਾ ਹੋਇਆ ਸੀ ਜਦੋਂ ਅੱਧ ਨਵੰਬਰ, 2014 ਵਿਚ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਾਲੇ ਇਸ ਮੁੱਦੇ 'ਤੇ ਸਹਿਮਤੀ ਦਾ ਐਲਾਨ ਹੋਇਆ। ਇਸ ਸਮਝੌਤੇ ਦਾ ਪੂਰਾ ਵਿਸਥਾਰ ਹਾਲੇ ਸਾਹਮਣੇ ਆਉਣਾ ਬਾਕੀ ਹੈ। ਅਖ਼ਬਾਰਾਂ ਦੀਆਂ ਰਿਪੋਰਟਾਂ ਅਤੇ ਮੰਤਰੀ ਨਿਰਮਲਾ ਸੀਤਾਰਮਨ ਵਲੋਂ 15 ਨਵੰਬਰ, 2014 ਨੂੰ ਇਕ ਟੀ.ਵੀ. ਚੈਨਲ ਨੂੰ ਦਿਤੇ ਵਿਸ਼ੇਸ਼ ਇੰਟਰਵਿਊ ਤੋਂ ਇੰਜ ਜਾਪਦਾ ਹੈ ਕਿ ਅਮਰੀਕਾ ਨੇ ਭਾਰਤ ਦੀ 'ਅਮਨ ਮਦ' ਵਿਚ ਅਣਮਿੱਥੇ ਸਮੇਂ ਦੇ ਵਾਧੇ ਦੀ ਗੱਲ ਮੰਨ ਲਈ ਹੈ ਤਾਂ ਜੋ ਭਾਰਤ ਕਿਸੇ ਵੀ ਪੱਧਰ 'ਤੇ ਆਪਣੀ ਇੱਛਾ ਮੁਤਾਬਕ ਘਰੇਲੂ ਖੇਤੀਬਾੜੀ ਉਤਪਾਦਨ 'ਤੇ ਸਬਸਿਡੀ ਦੇਣ ਲਈ ਆਜ਼ਾਦ ਹੋ ਸਕੇ। ਇਸੇ ਅਨੁਸਾਰ ਹੀ, ਜਿਥੋਂ ਤਕ ਭਾਰਤ ਦਾ ਸੰਬੰਧ ਹੈ, ਅਮਰੀਕਾ ਕਿਸੇ ਵੀ ਚੁਣੇ ਗਏ ਪੱਧਰ

'ਤੇ ਉਤਪਾਦਕ ਸਮਰਥਨ ਮਿਥਣ ਲਈ ਆਜ਼ਾਦ ਹੈ।

ਅਮਰੀਕਾ-ਭਾਰਤ ਸਮਝੌਤੇ ਬਾਰੇ ਹਾਲੇ ਡਬਲਯੂ ਟੀ ਓ ਦੀ ਆਮ ਸਭਾ ਵਲੋਂ ਡਬਲਯੂ ਟੀ ਓ ਦੀ ਫ਼ੈਸਲੇ ਲੈਣ ਵਾਲੀ ਸਰਵੋਚ ਸਭਾ ਹੈ। ਜਦੋਂ ਇਹ ਮਿਲੇਗੀ ਤਾਂ ਇਹ ਅਮਰੀਕਾ-ਭਾਰਤ ਸਮਝੌਤੇ ਨੂੰ ਹੋਰਨਾਂ ਦੇਸ਼ਾਂ ਲਈ ਲਾਗੂ ਕਰਨ ਅਤੇ ਦੋਹਾ ਦੌਰ ਗੱਲਬਾਤ ਨੂੰ ਦੁਬਾਰਾ ਸ਼ੁਰੂ ਕਰਨ ਦਾ ਫ਼ੈਸਲਾ ਲੈ ਸਕਦੀ ਹੈ। ਦੂਜੇ ਪਾਸੇ, ਇਹ ਅਮਰੀਕਾ-ਭਾਰਤ ਸਮਝੌਤੇ ਨੂੰ ਨਜ਼ਰ-ਅੰਦਾਜ਼ ਵੀ ਕਰ ਸਕਦੀ ਹੈ ਅਤੇ ਸੋਧਾਂ ਦੇ ਪ੍ਰੋਟੋਕੋਲ ਬਾਰੇ ਵੋਟਾਂ ਵੀ ਪੁਆ ਸਕਦੀ ਹੈ ਜਿਸ ਬਾਰੇ ਡਬਲਯੂ ਟੀ ਓ ਦੇ ਆਰਟੀਕਲ 9 ਵਿਚ ਆਗਿਆ ਦਿਤੀ ਗਈ ਹੈ ਕਿ ਜਦੋਂ ਕੋਈ ਸਹਿਮਤੀ ਨਾ ਬਣ ਸਕੇ। ਜੇ ਵੋਟਾਂ ਪੈ ਗਈਆਂ ਤਾਂ ਯਕੀਨੀ ਤੌਰ ਤੇ ਭਾਰਤ ਦੀ ਹਾਰ ਹੋਵੇਗੀ ਅਤੇ ਫਿਰ ਡਬਲਯੂ ਟੀ ਓ ਦੇ ਬਾਕੀ ਮੈਂਬਰ ਇਹ ਫ਼ੈਸਲਾ ਕਰਨਗੇ ਕਿ ਭਾਰਤ ਨੂੰ ਡਬਲਯੂ ਟੀ ਓ ਦਾ ਮੈਂਬਰ ਬਣੇ ਰਹਿਣ ਦੇਣਾ ਹੈ ਜਾਂ ਨਹੀਂ। ਭੂਗੋਲਿਕ ਸਚਾਈ ਇਹ ਸੁਝਾਉਂਦੀ ਹੈ ਕਿ ਅਜਿਹੀ ਵੋਟਿੰਗ ਹੋਣ ਦੀ ਕੋਈ ਸੰਭਾਵਨਾ ਨਹੀਂ ਅਤੇ ਇਕ ਉਦਾਰ ਜਿਹਾ ਸਮਝੌਤਾ ਹੋ ਜਾਵੇਗਾ, ਜਿਵੇਂ ਕਿ 'ਅਮਨ ਮਦ' ਨੂੰ ਅਣਮਿਥੇ ਸਮੇਂ ਦੀ ਬਜਾਇ 2019 ਤਕ ਵਧਾਉਣਾ (ਜਿਵੇਂ ਕਿ ਭਾਰਤ ਚਾਹੁੰਦਾ ਹੈ) ਅਤੇ ਦੋਹਾ ਦੌਰ ਦੀ ਗੱਲਬਾਤ ਨੂੰ ਮੁੜ ਤੋਂ ਸ਼ੁਰੂ ਕਰਨਾ। ਕੁੱਲ ਮਿਲਾ ਕੇ, ਹਰੇ ਇਨਕਲਾਬ ਦੇ ਸਮਰਥਨ ਵਿਚ ਭੂਤਕਾਲ ਵਿਚ ਲਾਗੂ ਕੀਤੇ ਗਏ ਨੀਤੀ ਦਖ਼ਲਾਂ ਕਾਰਨ, ਅੱਜ ਭਾਰਤ ਅਜਿਹੇ ਫ਼ੈਸਲੇ ਲੈ ਰਿਹਾ ਹੈ ਜਿਸ ਦਾ ਨਿਗੂਣਾ ਜਾਂ ਕੋਈ ਵੀ ਲਾਭ ਨਹੀਂ।

## ਸੰਖੇਪ-ਸਾਰ ਅਤੇ ਨਿਚੋੜ

1960ਵਿਆਂ ਦੇ ਅੱਧ ਵਿਚ ਕਈ ਪੱਖਾਂ ਨੇ ਭਾਰਤ ਨੂੰ ਭਾਵੀ ਅੰਨ ਸੰਕਟ ਤੋਂ ਬਚਾਉਣ ਵਿਚ ਭੂਮਿਕਾ ਨਿਭਾਈ ਜਿਨ੍ਹਾਂ ਵਿਚ ਸਭ ਤੋਂ ਵੱਧ ਅਹਿਮ ਐੱਚ ਵਾਈ ਵੀ ਬੀਜਾਂ ਨਾਲ ਖੇਤੀ ਕਰਕੇ ਖੇਤੀਬਾੜੀ ਉਪਜ ਵਿਚ ਹੋਇਆ ਜ਼ਬਰਦਸਤ ਵਾਧਾ ਸੀ ਜਿਸ ਨੂੰ ਹਰੇ ਇਨਕਲਾਬ ਦਾ ਨਾਂ ਦਿਤਾ ਗਿਆ। ਐੱਚ ਵਾਈ ਵੀ ਬੀਜਾਂ ਵਿਚ ਉੱਚ ਖੇਤੀ ਉਤਪਾਦਨ/ਝਾੜ ਦੇ ਵਿਰਾਸਤੀ ਗੁਣ ਹਨ ਬਸ਼ਰਤੇ ਉਨ੍ਹਾਂ ਦੀ ਬਿਜਾਈ ਸਮੇਂ ਢੁਕਵੀਂ ਮਾਤਰਾ ਵਿਚ ਖਾਦਾਂ ਦੀ ਵਰਤੋਂ ਅਤੇ ਪਾਣੀ ਦੀ ਨਿਯਮਤ ਪੂਰਤੀ ਕੀਤੀ ਜਾਵੇ। ਇਨ੍ਹਾਂ ਦੀਆਂ ਸੰਭਾਵਨਾਵਾਂ ਦੀ ਪਛਾਣ ਕਰਦਿਆਂ, ਭਾਰਤ ਸਰਕਾਰ ਨੇ ਨਾਮੀ ਖੇਤੀ ਵਿਗਿਆਨਕਾਂ ਦੀ ਮਦਦ ਨਾਲ 1965 ਵਿਚ ਇਕ ਨਵੀਂ ਖੇਤੀਬਾੜੀ ਰਣਨੀਤੀ ਅਪਣਾਈ ਜਿਸ ਦਾ ਕੇਂਦਰ ਬਿੰਦੂ ਤਕਨਾਲੋਜੀ ਤੌਰ ਤੇ ਆਧੁਨਿਕ ਐੱਚ ਵਾਈ ਪੀ ਬੀਜਾਂ ਦੀ ਬਿਜਾਈ ਸੀ। ਇਸ ਬਿਜਾਈ ਨੂੰ ਕਈ ਨੀਤੀ ਦਖ਼ਲਾਂ ਦੇ ਪ੍ਰੋਤਸਾਹਨ ਦਿਤੇ ਗਏ, ਜੋ ਤਕਨਾਲੋਜੀ, ਨੀਤੀ, ਸੰਸਥਾਨ ਅਤੇ ਰਾਜਨੀਤੀ ਦੇ ਇਕ ਜਟਿਲ ਸੰਵਾਦ ਵਿਚ ਆਪਸ ਵਿਚ ਜੁੜੇ ਹੋਏ ਸਨ। ਇਸ ਦਾ ਨਤੀਜਾ ਆਖਰ ਨੂੰ ਹਰੇ ਇਨਕਲਾਬ ਦੇ ਰੂਪ ਵਿਚ ਨਿਕਲਿਆ। ਪਰ, ਪ੍ਰੋਤਸਾਹਨ ਦਿਤੇ ਜਾਣ ਦਾ ਨਤੀਜਾ ਆਰਥਿਕ ਅਤੇ ਵਾਤਾਵਰਣਿਕ ਹਾਨੀਆਂ ਦੇ ਰੂਪ ਵਿਚ ਵੀ ਨਿਕਲਿਆ ਜੋ ਭਾਰਤ ਵਿਚ ਅੱਜ ਦੇ ਸਮੇਂ ਖੇਤੀ ਉਤਪਾਦਨ ਅਤੇ ਵੰਡ ਨੂੰ ਨੁਕਸਾਨ ਪਹੁੰਚਾ ਰਹੇ ਹਨ। ਇਸ ਪਰਚੇ ਵਿਚ ਉਨ੍ਹਾਂ ਤਕਨਾਲੋਜੀ ਨੀਤੀ ਸੰਵਾਦਾਂ ਨੂੰ ਦਸਤਾਵੇਜ਼ੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਭਾਰਤ ਵਿਚ ਹਰੇ ਇਨਕਲਾਬ ਨੂੰ ਲਿਆਉਣ ਲਈ ਜ਼ਿੰਮੇਵਾਰ ਸਨ।

ਐੱਚ ਵਾਈ ਵੀ ਤਕਨਾਲੋਜੀ ਅਪਣਾ ਕੇ ਖੇਤੀ ਉਤਪਾਦਨ ਵਿਚ ਭਾਰੀ ਵਾਧਾ ਤਾਂ ਹੀ ਸੰਭਵ ਹੈ ਜੇ ਢੁਕਵੀਂ ਮਾਤਰਾ ਵਿਚ ਖਾਦਾਂ ਅਤੇ ਪਾਣੀ ਦੀ ਨਿਯਮਤ ਪੂਰਤੀ ਉਪਲਬਧ ਹੈ। ਇਸ ਕਰਕੇ, ਸਰਕਾਰ ਨੇ ਕੀਮਤਾਂ ਦੇ ਨਿਰਧਾਰਨ ਦੁਆਰਾ ਘਰੇਲੂ ਖਾਦ ਉਤਪਾਦਨ ਨੂੰ ਪ੍ਰੋਤਸਾਹਨ ਦਿਤੇ ਜਿਸ ਨਾਲ ਖਾਦ ਉਦਯੋਗਾਂ ਦੇ ਨਿਵੇਸ਼ ਦੇ ਇਵਜ਼ ਵਿਚ ਉਪਯੁਕਤ ਲਾਭ ਅਤੇ ਉੱਚਿਤ ਕੀਮਤ ਤੇ ਕਿਸਾਨਾਂ ਨੂੰ ਇਸ ਦੀ ਉਪਲਬਧਤਾ ਨਿਸ਼ਚਿਤ ਹੋਈ। ਇਸ ਨੇ ਟਿਊਬਵੈੱਲ ਅਤੇ ਖੂਹ ਲਾਉਣ ਲਈ ਪੰਪਾਂ ਅਤੇ ਬਿਜਲੀ 'ਤੇ ਸਬਸਿਡੀਆਂ ਅਤੇ ਕਰਜ਼ਾ ਉਪਲਬਧ ਕਰਵਾ ਕੇ ਆਪਣਾ ਯੋਗਦਾਨ ਪਾਇਆ। ਜਦਕਿ ਇਨ੍ਹਾਂ ਨੀਤੀ ਯੰਤਰਾਂ ਨੇ ਖੇਤੀ ਉਤਪਾਦਨ ਦੇ ਲਾਗਤ ਪੱਖ ਦੀ ਸਮੱਸਿਆ ਹੱਲ ਕੀਤੀ ਉਥੇ ਹੀ ਉਤਪਾਦਨ ਪੱਖ ਵਿਚ ਵੀ ਕਈ ਨੀਤੀ ਦਖ਼ਲ ਕੀਤੇ ਗਏ। ਇਨ੍ਹਾਂ ਦਾ ਉਦੇਸ਼ ਉੱਚ ਲਾਭ ਵਾਲੀਆਂ ਕੀਮਤਾਂ ਦੇ ਕੇ ਖੇਤੀ ਉਤਪਾਦਨ ਅਤੇ ਉਤਪਾਦਿਕਤਾ ਵਧਾਉਣ ਲਈ ਕਿਸਾਨਾਂ ਨੂੰ ਪ੍ਰੋਤਸਾਹਿਤ ਕਰਨਾ ਸੀ। ਇਸ ਨੇ ਵਿਸ਼ਵ ਵਿਚ ਅਨਾਜ ਅਤੇ ਖਾਦ ਕੀਮਤਾਂ ਵਿਚਲੇ ਖ਼ਤਰਿਆਂ ਅਤੇ ਉਤਾਰ-ਚੜ੍ਹਾਵਾਂ ਤੋਂ ਭਾਰਤ ਦੇ ਖੇਤੀ ਬਾਜ਼ਾਰਾਂ ਨੂੰ ਬਚਾਈ ਰੱਖਣ ਵਿਚ ਵੀ ਯੋਗਦਾਨ ਪਾਇਆ। ਸਰਕਾਰ ਵਲੋਂ ਅਨਾਜ ਖਰੀਦ ਕੇ ਵਾਧੂ ਭੰਡਾਰਨ ਦਾ ਪ੍ਰਬੰਧ ਕੀਤਾ ਗਿਆ ਤਾਂ ਜੋ ਖਪਤਕਾਰਾਂ, ਖ਼ਾਸ ਕਰਕੇ ਗਰੀਬਾਂ ਲਈ ਅੰਨ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਹਰੇ ਇਨਕਲਾਬ ਨਾਲ ਸੰਬੰਧਿਤ ਇਨ੍ਹਾਂ ਤਕਨਾਲੋਜੀਆਂ ਅਤੇ ਨੀਤੀਗਤ ਸੰਵਾਦਾਂ ਵਿਚ, ਇਕ ਸਾਂਝਾ ਵਿਸ਼ਾ ਵੇਖਿਆ ਜਾ ਸਕਦਾ ਹੈ। ਇਨ੍ਹਾਂ ਸਾਰਿਆਂ ਨੇ ਭਾਰਤ ਵਿਚ ਹਰੇ ਇਨਕਲਾਬ ਦੀ ਸਫਲਤਾ ਵਿਚ ਯੋਗਦਾਨ ਪਾਇਆ ਹੈ ਪਰ ਹੁਣ ਇਹ ਸਾਰੇ ਵਾਤਾਵਰਣਿਕ ਅਤੇ ਆਰਥਿਕ ਹਾਨੀਆਂ ਵਿਚ ਹਿੱਸਾ ਪਾ ਰਹੇ ਹਨ ਜੋ ਅਸਲ ਵਿਚ, ਖੇਤੀ ਉਤਪਾਦਨ ਅਤੇ ਉਤਪਾਦਿਕਤਾ ਨੂੰ ਘੱਟ ਕਰ ਰਹੇ ਹਨ। ਸਾਰੇ ਹੀ ਵਿਗਾੜ ਕੋਈ ਸਮਾਜਿਕ ਉਦੇਸ਼ ਪੂਰਾ ਨਹੀਂ ਕਰਦੇ ਅਤੇ ਬਹੁਤ ਸਾਰਿਆਂ ਦੇ ਪਿੱਛੇ ਰਾਜਨੀਤੀ ਸੀ। ਜਿਹੜੀਆਂ ਨੀਤੀਆਂ ਐੱਚ ਵਾਈ ਵੀ ਦੀ ਸ਼ੁਰੂਆਤੀ ਅਨੁਕੂਲਣ ਅਤੇ ਲਾਭਕਾਰੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਬਣਾਈਆਂ ਗਈਆਂ ਸਨ, ਉਨ੍ਹਾਂ ਨੂੰ ਮੁਢਲੇ ਪੱਧਰ ਤੋਂ ਬਾਅਦ ਵੀ ਜਾਰੀ ਰੱਖਿਆ ਗਿਆ। ਸਮਾਂ ਆ ਗਿਆ ਹੈ ਕਿ ਸਰਕਾਰ ਸਮਾਂਬਧ ਤਰੀਕੇ ਨਾਲ ਇਨ੍ਹਾਂ ਨੀਤੀਆਂ ਨੂੰ ਖਤਮ ਜਾਂ ਘੱਟੋ-ਘੱਟ ਇਸ ਤਰ੍ਹਾਂ ਸੁਧਾਰ ਕਰੇ ਜਿਸ ਨਾਲ ਇਨ੍ਹਾਂ ਦੇ ਮਹਿੰਗੇ ਸਮਾਜਿਕ ਵਿਗਾੜ ਦੂਰ ਹੋ ਸਕਣ ਅਤੇ ਇਨ੍ਹਾਂ ਦੇ ਸਮਾਜਿਕ ਫ਼ਾਇਦੇ ਜਾਰੀ ਰਹਿਣ। ਇਹ ਸਪੱਸ਼ਟ ਹੋ ਗਿਆ ਹੈ ਕਿ ਇਹ ਨੀਤੀਆਂ 'ਖਤਮ ਹੋਣ ਵਾਲੀ ਮਦ' ਤੋਂ ਬਿਨਾਂ ਜਾਰੀ ਕੀਤੀਆਂ ਗਈਆਂ ਸਨ ਜਿਸ ਨਾਲ ਇਕ ਮਿਥੇ ਸਮੇਂ ਉਪਰੰਤ ਇਨ੍ਹਾਂ ਨੀਤੀਆਂ ਦੀ ਸਮੀਖਿਆ ਹੋ ਸਕਦੀ, ਇਹ ਫ਼ੈਸਲਾ ਕਰਨ ਲਈ ਕਿ ਇਨ੍ਹਾਂ ਦਾ ਪੁਨਰ ਨਵੀਨੀਕਰਨ ਕੀਤਾ ਜਾਵੇ ਜਾਂ ਖ਼ਤਮ ਕੀਤਾ ਜਾਵੇ। ਅਜਿਹਾ ਲਗਦਾ ਹੈ ਕਿ ਇਹ ਨੀਤੀਆਂ ਕੰਮ ਚਲਾਊ ਆਧਾਰ 'ਤੇ ਬਣਾਈਆਂ ਗਈਆਂ ਸਨ ਤਾਂ ਜੋ ਸਰਕਾਰ ਨੂੰ ਦਰਪੇਸ਼ ਮਸਲਿਆਂ ਦਾ ਹੱਲ ਕੀਤਾ ਜਾ ਸਕੇ ਬਜਾਇ ਕਿ ਇਨ੍ਹਾਂ ਸਮੱਸਿਆਵਾਂ ਦੇ ਲੰਮੇ ਸਮੇਂ ਦੇ ਸਥਾਈ ਹੱਲ ਕਰਨ ਦੇ।

*(ਲੇਖਕ ਕ੍ਰਮਵਾਰ ਪ੍ਰੋਫ਼ੈਸਰ ਤੇ ਸੀਨੀਅਰ ਫੈਲੋ, ਸੈਂਟਰ ਫਾਰ ਟੈਕਨਾਲੋਜੀ ਐਂਡ ਪਾਲਿਸੀ, ਆਈ ਆਈ ਟੀ ਮਦਰਾਸ ਅਤੇ ਅਸਿਸਟੈਂਟ ਪਾਲਿਸੀ ਐਨਾਲਿਸਟ, ਰੈਂਡ ਕਾਰਪੋਰੇਸ਼ਨ, ਸਾਂਤਾ ਮੋਨਿਕਾ, ਕੈਲੀਫੋਰਨੀਆ, ਅਮਰੀਕਾ ਹਨ।)*

# ਪ੍ਰਵਾਸੀ ਭਾਰਤੀ ਦੀ ਮਹਾਤਮਾ ਬਣਨ ਦੀ ਯਾਤਰਾ

9 ਜਨਵਰੀ 1915, ਅਰਬ ਸਾਗਰ ਦੀਆਂ ਸ਼ਾਂਤ ਲਹਿਰਾਂ ਵਿਚ ਇਕ ਜਹਾਜ਼ ਹੌਲੀ-ਹੌਲੀ ਮੁੰਬਈ ਦੀ ਅਪੋਲੋ ਬੰਦਰਗਾਹ ਦੀ ਤਰਫ਼ ਵਧ ਰਿਹਾ ਹੈ, ਸਮੁੰਦਰ ਦੇ ਕਿਨਾਰੇ ਵੱਡੀ ਗਿਣਤੀ ਵਿਚ ਲੋਕ ਮਹਾਤਮਾ ਗਾਂਧੀ ਦੇ ਨਾਅਰੇ ਲਗਾ ਰਹੇ ਹਨ, ਸਤਿਯਾਗ੍ਰਹਿ ਦੀ ਮੱਧਮ ਆਵਾਜ਼ ਮਾਹੌਲ ਵਿਚ ਜਦ ਤਕ ਗੂੰਜ ਉੱਠਦੀ ਹੈ। ਭੀੜ ਦਾ ਉਤਸ਼ਾਹ ਬੇਕਾਬੂ ਹੁੰਦਾ ਜਾ ਰਿਹਾ ਹੈ, ਭੀੜ ਦੇ ਜਨੂੰਨ ਨੂੰ ਦੇਖਦੇ ਹੋਏ ਲੱਗ ਰਿਹਾ ਹੈ, ਉਹ ਕਿਸੇ ਦੇਵਦੂਤ ਦਾ ਇੰਤਜ਼ਾਰ ਕਰ ਰਹੇ ਹਨ, ਜੋ ਆਜ਼ਾਦੀ ਦੀ ਹਵਾ ਉਨ੍ਹਾਂ ਲਈ ਖੋਲ੍ਹ ਦੇਵੇਗਾ, ਉਨ੍ਹਾਂ ਨੂੰ ਬੇੜੀਆਂ ਤੋਂ ਆਜ਼ਾਦ ਕਰ ਦੇਵੇਗਾ, ਪਰ ਦੂਰ ਜਹਾਜ਼ 'ਤੇ ਲੰਦਨ ਦੇ ਰਸਤੇ ਦੱਖਣੀ ਅਫ਼ਰੀਕਾ ਤੋਂ ਸਵਦੇਸ਼ ਮੁੜ ਰਿਹਾ ਪਤਲਾ ਜੇਹਾ ਇਕ ਵਿਅਕਤੀ ਚੁੱਪਚਾਪ ਖੜ੍ਹਾ ਹੈ। ਉਸ ਦੀਆਂ ਨਜ਼ਰਾਂ ਭਾਵੇਂ ਉਨ੍ਹਾਂ ਤਰਫ਼ ਹਨ ਪਰ ਮਨ ਕਿਤੇ ਹੋਰ ਭਟਕ ਰਿਹਾ ਹੈ। ਸਮੁੰਦਰ ਸ਼ਾਂਤ ਹੈ ਪਰ ਉਸ ਦੇ ਮਨ ਵਿਚ ਲਹਿਰਾਂ ਉੱਠ ਰਹੀਆਂ ਹਨ, ਉਸ ਦੇ ਮਨ ਵਿਚ ਲਗਾਤਾਰ ਬੀਤੇ ਕੱਲ੍ਹ ਦੇ ਨਾਲ-ਨਾਲ ਭਲਕ ਨੂੰ ਲੈ ਕੇ ਵਿਚਾਰਾਂ ਦਾ ਮੰਥਨ ਚੱਲ ਰਿਹਾ ਹੈ। ਸਭਨਾਂ ਦਿਆਂ ਮਨਾਂ ਵਿਚ ਦੱਖਣੀ ਅਫ਼ਰੀਕਾ ਵਿਚ ਪ੍ਰਵਾਸੀ ਭਾਰਤੀਆਂ ਦੇ ਹੱਕਾਂ ਦੀ ਸਫਲ ਲੜਾਈ ਲੜ ਕੇ ਵਾਪਸ ਆਉਣ ਵਾਲੇ ਸਤਿਯਾਗ੍ਰਹੀ ਨੂੰ ਲੈ ਕੇ ਕਿੰਨੀਆਂ ਉਮੀਦਾਂ ਹਨ, ਇਥੋਂ ਤਕ ਆਪਣੇ ਦੇਸ਼ ਵਿਚ ਕਿ ਆਜ਼ਾਦੀ ਦਾ ਸੰਖ ਵਜਾਉਣ ਲਈ ਇੰਨੀਆਂ ਇਛਾਵਾਂ, ਆਜ਼ਾਦੀ ਦੀਆਂ ਖੁੱਲ੍ਹੀਆਂ ਹਵਾਵਾਂ ਵਿਚ ਸਾਹ ਲੈਣ ਦੀ ਬੇਚੈਨੀ, ਇੰਨੇ ਸੁਪਨੇ, ਇੰਨੀਆਂ ਉਮੀਦਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ... ਜਨ ਸਮੂਹ ਦੀ ਬੇਚੈਨੀ ਲਗਾਤਾਰ ਉਸ ਵਿਅਕਤੀ ਦੀ ਬੇਚੈਨੀ ਵੀ ਵਧ ਰਹੀ ਹੈ, ਉਸ ਦੇ ਮਨ ਵਿਚ ਆਪਣੇ ਦੱਖਣੀ ਅਫ਼ਰੀਕਾ ਪ੍ਰਵਾਸ ਦੇ ਪੰਨੇ ਦਰ ਪੰਨੇ ਖੁੱਲ੍ਹਦੇ ਜਾ ਰਹੇ ਹਨ।

ਜਹਾਜ਼ ਦੀ ਡੈੱਕ 'ਤੇ ਖੜ੍ਹੇ ਉਸ ਵਿਅਕਤੀ ਦੀ ਸੁੰਨੀ ਜਿਹੀ ਅੱਖ ਨਮ ਹੁੰਦੀ ਜਾ ਰਹੀ ਹੈ। ਇਹ ਵਿਅਕਤੀ ਗੁਜਰਾਤ ਦੇ ਮੋਹਨਦਾਸ ਕਰਮਚੰਦ ਗਾਂਧੀ, ਸਿਰਫ਼ 24 ਸਾਲ ਦੀ ਉਮਰ ਵਿਚ ਸਾਲ 1893 ਵਿਚ ਜੋ ਮੋਹਨਦਾਸ ਇਕ ਪ੍ਰਵਾਸੀ ਭਾਰਤੀ ਦੇ ਰੂਪ ਵਿਚ ਆਪਣਾ ਦੇਸ਼ ਛੱਡ 7 ਸਮੁੰਦਰ ਪਾਰ ਦੱਖਣੀ ਅਫ਼ਰੀਕਾ ਵਿਚ ਵਕਾਲਤ ਕਰਨ ਗਿਆ, ਇਹ ਵਿਅਕਤੀ 21 ਸਾਲ ਬਾਅਦ ਇਕ ਸਫਲ ਵਕੀਲ, ਨਹੀਂ ਇਕ ਮਹਾਤਮਾ ਅਤੇ ਸਤਿਯਾਗ੍ਰਹੀ ਬਣ ਮੁੜਿਆ ਹੈ, ਉਥੇ ਨਸਲੀ ਹਿੰਸਾ ਦੇ ਸ਼ਿਕਾਰ ਭਾਰਤ ਵਾਸੀਆਂ ਦੇ ਹੱਕਾਂ ਦੀ ਅਹਿੰਸਕ ਸਫਲ ਲੜਾਈ ਲੜਨ ਦੀਆਂ ਗਥਾਵਾਂ ਸੁਣ-ਸੁਣ ਕੇ, ਉਸ ਦੇਸ਼ ਦੇ ਲੋਕਾਂ ਨੇ ਕਿੰਨੀਆਂ ਹੀ ਉਮੀਦਾਂ ਲਗਾ ਰੱਖੀਆਂ ਹਨ, ਜਹਾਜ਼ ਦੇ ਡੈੱਕ 'ਤੇ ਖੜ੍ਹੇ ਉਸ ਪਤਲੇ ਵਿਅਕਤੀ ਦੇ ਮਨ ਵਿਚ ਸਮ੍ਰਿਤੀਆਂ ਦੀ ਫ਼ਿਲਮ ਸੀ ਚੱਲ ਰਹੀ ਹੈ।

ਵਲੈਤ ਤੋਂ ਬਰੈਸਟਰੀ ਦੀ ਪੜ੍ਹਾਈ ਕਰਨ ਦੇ ਬਾਵਜੂਦ ਜਦ ਮੁੰਬਈ ਅਤੇ ਆਪਣੇ ਘਰ (ਰਾਜ ਗੁਜਰਾਤ) ਜਦ ਵਕਾਲਤ ਚੱਲੀ ਨਹੀਂ ਤਾਂ ਕਿਵੇਂ 1893 ਵਿਚ ਏਕਾਇਕ ਦੱਖਣੀ ਅਫ਼ਰੀਕਾ ਦੇ ਇਕ ਭਾਰਤੀ ਮੂਲ ਦੇ ਇਕ ਕਾਰੋਬਾਰੀ ਦਾਦਾ ਅਬਦੁੱਲਾ ਨੂੰ ਆਪਣੇ ਸੰਬੰਧੀਆਂ ਨਾਲ ਕਾਰੋਬਾਰੀ ਲੈਣ-ਦੇਣ ਨੂੰ ਲੈ ਕੇ ਕਾਨੂੰਨੀ ਝਗੜਾ ਲੜਨ ਲਈ ਗੁਜਰਾਤੀ ਭਾਸ਼ਾ ਜਾਣਨ ਵਾਲੇ ਵਕੀਲ ਦੀ ਜ਼ਰੂਰਤ ਪਈ ਅਤੇ ਕਿਸੇ ਨੇ ਉਨ੍ਹਾਂ ਨੂੰ ਦੂਰ ਦੇਸ਼ ਗੁਜਰਾਤ ਵਿਚ ਮੋਹਨ ਦਾਸ ਦਾ ਨਾਂ ਦੱਸਿਆ, ਉਨ੍ਹਾਂ ਨੇ ਮੋਹਨ ਦਾਸ ਦੇ ਦੱਖਣੀ ਅਫ਼ਰੀਕਾ ਆਉਣ ਦੀ ਯਾਤਰਾ ਵਿਵਸਥਾ ਤਰਫ਼ੋਂ ਉਹ – ਐੱਸ ਐੱਸ ਸਫ਼ਾਰੀ ਜਹਾਜ਼ 'ਤੇ ਰਵਾਨਾ ਹੋ ਕੇ 24 ਮਈ 1893 ਨੂੰ ਡਰਬਨ ਉਤਰੇ ਜਿਥੇ ਸਿਰਫ਼ ਵਕਾਲਤ ਹੀ ਨਹੀਂ, ਸਦੀ ਦੇ ਇਕ ਮਹਾਂਨਾਇਕ ਦੀ ਭੂਮਿਕਾ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਸੀ। ਉਹ ਵਕਤ ਇਸ ਤਰ੍ਹਾਂ ਦਾ ਸੀ ਜਦ ਕਿ ਉਥੇ ਪ੍ਰਵਾਸੀ ਭਾਰਤੀਆਂ ਨਾਲ ਨਸਲ ਭੇਦ ਅਤੇ ਭੇਦਭਾਵ ਦਾ ਮੁੱਦਾ ਗਰਮ ਸੀ। ਰੋਜ਼ੀ-ਰੋਟੀ ਦੀ ਖਾਤਰ ਆਪਣੇ ਘਰਾਂ ਤੋਂ ਹਜ਼ਾਰਾਂ ਮੀਲ ਦੂਰ ਗਏ ਇਨ੍ਹਾਂ ਭਾਰਤੀਆਂ ਦੀ ਬਦਹਾਲੀ ਦੀ ਝਲਕ ਉਨ੍ਹਾਂ ਨੂੰ ਜਾਂਦਿਆਂ ਹੀ ਮਿਲ ਗਈ, ਉਥੇ ਜਾਣ ਦੇ ਕੁਝ ਦਿਨ ਬਾਅਦ ਹੀ ਉਨ੍ਹਾਂ ਦੇ ਮੁਵੱਕਲ ਅਬਦੁੱਲਾ ਉਨ੍ਹਾਂ ਨੂੰ ਮੁਕੱਦਮੇ ਦੀ ਸੁਣਵਾਈ ਤੋਂ ਪਹਿਲਾਂ ਅਦਾਲਤ ਵਿਖਾਉਣ ਲੈ ਗਏ, ਪਰ ਅਦਾਲਤ ਅੰਦਰ ਵੜਨ ਤੋਂ ਪਹਿਲਾਂ ਉਨ੍ਹਾਂ ਨੂੰ ਉਨ੍ਹਾਂ ਦੀ ਪਗੜੀ ਉਤਾਰਨ ਤੋਂ ਉਸੇ ਅਦਾਲਤ ਤੋਂ ਬਾਹਰ ਰੱਖਣ ਲਈ ਕਿਹਾ ਗਿਆ, ਮੋਹਨਦਾਸ ਨੇ ਸਾਫ਼ ਇਨਕਾਰ ਕਰਦੇ ਹੋਏ ਕਿਹਾ ਕਿ ਪਗੜੀ ਉਤਾਰਨਾ ਭਾਰਤ ਵਿਚ ਬੁਰਾ ਸਮਝਿਆ ਜਾਂਦਾ ਹੈ ਅਤੇ ਉਹ ਅਦਾਲਤ ਦੇ ਦਰਵਾਜ਼ੇ ਤੋਂ ਬਾਹਰੋਂ ਹੀ ਮੁੜ ਗਏ। ਇਕ ਸਥਾਨਕ ਨਟਾਲ ਐਡਵਰਟਾਇਜ਼ਰ ਅਖ਼ਬਾਰ ਵਲੋਂ ਸਨਮਾਨ ਨੂੰ ਸਰਵੋਤਮ ਮੰਨਣ ਵਾਲੇ ਇਸ ਪ੍ਰਵਾਸੀ ਭਾਰਤੀ ਦੀ ਇਹ ਅਖ਼ਬਾਰ ਛਾਪਦੇ ਹੀ ਆਤਮ ਸਨਮਾਨ ਪਾਉਣ ਲਈ ਬੇਚੈਨ ਭਾਰਤ ਵਾਸੀਆਂ ਵਿਚ ਇਕ ਪ੍ਰਵਾਸੀ ਦੇ ਆਉਣ ਦੀ ਖ਼ਬਰ ਫੈਲ ਗਈ। ਦੱਖਣ ਅਫ਼ਰੀਕਾ ਵਿਚ ਭਾਰਤ ਵਾਸੀਆਂ ਨਾਲ ਹੋ ਰਹੇ ਨਸਲੀ ਭੇਦਭਾਵ ਖ਼ਿਲਾਫ਼ ਇਹ ਬੀਜ ਸੀ ਜੋ ਬਾਅਦ ਵਿਚ 7 ਜੂਨ 1893 ਨੂੰ ਪੀਟਰਮੇਰੀਟਜ ਰੇਲਵੇ ਸਟੇਸ਼ਨ 'ਤੇ ਫੁਟਿਆ ਜੋ ਇਤਿਹਾਸ ਦਾ ਇਕ ਅਮਿਟ ਪੰਨਾ ਬਣ ਚੁੱਕਾ ਹੈ। ਮੋਹਨਦਾਸ ਇਕ ਮੁਕੱਦਮੇ ਲਈ ਪ੍ਰੀਟੋਰੀਆ ਜਾਣ ਲਈ ਇਸ ਰੇਲਵੇ ਸਟੇਸ਼ਨ ਤੋਂ ਇਕ ਰੇਲ ਗੱਡੀ 'ਤੇ ਬੈਠਣ ਲੱਗੇ, ਪਹਿਲੀ ਸ਼੍ਰੇਣੀ ਦਾ ਟਿਕਟ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਤੀਜੀ ਸ਼੍ਰੇਣੀ ਦੇ ਡੱਬੇ ਵਿਚ ਜਾਣ ਨੂੰ ਕਿਹਾ ਗਿਆ। ਜਦ ਉਨ੍ਹਾਂ ਨੇ ਇਨਕਾਰ ਕੀਤਾ ਤਾਂ ਉਨ੍ਹਾਂ ਨੂੰ ਗੱਡੀ ਤੋਂ ਬਾਹਰ ਸੁੱਟ ਦਿਤਾ ਗਿਆ। ਸਰਦ ਰਾਤ ਵਿਚ ਰਾਤ ਭਰ ਉਹ ਸਟੇਸ਼ਨ 'ਤੇ ਇਸ ਨਸਲੀ ਭੇਦਭਾਵ ਬਾਰੇ ਸੋਚਦੇ ਰਹੇ, ਕੀ ਕਰਾਂ ਵਾਪਸ ਜਾਵਾਂ, ਇਥੇ ਰਹਿ ਕਿ ਇਸ ਦਾ ਮੁਕਾਬਲਾ ਕਰਾਂ? ਅੱਜ ਵੀ ਇਸ ਸਟੇਸ਼ਨ 'ਤੇ ਇਕ ਪਲੇਟ ਲੱਗੀ ਹੋਈ ਹੈ। ਜਿਸ

ਉਤੇ ਲਿਖਿਆ ਹੈ ਇਸੇ ਜਗ੍ਹਾ ਕੋਲ 7 ਜੂਨ 1893 ਨੂੰ ਐਮ ਕੇ ਗਾਂਧੀ ਨੂੰ ਰੇਲ ਗੱਡੀ ਦੇ ਪਹਿਲੇ ਸ਼੍ਰੇਣੀ ਦੇ ਡੱਬੇ ਤੋਂ ਉਤਾਰ ਦਿਤਾ ਗਿਆ ਸੀ।

ਇਕ ਸਾਲ ਬਾਅਦ 1894 ਵਿਚ ਆਪਸੀ ਸੁਲਾਹ ਨਾਲ ਉਨ੍ਹਾਂ ਦੇ ਮੁਵੱਕਲ ਅਬਦੁੱਲਾ ਦੇ ਪੱਖ ਵਿਚ ਅਦਾਲਤੀ ਫ਼ੈਸਲਾ ਹੋ ਗਿਆ, ਗਾਂਧੀ ਨੇ ਵੀ ਕੰਮ ਪੂਰਾ ਹੋਣ 'ਤੇ ਸਵਦੇਸ਼ ਮੁੜਨ ਦਾ ਮਨ ਬਣਾ ਲਿਆ। ਅਬਦੁੱਲਾ ਨੇ ਜਾਣ ਤੋਂ ਪਹਿਲਾਂ ਉਨ੍ਹਾਂ ਦੇ ਸਨਮਾਨ ਵਿਚ ਇਕ ਵਿਦਾਈ ਦਾਵਤ ਦਿਤੀ ਪਰ ਉਸ ਦਾਵਤ ਵਿਚ ਦੇਸ਼ ਦੀ ਨੈਸ਼ਨਲ ਅਸੈਂਬਲੀ ਵਿਚ ਪੇਸ਼ ਕੀਤੇ ਜਾਣ ਵਾਲਾ ਉਹ ਬਿੱਲ ਛਾਇਆ ਰਿਹਾ ਜਿਸ ਵਿਚ ਭਾਰਤੀਆਂ ਨੂੰ ਮਤਦਾਤਾ ਸੂਚੀ ਤੋਂ ਹਟਾਉਣ ਦੀ ਵਿਵਸਥਾ ਸੀ। ਦਾਵਤ ਵਿਚ ਮੌਜੂਦ ਕੁਝ ਭਾਰਤ ਵਾਸੀਆਂ ਨੇ ਗਾਂਧੀ ਜੀ ਨੂੰ ਪ੍ਰਾਰਥਨਾ ਕੀਤੀ ਕਿ ਉਹ ਉਨ੍ਹਾਂ ਤਰਫ਼ੋਂ ਇਸ ਫ਼ੈਸਲੇ ਖ਼ਿਲਾਫ਼ ਮੁਕੱਦਮਾ ਲੜਨ। ਗਾਂਧੀ ਜੀ ਨੇ ਲਿਖਿਆ, ਇਹ ਵਿਦਾਈ ਬੋਝ ਇਕ ਕਾਰਜਕਾਰਨੀ ਮੀਟਿੰਗ ਬਣ ਗਈ। ਈਸ਼ਵਰ ਨੇ ਦੱਖਣੀ ਅਫ਼ਰੀਕਾ ਵਿਚ ਮੇਰੇ ਜੀਵਨ ਦੀ ਬੁਨਿਆਦ ਰੱਖ ਦਿਤੀ ਸੀ ਅਤੇ ਰਾਸ਼ਟਰੀ ਸਵੈ ਸਨਮਾਨ ਦਾ ਬੀ ਬੀਜ ਦਿਤਾ ਸੀ। ਰਾਤ ਭਰ ਬੈਠੇ ਉਨ੍ਹਾਂ ਨੇ ਉਸ ਕਾਨੂੰਨ ਖ਼ਿਲਾਫ਼ ਅਪੀਲ ਤਿਆਰ ਕੀਤੀ। ਮਹੀਨੇ ਭਰ ਦੇ ਅੰਦਰ ਲਗਭਗ 10,000 ਭਾਰਤ ਵਾਸੀਆਂ ਨੇ ਉਸ ਅਪੀਲ 'ਤੇ ਦਸਤਖ਼ਤ ਕਰ ਦਿਤੇ। ਅਪੀਲ ਤੋਂ ਬਾਅਦ ਉਥੋਂ ਦੇ ਬਸਤੀਵਾਦੀ ਸਕੱਤਰ ਲਾਰਡ ਰਿਪਨ ਨੇ ਹਾਲਾਂਕਿ ਉਸ ਵਕਤ ਉਸ ਫ਼ੈਸਲੇ ਨੂੰ ਅਮਲ 'ਤੇ ਅਸਥਾਈ ਤੌਰ ਤੇ ਰੋਕ ਦਿਤਾ, ਪਰ 1896 ਵਿਚ ਸਰਕਾਰ ਨੇ ਇਕ ਕਾਨੂੰਨ ਪਾਸ ਕਰ ਕੇ ਗ਼ੈਰ ਯੂਰਪੀ ਮੂਲ ਦੇ ਲੋਕਾਂ ਦੇ ਵੋਟ ਦੇਣ 'ਤੇ ਪਾਬੰਦੀ ਲਗਾ ਦਿਤੀ। ਗਾਂਧੀ ਨੂੰ ਲੱਗਾ ਕਿ ਇਹ ਲੜਾਈ ਲੰਬੀ ਹੋਵੇਗੀ। ਉਸ ਰਾਤ ਵਿਦਾਈ ਭੋਜ ਵਿਚ ਸ਼ਾਮਿਲ ਕੁਝ ਲੋਕਾਂ ਨਾਲ ਉਨ੍ਹਾਂ ਨਟਾਲ ਇੰਡੀਅਨ ਕਾਂਗਰਸ ਬਣਾਈ, ਜਿਸ ਵਿਚ 1893 ਤੋਂ 1906 ਦੌਰਾਨ ਸਤਿਯਾਗ੍ਰਹਿ ਅੰਦੋਲਨਾਂ ਵਿਚ ਅਹਿਮ ਭੂਮਿਕਾ ਨਿਭਾਈ। ਭਾਰਤ ਵਾਸੀਆਂ ਦੇ ਹਿੱਤਾਂ ਨੂੰ ਲੈ ਕੇ ਕੀਤੇ ਜਾ ਰਹੇ ਸੰਘਰਸ਼ ਨਿਰੰਤਰ ਵਧਦੇ ਪ੍ਰਭਾਵ ਅਤੇ ਖ਼ਾਸ ਤੌਰ ਤੇ ਅਹਿੰਸਕ ਅੰਦੋਲਨ ਸ਼ੈਲੀ ਤੋਂ ਗੋਰੀ ਸਰਕਾਰ ਘਬਰਾਉਣ ਲੱਗੀ ਸੀ। ਆਖ਼ਿਰਕਾਰ ਗਾਂਧੀ ਨੇ ਆਪਣਾ ਪੜਾਅ ਜਾਹਨਸਬਰਗ ਬਣਾਉਣ ਦਾ ਫ਼ੈਸਲਾ ਕੀਤਾ। ਸਾਲ 1896 ਵਿਚ ਕੁਝ ਸਮੇਂ ਲਈ ਗਾਂਧੀ ਸਵਦੇਸ਼ ਆਏ ਅਤੇ ਉਨ੍ਹਾਂ ਨੇ ਦੱਖਣੀ ਅਫ਼ਰੀਕਾ ਵਿਚ ਭਾਰਤ ਵਾਸੀਆਂ ਦੀ ਬਦਹਾਲੀ ਅਤੇ ਉਨ੍ਹਾਂ ਨਾਲ ਹੋਣ ਵਾਲੇ ਨਸਲੀ ਭੇਦਭਾਵ ਬਾਰੇ ਭਾਸ਼ਨ ਦਿਤੇ। ਵਾਪਸੀ ਵਿਚ ਆਪਣੇ ਪਰਿਵਾਰ; ਪਤਨੀ ਕਸਤੂਰਬਾ ਅਤੇ ਦੋਵਾਂ ਪੁੱਤਰਾਂ ਨਾਲ ਵਾਪਸ ਮੁੜਨ ਤਕ ਗੋਰੀ ਸਰਕਾਰ ਦੀ ਉਨ੍ਹਾਂ ਨੂੰ ਲੈ ਕੇ ਦਹਿਸ਼ਤ ਹੋਰ ਵਧ ਚੁੱਕੀ ਸੀ।

17 ਅਕਤੂਬਰ 1899 ਵਿਚ ਦੱਖਣੀ ਅਫ਼ਰੀਕਾ ਯੁਧ ਤੋਂ ਬਾਅਦ ਉਨ੍ਹਾਂ ਨੇ ਕੁਝ ਭਾਰਤ ਵਾਸੀਆਂ ਨੂੰ ਉਨ੍ਹਾਂ ਦੀ ਸਹਿਮਤੀ ਦੇ ਬਾਵਜੂਦ ਐਂਬੂਲੈਂਸ ਕੋਰ ਬਣਾਉਣ ਲਈ ਮਨਾਇਆ ਤਾਂ ਕਿ ਸਹੀ ਢੰਗ ਨਾਲ ਗੋਰੀ ਸਰਕਾਰ ਉਨ੍ਹਾਂ ਸਭ ਦੇ ਖ਼ਿਲਾਫ਼ ਨਸਲੀ ਭੇਦ ਘੱਟ ਕਰ ਸਕੇ। ਨਿੱਤ ਨਵੀਆਂ-ਨਵੀਆਂ ਭੂਮਿਕਾਵਾਂ ਉਨ੍ਹਾਂ ਨਾਲ ਜੁੜ ਰਹੀਆਂ ਸਨ। ਇਸੇ ਦੌਰਾਨ ਉਨ੍ਹਾਂ ਨੇ *ਇੰਡੀਅਨ ਓਪੀਨੀਅਨ* ਪ੍ਰਕਾਸ਼ਨ ਕੱਢਿਆ ਜਿਸ ਨੇ ਉਥੇ ਭਾਰਤ ਵਾਸੀਆਂ ਨੂੰ ਜ਼ਬਾਨ ਦਿਤੀ। ਗਾਂਧੀ ਜੀ ਨੇ ਕਿਹਾ ਵੀ ਕਿ ਇਸ ਪ੍ਰਕਾਸ਼ਨ ਬਿਨਾਂ ਸਤਿਯਾਗ੍ਰਹਿ ਸੰਭਵ ਨਹੀਂ ਸੀ। 30 ਮਈ 1910 ਨੂੰ ਟਾਲਸਟਾਏ ਫਾਰਮ ਉਨ੍ਹਾਂ ਦੇ ਮਿੱਤਰ ਹਰਮਨ ਕਲੇਂਬਸ਼ ਨੇ ਸਤਿਯਾਗ੍ਰਹਿ ਲਈ ਦਾਨ ਵਿਚ ਦੇ ਦਿਤਾ ਜਿਥੇ ਗਾਂਧੀ ਜੀ ਨੇ ਸਾਰਾ ਕੰਮ ਖੁਦ ਕਰਨਾ ਸ਼ੁਰੂ ਕੀਤਾ ਅਤੇ ਦੂਜਿਆਂ ਨੂੰ ਵੀ ਇਹੋ ਕਰਨ ਨੂੰ ਕਿਹਾ। ਉਹ ਸੋਚ ਰਹੇ ਸੀ ਕਿ ਆਪਣੇ ਹੱਥ ਨਾਲ ਆਪਣਾ ਕੰਮ ਕਰਨ ਵਿਚ ਗੌਰਵ ਪਾਉਣ ਦਾ ਅਹਿਸਾਸ ਮੈਨੂੰ ਇਥੋਂ ਮਿਲਿਆ। ਇਕ ਤੋਂ ਬਾਅਦ ਇਕ ਗੋਰੀ ਸਰਕਾਰ ਦੇ ਕਾਲੇ ਕਾਨੂੰਨ ਆ ਰਹੇ ਸਨ। ਗਾਂਧੀ ਜੀ ਦੀ ਅਗਵਾਈ ਵਿਚ ਭਾਰਤ ਵਾਸੀਆਂ ਵਿਚ ਵਧਦਾ ਲੋਕ-ਰੋਹ ਸਤਿਯਾਗ੍ਰਹਿ ਦੀ ਸ਼ਕਲ ਲੈ ਚੁੱਕਾ ਸੀ। 11 ਸਤੰਬਰ 1906 ਜਾਹਨਸਬਰਗ ਵਿਚ ਹੋਈ ਇਕ ਸਭਾ ਸਤਿਯਾਗ੍ਰਹਿ ਲਹਿਰ ਮੰਨੀ ਗਈ ਅਤੇ ਇਸ ਤਰ੍ਹਾਂ ਦੀਆਂ ਸਭਾਵਾਂ ਵਿਚ ਹਿੱਸਾ ਲੈਣ ਵਾਲੇ ਭਾਰਤ ਵਾਸੀਆਂ ਨੂੰ ਸਤਿਯਾਗ੍ਰਹੀ ਆਖਿਆ ਗਿਆ। ਸਾਲ 1914 ਵਿਚ ਭਾਰਤ ਮੁੜਨ ਤੋਂ ਪਹਿਲਾਂ ਗਾਂਧੀ ਜੀ ਨੇ ਸਤਿਯਾਗ੍ਰਹਿ ਨੂੰ ਧਰਤੀ ਦਾ ਸੰਭਾਵੀ : ਸਭ ਤੋਂ ਸ਼ਕਤੀਸ਼ਾਲੀ ਹਥਿਆਰ ਮੰਨਿਆ ਅਤੇ ਭਾਰਤ ਦੀ ਆਜ਼ਾਦੀ ਸੰਘਰਸ਼ ਨੇ ਇਹ ਸਾਬਤ ਵੀ ਕਰ ਦਿਤਾ। ਸਤਿਯਾਗ੍ਰਹਿ ਦੌਰਾਨ ਸਾਲ 1908 ਤੋਂ 1913 ਤਕ ਉਨ੍ਹਾਂ ਨੂੰ ਚਾਰ ਵਾਰ ਜੇਲ੍ਹ ਵੀ ਜਾਣਾ ਪਿਆ। ਕਸਤੂਰਬਾ ਨੂੰ ਵੀ ਜੇਲ੍ਹ ਹੋਈ ਅਤੇ ਉਨ੍ਹਾਂ ਨੂੰ ਉਥੇ 7 ਮਹੀਨੇ 10 ਦਿਨ ਦੀ ਕੈਦ ਕੱਟਣੀ ਪਈ, ਪਰ ਇਸੇ ਸਤਿਯਾਗ੍ਰਹਿ ਨੇ ਉਥੋਂ ਦੇ ਪ੍ਰਸ਼ਾਸਨ ਦੀ ਚੂਲ ਹਿਲਾ ਦਿਤੀ। ਲੋਕ ਰਾਤਾਂ ਖੁੱਲ੍ਹੇ ਆਸਮਾਨ ਥੱਲੇ ਖੁੱਲ੍ਹੀ ਜੇਲ੍ਹ ਵਿਚ ਸਤਿਯਾਗ੍ਰਹਿ ਕਰਦੇ ਹੋਏ ਕੱਟਦੇ, ਸਤਿਯਾਗ੍ਰਹਿ ਦਾ ਸਿਲਸਿਲਾ ਜਾਰੀ ਸੀ। ਕੋਲਾ ਮਜ਼ਦੂਰਾਂ, ਗੰਨੇ ਦੇ ਖੇਤਾਂ ਵਿਚ ਕੰਮ ਕਰ ਰਹੇ ਮਜ਼ਦੂਰਾਂ, ਗੰਨੇ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਕਾਰੀਗਰਾਂ ਦੀ ਗਾਂਧੀ ਦੀ ਅਗਵਾਈ ਵਿਚ ਸਤਿਯਾਗ੍ਰਹਿ ਨਾਲ ਪ੍ਰਦਰਸ਼ਨ ਜਾਰੀ ਸੀ। ਸਾਲ 1913 ਵਿਚ ਗਾਂਧੀ ਜੀ ਨੇ 2000 ਭਾਰਤੀ ਕੋਲਾ ਖਾਣ ਮਜ਼ਦੂਰਾਂ ਅਤੇ ਗੰਨੇ ਦੇ ਖੇਤਾਂ ਵਿਚ ਕੰਮ ਕਰ ਰਹੇ ਮਜ਼ਦੂਰਾਂ ਵਲੋਂ ਕੀਤੇ ਜਾ ਰਹੇ ਮਾਰਚ ਦੀ ਅਗਵਾਈ ਕੀਤੀ। ਆਖ਼ਿਰਕਾਰ 30 ਜੂਨ 1914 ਨੂੰ ਗਾਂਧੀ ਜੀ ਤੇ ਉਸ ਵੇਲੇ ਬਸਤੀਵਾਦੀ ਸਕੱਤਰ ਜਨਰਲ ਸਮੁਟਸ ਵਿਚਾਲੇ ਇਕ ਸਮਝੌਤਾ ਹੋਇਆ ਜਿਸ ਤਹਿਤ ਭਾਰਤੀਆਂ ਖ਼ਿਲਾਫ਼ ਲੱਗੀਆਂ ਪਾਬੰਦੀਆਂ ਨੂੰ ਕੁਝ ਢਿੱਲਾ ਕੀਤਾ ਗਿਆ ਅਤੇ ਉਸ ਦੇ ਬਦਲੇ ਗਾਂਧੀ ਜੀ ਨੇ ਸਤਿਯਾਗ੍ਰਹਿ ਅੰਦੋਲਨ ਵਾਪਸ ਲੈ ਲਿਆ, ਭਾਰਤ ਵਾਸੀਆਂ ਲਈ ਹਾਲਾਤ ਕੁਝ ਬੇਹਤਰ ਬਣਾਉਣ ਦੀ ਤਸੱਲੀ ਨਾਲ ਗਾਂਧੀ ਜੀ ਨੇ ਸਵਦੇਸ਼ ਮੁੜਨ ਦਾ ਫੈਸਲਾ ਕੀਤਾ ... 09 ਜਨਵਰੀ 1914 ਨੂੰ ਦੱਖਣੀ ਅਫ਼ਰੀਕਾ ਦੇ ਆਪਣੇ ਅਨੁਭਵਾਂ ਨੂੰ ਸੰਜੋਏ ਉਹ ਹੁਣ ਸਵਦੇਸ਼ ਮੁੜ ਰਹੇ ਹਨ ... ਯਾਦਾਂ ਵਿਚ ਡੁੱਬਦੇ-ਤਰਦੇ ਹੁਣ ਉਨ੍ਹਾਂ ਦਾ ਸਮੁੰਦਰ ਵਾਂਗ ਮਨ ਵੀ ਸ਼ਾਂਤ ਹੋਣ ਲੱਗਾ ਹੈ, ਨਾਗਰਿਕਾਂ ਦਾ ਸ਼ੋਰ ਅਤੇ ਨਾਅਰੇਬਾਜ਼ੀ ਵਧਦੀ ਜਾ ਰਹੀ ਸੀ, ਗਾਂਧੀ ਦੇ ਮੁੱਖ ਉੱਤੇ ਦੁਵਿਧਾ ਅਤੇ ਪ੍ਰੇਸ਼ਾਨੀ ਦੀਆਂ ਲਕੀਰਾਂ ਮਿਟਣ ਲੱਗੀਆਂ ਹਨ, ਇਕ ਉਜਲੀ ਜੇਹੀ ਰਾਹ ਸਾਫ਼ ਨਜ਼ਰ ਆਉਣ ਲੱਗੀ ਹੈ, ਇਕ ਨਵਾਂ ਵਿਸ਼ਵਾਸ ਚਿਹਰੇ 'ਤੇ ਚਮਕਣ ਲੱਗਾ ਹੈ, ਅਤੇ ਫਿਰ ਸਤਿਯਾਗ੍ਰਹਿ ਅਤੇ ਅਹਿੰਸਾ ਦਾ ਸਭ ਤੋਂ ਵੱਡਾ ਸਹਾਰਾ ਤਾਂ ਹੁਣ ਨਾਲ ਹੈ ਹੀ ਅਤੇ ਨਾਲ ਹੈ ਕਰੋੜਾਂ ਆਪਣਿਆਂ ਦਾ ਭਰੋਸਾ ਅਤੇ ਆਜ਼ਾਦੀ ਦੀ ਖੁੱਲ੍ਹੀ ਹਵਾ ਵਿਚ ਸਾਹ ਲੈਣ ਦੀ ਉਨ੍ਹਾਂ ਦੀ ਇੱਛਾ, ਜਹਾਜ਼ ਤਟ ਨੂੰ ਛੂਹ ਰਿਹਾ ਸੀ, ਅਚਾਨਕ ਦੇਸ਼ ਵਿਚ ਵਾਪਸ ਆ ਕੇ ਸਭ ਕੁਝ ਕਿੰਨਾ ਚੰਗਾ ਲੱਗ ਰਿਹਾ ਹੈ, ਇਹ ਸੋਚ ਰਹੇ ਹਨ ਗਾਂਧੀ ਜੀ ਹੁਣ ...।

ਪੀ.ਆਈ.ਬੀ. ਜਲੰਧਰ।